# PUNJAB VIDHAN SABHA
# DEBATES

Thursday, the 28th June, 2012

**Vol. II - No. 7**

**OFFICIAL REPORT**

## CONTENTS


| | **Page** |
|---|---|
| Starred Questions and Answers | (7) 1 |
| Written Answers to Starred Questions Laid on the Table of the House under Rule 38 | (7) 34 |
| Unstarred Questions and Answers | (7) 36 |
| Statement by the Chief Minister regarding holding of enquiry into the vendetta cases | (7) 52 |
| Matters Raised During Zero Hour | (7) 82 |
| Call Attention Notice under Rule 66 | (7) 85 |
| Papers Laid on the Table of the House | (7) 86 |
| Reconsideration of Resolution Reg. Recommendation to the State Government to take up the matter with the Central Government for taking immediate necessary steps to find a solution to the serious problem of storage and movement of food grains in the State | (7) 87 |
| Resolution Reg: Recommending to the State Government to take effective steps to control the stray dogs population in the State. | (7) 123 |
| Appendix | (i) |


---


**Punjab Vidhan Sabha Secretariat, Chandigarh**

Price : Rs. __________.



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Thursday, the 28th June, 2012*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.*

---

## STARRED QUESTIONS AND ANSWERS

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ। ਜਸਟਿਸ ਨਿਰਮਲ ਸਿੰਘ।

### ਰਜਿਸਟਰਡ ਟੈਕਸੀਆਂ ਦੀ ਗਿਣਤੀ

***342. ਜਸਟਿਸ ਨਿਰਮਲ ਸਿੰਘ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪੰਜਾਬ ਰਾਜ ਵਿੱਚ ਟੈਕਸੀ ਸਟੈਂਡ ਰਜਿਸਟਰਡ ਹਨ; ਜੇਕਰ ਹਨ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਜੇ ਨਹੀਂ ਤਾਂ ਕੀ ਇਨ੍ਹਾਂ ਟੈਕਸੀ ਸਟੈਂਡਾਂ ਨੂੰ ਰਜਿਸਟਰਡ ਕਰਨ ਲਈ ਸਰਕਾਰ ਦੀ ਕੋਈ ਨੀਤੀ ਹੈ;

(ਅ) ਪੰਜਾਬ ਰਾਜ ਵਿੱਚ ਰਜਿਸਟਰਡ ਟੈਕਸੀਆਂ ਦੀ ਗਿਣਤੀ ਕਿੰਨੀ ਹੈ ਅਤੇ ਕੀ ਪ੍ਰਾਈਵੇਟ ਨੰਬਰਾਂ ਉੱਤੇ ਚੱਲ ਰਹੀਆਂ ਟੈਕਸੀਆਂ ਨੂੰ ਰੋਕਣ ਲਈ ਸਰਕਾਰ ਦੀ ਕੋਈ ਕਾਰਗਰ ਨੀਤੀ ਹੈ;

(ੲ) ਕੀ ਪੰਜਾਬ ਰਾਜ ਵਿੱਚ ਦੂਜੇ ਰਾਜਾਂ ਤੋਂ ਦਾਖਲ ਹੋਣ ਵਾਲੇ ਨਿੱਜੀ ਅਤੇ ਕਮਰਸ਼ੀਅਲ ਵਾਹਨਾਂ ਲਈ ਦੂਸਰੇ ਰਾਜਾਂ ਵਾਂਗ ਕੋਈ ਐਂਟਰੀ ਫੀਸ/ ਵਾਤਾਵਰਣ ਸੈੱਸ ਲਗਾਉਣ ਸਬੰਧੀ ਕੋਈ ਨੀਤੀ ਹੈ ?

**ਸਰਦਾਰ ਅਜੀਤ ਸਿੰਘ ਕੋਹਾੜ:** (ੳ) ਨਹੀਂ ਜੀ। ਮੋਟਰ ਗੱਡੀ ਐਕਟ, 1988 ਅਤੇ ਨਿਯਮਾਂ ਅਧੀਨ ਕੋਈ ਉਪਬੰਧ ਨਹੀਂ ਹੈ ਜਿਨ੍ਹਾਂ ਅਧੀਨ ਟੈਕਸੀ ਸਟੈਂਡ ਰਜਿਸਟਰਡ ਕੀਤੇ ਜਾਣੇ ਹੋਣ ਪਰੰਤੂ ਮੋਟਰ ਗੱਡੀ ਐਕਟ, 1988 ਦੀ ਧਾਰਾ 117, 138 ਅਧੀਨ ਬਣਾਏ ਗਏ ਪੰਜਾਬ ਮੋਟਰ ਗੱਡੀ ਨਿਯਮਾਵਲੀ, 1989 ਦੇ ਨਿਯਮ 196 ਅਤੇ 197 ਅਧੀਨ ਜ਼ਿਲ੍ਹਾ ਮੈਜਿਸਟਰੇਟ ਨੂੰ ਪੁਲਿਸ ਸੁਪਰੰਡਟ ਅਤੇ ਲੋਕਲ ਅਥਾਰਟੀ ਦੀ ਸਹਿਮਤੀ ਨਾਲ ਪਾਰਕਿੰਗ ਪਲੇਸ ਅਤੇ ਟੈਕਸੀ ਸਟੈਂਡ ਨਿਰਧਾਰਤ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ।

Original with;
Punjab Vidhan Sabha
Digitized by;
Panjab Digital Library

**[ਟਰਾਂਸਪੋਰਟ ਮੰਤਰੀ]**

(ਅ) ਪੰਜਾਬ ਰਾਜ ਵਿੱਚ 22240 ਟੈਕਸੀਆਂ ਰਜਿਸਟਰਡ ਹਨ। ਪ੍ਰਾਈਵੇਟ ਨੰਬਰ ਉੱਤੇ ਚਲ ਰਹੀਆਂ ਟੈਕਸੀਆਂ ਨੂੰ ਰੋਕਣ ਲਈ ਸਮੇਂ ਸਮੇਂ ਸਿਰ ਟਰਾਂਸਪੋਰਟ ਵਿਭਾਗ ਦੇ ਇਨਫੋਰਸਮੈਂਟ ਅਧਿਕਾਰੀਆਂ ਵਲੋਂ ਟਰੈਫਿਕ ਚੈਕਿੰਗ ਕੀਤੀ ਜਾਂਦੀ ਹੈ ਅਤੇ ਟਰੈਫਿਕ ਚੈਕਿੰਗ ਦੌਰਾਨ ਜੋ ਪ੍ਰਾਈਵੇਟ ਨੰਬਰ ਵਾਲੀ ਗੱਡੀ ਬਤੌਰ ਟੈਕਸੀ ਚਲਦੀ ਫੜੀ ਜਾਂਦੀ ਹੈ ਤਾਂ ਉਸ ਵਿਰੁੱਧ ਮੋਟਰ ਗੱਡੀ ਐਕਟ, 1988 ਦੀ ਧਾਰਾ 192-ਏ ਅਤੇ ਪੰਜਾਬ ਮੋਟਰ ਗੱਡੀ ਟੈਕਸ਼ੇਸਨ ਐਕਟ, 1924 (ਸੋਧਿਆ 2007) ਦੀ ਧਾਰਾ 14-ਬੀ ਅਧੀਨ ਕਾਰਵਾਈ ਕੀਤੀ ਜਾਂਦੀ ਹੈ।

(ੲ) ਨਹੀਂ ਜੀ। ਪੰਜਾਬ ਰਾਜ ਵਿੱਚ ਦੂਜੇ ਰਾਜਾਂ ਤੋਂ ਦਾਖਲ ਹੋਣ ਵਾਲੇ ਨਿੱਜੀ ਅਤੇ ਕਮਰਸ਼ੀਅਲ ਵਾਹਨਾਂ ਤੇ ਐਂਟਰੀ ਟੈਕਸ/ਸੈੱਸ ਲਗਾਉਣ ਦੀ ਹਾਲ ਦੀ ਘੜੀ ਟਰਾਂਸਪੋਰਟ ਵਿਭਾਗ ਦੀ ਕੋਈ ਤਜਵੀਜ਼ ਨਹੀਂ ਹੈ।

**ਜਸਟਿਸ ਨਿਰਮਲ ਸਿੰਘ:** ਸਪੀਕਰ ਸਾਹਿਬ, ਪੰਜਾਬ ਦੇ ਹਰ ਸ਼ਹਿਰ, ਹਰ ਕਸਬੇ ਵਿੱਚ ਟੈਕਸੀ ਸਟੈਂਡ ਬਣੇ ਹਨ। ਉਨ੍ਹਾਂ ਟੈਕਸੀ ਸਟੈਂਡਾਂ ਦੇ ਨਾਂ ਦਿੱਤੇ ਜਾ ਰਹੇ ਹਨ ਦਸ਼ਮੇਸ ਟੈਕਸੀ ਸਟੈਂਡ, ਗੁਰੂ ਤੇਗ ਬਹਾਦਰ ਟੈਕਸੀ ਸਟੈਂਡ, ਭਗਤ ਸਿੰਘ ਟੈਕਸੀ ਸਟੈਂਡ ਪਰ ਉਹ ਸਾਰੇ ਦੇ ਸਾਰੇ ਪਬਲਿਕ ਪਲੇਸ ਤੇ ਬਣੇ ਹੋਏ ਹਨ। ਕਿਸੇ ਵੀ ਡਿਪਟੀ ਕਮਿਸ਼ਨਰ ਨੇ ਪਰਮਿਸ਼ਨ ਨਹੀਂ ਦਿੱਤੀ, ਇਲਲੀਗਲੀ ਉਹ ਸਾਰੇ ਦੇ ਸਾਰੇ ਟੈਕਸੀ ਸਟੈਂਡ ਚੱਲ ਰਹੇ ਹਨ। ਉਹ ਟੈਕਸੀ ਸਟੈਂਡਜ ਵਿੱਚ ਜਿਹੜੇ ਟੈਕਸੀ ਆਪਰੇਟਰਜ਼ ਹਨ, ਉਨ੍ਹਾਂ ਦੀ ਐਕਸਪਲਾਇਟੇਸ਼ਨ ਹੁੰਦੀ ਹੈ। ਜਦੋਂ ਵੀ ਕਿਸੇ ਅਫ਼ਸਰ ਨੂੰ ਕਿਸੇ ਟੈਕਸੀ ਦੀ ਲੋੜ ਹੁੰਦੀ ਹੈ, ਉਹ ਬਿਨਾਂ ਪੇਮੈਂਟ ਤੋਂ ਟੈਕਸੀ ਕਾਲ ਕਰ ਲੈਂਦੇ ਹਨ, ਭਾਵੇਂ ਉਹ ਅਫ਼ਸਰ ਹੈ, ਭਾਵੇਂ ਡੀ.ਟੀ.ਓ ਦਾ ਦਫ਼ਤਰ ਹੈ, ਭਾਵੇਂ ਡੀ. ਸੀ. ਦਾ ਦਫ਼ਤਰ ਹੈ, ਦੂਸਰਾ ਜਿਹੜੇ ਟੈਕਸੀ ਪੁਲਿਸ ਸਟੈਂਡ ਵਾਲੇ ਹਨ, ਪ੍ਰਧਾਨ ਹਨ, ਉਹ ਜਿਹੜੇ ਨਵੇਂ ਅਪਰੇਟਰ ਆਉਂਦੇ ਹਨ, ਉਨ੍ਹਾਂ ਨੂੰ ਐਕਸਪਲਾਇਟ ਕਰਦੇ ਹਨ। ਉਨ੍ਹਾਂ ਦੀ ਕੋਈ ਰਜਿਸਟ੍ਰੇਸ਼ਨ ਨਹੀਂ ਔਰ ਜਿਹੜਾ ਕੋਈ ਨਵਾਂ ਆਦਮੀ ਲੀਗਲੀ ਕੰਮ ਕਰਨਾ ਚਾਹੁੰਦਾ ਹੈ, ਉਸ ਤੋਂ 25 ਹਜ਼ਾਰ ਤੋਂ ਲੈ ਕੇ 50 ਹਜ਼ਾਰ ਤੱਕ ਐਡਮਿਸ਼ਨ ਫੀਸ ਮੰਗਦੇ ਹਨ। ਪਰਚੀ ਕੱਟਦੇ ਹਨ।

**ਮਾਨਯੋਗ ਸਪੀਕਰ:** ਆਪਾਂ ਕੀ ਚਾਹੁੰਦੇ ਹਾਂ। ਤੁਸੀਂ ਸਪਲੀਮੈਂਟਰੀ ਕਰੋ।

**ਜਸਟਿਸ ਨਿਰਮਲ ਸਿੰਘ:** ਮੈਂ ਮੰਤਰੀ ਸਾਹਿਬ ਦੇ ਜਵਾਬ ਨਾਲ ਸੈਟਿਸਫਾਈ ਨਹੀਂ। ਇਹ ਕਹਿੰਦੇ ਹਨ ਕਿ ਇਸ ਐਕਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਮੈਂ ਐਕਟ ਲੈ ਕੇ ਆਇਆ ਹਾਂ। ਮੈਂ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਤੁਸੀਂ ਧਿਆਨ ਵਿੱਚ ਨਹੀਂ ਲਿਆਉਣਾ ਜੀ, ਤੁਸੀਂ ਪੁੱਛੋ ਜੋ ਪੁੱਛਣਾ ਹੈ।

**ਜਸਟਿਸ ਨਿਰਮਲ ਸਿੰਘ:** ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੈਕਸ਼ਨ 138, Power of the State Government to make the Rules. It's Sub. Clause 2(e)

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ ਜਿਹੜਾ ਪੁੱਛਣਾ ਹੈ।

**Justice Nirmal Singh:** Sir, I am coming to the question.

**Mr. Speaker:** Come to the point, ਨਹੀਂ ਜੀ। ਤੁਸੀਂ ਸਵਾਲ ਪੁੱਛੋ ਜਿਹੜਾ ਪੁੱਛਣਾ ਹੈ।

**ਜਸਟਿਸ ਨਿਰਮਲ ਸਿੰਘ:** ਸਰ, ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਇਸ ਵਿੱਚ ਲਿਖਿਆ ਹੈ ਕਿ the maintenance or management of the parking place and the fee if any, which may be charged for this use. ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਕੋਈ ਪ੍ਰੋਵੀਜ਼ਨ ਨਹੀਂ ਹੈ। ਰੂਲਜ਼ ਸਰਕਾਰ ਨੇ ਬਣਾਉਣੇ ਹਨ। ਜਦੋਂ ਪ੍ਰੋਵੀਜ਼ਨ ਹੈ, ਫਿਰ ਇਹ ਟੈਕਸੀ ਸਟੈਂਡਜ਼ ਨੂੰ ਰਜਿਸਟਰਡ ਕਿਉਂ ਨਹੀਂ ਕਰਦੇ? ਇਹ ਮੈਂ ਪੁੱਛਣਾ ਚਾਹੁੰਦਾ ਹਾਂ। ਇਨ੍ਹਾਂ ਨੇ ਜਵਾਬ ਇਹ ਦਿੱਤਾ ਹੈ ਕਿ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਪੁਲਿਸ ਸੁਪਰਡੰਟ ਲੋਕਲ ਅਥਾਰਟੀ ਨਾਲ ਸਲਾਹ ਕਰਕੇ ਉਨ੍ਹਾਂ ਨੂੰ ਜਗ੍ਹਾ ਦੇਣਗੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 117 ਦੀ ਕੰਪਲਾਇੰਸ ਇਹ ਕਿਸ ਪ੍ਰੋਵੀਜ਼ਨ ਵਿੱਚ ਕਰਨਾ ਚਾਹੁੰਦੇ ਹਨ ਜਦੋਂ ਕਿ ਸੈਕਸ਼ਨ 138 ਵਿੱਚ 2(e) ਵਿੱਚ ਇਹ ਰੂਲਜ਼ ਦੀ ਨਹੀਂ ਫਰੇਮ ਕਰਦੇ।

**ਮੰਤਰੀ:** ਮੋਟਰ ਗੱਡੀ ਐਕਟ, 1988 ਦੇ ਨਿਯਮਾਂ ਅਧੀਨ ਕੋਈ ਉਪਬੰਧ ਨਹੀਂ ਹੈ, ਜਿਨ੍ਹਾਂ ਅਧੀਨ ਟੈਕਸੀ ਸਟੈਂਡ ਰਜਿਸਟਰਡ ਕੀਤੇ ਜਾਣੇ ਹੋਣ। ਪਰੰਤੂ ਮੋਟਰ ਗੱਡੀ ਐਕਟ, 1988 ਦੀ ਧਾਰਾ 117, 138 ਅਧੀਨ ਬਣਾਏ ਗਏ ਪੰਜਾਬ ਮੋਟਰ ਗੱਡੀ ਨਿਯਮਾਵਲੀ, 1989 ਦੇ ਨਿਯਮ 196 ਅਤੇ 197 ਅਧੀਨ ਜ਼ਿਲ੍ਹਾ ਮੈਜਿਸਟਰੇਟ ਨੂੰ ਪੁਲਿਸ ਸੁਪਰਡੰਟ ਅਤੇ ਲੋਕਲ ਅਥਾਰਿਟੀ ਦੀ ਸਹਿਮਤੀ ਨਾਲ ਪਾਰਕਿੰਗ ਪਲੇਸ ਵਿੱਚ ਟੈਕਸੀ ਸਟੈਂਡ ਨਿਰਧਾਰਤ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ। ਪੰਜਾਬ ਮੋਟਰ ਗੱਡੀ ਨਿਯਮਾ ਵਲੀ 1989 ਦੇ ਨਿਯਮ 195 ਅਧੀਨ ਰੀਜ਼ਨਲ ਟਰਾਂਸਪੋਰਟ ਅਥਾਰਿਟੀ ਵੱਲੋਂ ਕਾਰਪੋਰੇਟ ਕੈਬ ਪਰਮਿਟ ਤੇ ਲਗਾਈ ਗਈ ਸ਼ਰਤ ਅਨੁਸਾਰ ਕੋਈ ਵੀ ਮੋਟਰ, ਕੈਬ ਟੈਕਸੀ.....

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ:** ਉਨ੍ਹਾਂ ਦਾ ਜਵਾਬ ਪਹਿਲਾਂ ਵਿੱਚ ਹੀ ਆ ਗਿਆ ਹੈ, ਹੁਣ ਤੁਸੀਂ ਹੋਰ ਰਹਿਣ ਦਿਓ। ਜਿਹੜਾ ਤੁਸੀਂ ਪਹਿਲਾਂ ਲਿਖਤੀ ਜਵਾਬ ਦਿੱਤਾ ਹੈ, ਉਸ ਦੇ ਵਿੱਚ ਇਨ੍ਹਾਂ ਦੇ ਪ੍ਰਸ਼ਨ ਦਾ ਜਵਾਬ ਆ ਗਿਆ ਹੈ।

**ਜਸਟਿਸ ਨਿਰਮਲ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮਨਿਸਟਰ ਸਾਹਿਬ ਨੇ ਸਪਲੀਮੈਂਟਰੀ ਕੁਐਸਚਨ ਦੇ ਜਵਾਬ ਵਿੱਚ ਉਹੀ ਕਹਿ ਦਿੱਤਾ ਹੈ, ਜਿਹੜਾ ਇਨ੍ਹਾਂ ਨੇ ਲਿਖਤੀ ਜਵਾਬ ਵਿੱਚ ਕਿਹਾ ਹੈ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਸੀ ਕਿ ਜਿਹੜਾ 138 ਸੈਕਸ਼ਨ ਦੀ ਸਬ ਕਲਾਜ਼ 2 (ਈ) ਹੈ। ਕੀ ਉਸਦੀ ਪਾਲਣਾ ਧਾਰਾ 117 ਵਿੱਚ ਹੁੰਦੀ ਹੈ?

**ਮਾਨਯੋਗ ਸਪੀਕਰ:** ਉਨ੍ਹਾਂ ਨੇ ਵੀ ਇਹ ਗੱਲ ਕਹੀ ਹੈ ਕਿ ਧਾਰਾ 117, 138 ਅਧੀਨ ਬਣਾਏ ਪੰਜਾਬ ਮੋਟਰ ਗੱਡੀ ਨਿਯਮਾਵਲੀ ਦੇ 1989 ਦੇ ਨਿਯਮ 196 ਅਤੇ 197 ਦੇ ਅਧੀਨ ਜ਼ਿਲ੍ਹਾ ਮੈਜਿਸਟਰੇਟ ਨੂੰ ਪੁਲਿਸ ਸੁਪਰੰਡਟ ਅਤੇ ਲੋਕਲ ਅਥਾਰਿਟੀ ਦੀ ਸਹਿਮਤੀ ਨਾਲ ਪਾਰਕਿੰਗ ਪਲੇਸ ਅਤੇ ਟੈਕਸੀ ਸਟੈਂਡ ਨਿਰਧਾਰਤ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ।

**ਜਸਟਿਸ ਨਿਰਮਲ ਸਿੰਘ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਰੂਲ ਹੀ ਨਹੀਂ ਬਣਿਆ ਤਾਂ where is the power with the Dy. Commissioner.

**Mr. Speaker:** They can give the executive power. ਐਸੀ ਕੋਈ ਗੱਲ ਨਹੀਂ ਹੈ। ਸਰਕਾਰ ਐਗਜ਼ੈਕਟਿਵ ਪਾਵਰਜ਼ ਦੇ ਸਕਦੀ ਹੈ।

**ਜਸਟਿਸ ਨਿਰਮਲ ਸਿੰਘ:** ਸਰਕਾਰ ਦੇ ਸਕਦੀ ਹੈ under some instructions, under some Rules. But there is no Rule. ਸਪੀਕਰ ਸਾਹਿਬ, ਮੇਰੀ ਦੂਸਰੀ ਸਪਲੀਮੈਂਟਰੀ ਇਹ ਹੈ ਕਿ ਮੰਤਰੀ ਜੀ ਨੇ ਦੱਸਿਆ ਹੈ ਕਿ 22240 ਟੈਕਸੀਆਂ ਪੰਜਾਬ ਦੇ ਅੰਦਰ ਰਜਿਸਟਰਡ ਹਨ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਦੇ ਦਿਨ ਬਿਜਲੀ ਬੋਰਡ, ਕਾਰਪੋਰੇਟ ਅਤੇ ਹੋਰ ਜਿਹੜੀਆਂ ਕਾਰਪੋਰੇਸ਼ਨਾਂ ਹਨ, ਉਨ੍ਹਾਂ ਵਿੱਚ without registration as taxi they have been hired ਕੀ ਇਸ ਤਰ੍ਹਾਂ ਸਟੇਟ ਦੇ ਰੈਵੀਨਿਊ ਨੂੰ ਇਹ ਤਰੀਕਾ ਘਾਟਾ ਨਹੀਂ ਪਾ ਰਹੇ? ਇਸ ਬਾਰੇ ਮੰਤਰੀ ਜੀ ਕੀ ਸੋਚ ਰਹੇ ਹਨ ?

**ਮਾਨਯੋਗ ਸਪੀਕਰ:** ਤੁਹਾਡਾ ਮਤਲਬ ਹੈ ਕਿ ਪ੍ਰਾਈਵੇਟ ਬੰਦਿਆਂ ਕੋਲੋਂ ਇਹ ਡਿਪਾਰਟਮੈਂਟ ਹਾਇਰ ਕਰਦੇ ਹਨ?

Original with;
Punjab Vidhan Sabha
Digitized by;
Panjab Digital Library

**ਜਸਟਿਸ ਨਿਰਮਲ ਸਿੰਘ:** ਪ੍ਰਾਈਵੇਟ ਬੰਦਿਆਂ ਕੋਲੋਂ ਬਿਜਲੀ ਬੋਰਡ ਵੀ ਹਾਇਰ ਕਰਦਾ ਹੈ, ਕਾਰਪੋਰੇਟ ਵਾਲੇ ਹਾਇਰ ਕਰਦੇ ਹਨ। ਕਈ ਵੱਖ-ਵੱਖ ਬੈਂਕ ਵੀ ਅਤੇ ਐਫ.ਸੀ.ਆਈ. ਵਾਲੇ ਵੀ ਹਾਇਰ ਕਰਦੇ ਹਨ। Number of departments are hiring these vehicles. ....ਕੀ ਇਹ ਸਟੇਟ ਦੇ ਐਕਸਚੈਕਰ ਨੂੰ ਘਾਟਾ ਨਹੀਂ ਪੈ ਰਿਹਾ, ਜਦੋਂ ਕਿ ਰੂਲਜ਼ ਦੇ ਵਿੱਚ ਇਹ ਹੈ ਕਿ ਰਜਿਸਟਰਡ ਟੈਕਸੀ ਹੀ ਲੈਣੀ ਹੈ। ਮੰਤਰੀ ਜੀ ਕਹਿੰਦੇ ਹਨ ਕਿ ਚੈਕਿੰਗ ਕਰਦੇ ਹਾਂ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ 2 ਸਾਲਾਂ ਵਿੱਚ ਕਿੰਨੇ ਚਲਾਨ ਜਿਹੜੇ ਬਿਜਲੀ ਬੋਰਡ ਜਾਂ ਕਾਰਪੋਰੇਸ਼ਨ ਵਿੱਚ ਜਾਂ ਜਿਹੜੇ ਹੋਰ ਅਦਾਰਿਆਂ ਦੇ ਵਿੱਚ ਲੱਗੇ ਹੋਏ ਉਨ੍ਹਾਂ ਵਹੀਕਲਜ਼ ਦੇ ਕੀਤੇ ਗਏ ਹਨ?

**ਮੰਤਰੀ:** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਮੇਂ ਪੰਜਾਬ ਰਾਜ ਵਿੱਚ ਕੁੱਲ 22240 ਗੱਡੀਆਂ ਨੂੰ ਪਰਮਿਟ ਦਿੱਤੇ ਗਏ ਹਨ। ਜਿਨ੍ਹਾਂ ਵਿੱਚੋਂ 6573 ਮੋਟਰ..........

**ਮਾਨਯੋਗ ਸਪੀਕਰ:** ਕੋਹਾੜ ਸਾਹਿਬ, ਉਨ੍ਹਾਂ ਦਾ ਇਹ ਸਵਾਲ ਨਹੀਂ ਹੈ।

**ਮੰਤਰੀ:** ਇਨ੍ਹਾਂ ਨੇ ਪ੍ਰਾਈਵੇਟ ਨੰਬਰ ਤੇ ਚੱਲ ਰਹੀਆਂ ਟੈਕਸੀਆਂ ਨੂੰ ਰੋਕਣ ਦੇ ਸਬੰਧ ਵਿੱਚ ਕਿਹਾ ਹੈ ਕਿ ਇਹ ਕਿਉਂ ਨਹੀਂ ਰੋਕੀਆਂ ਗਈਆਂ, ਬਾਰੇ ਦੱਸਦਾ ਹਾਂ ਕਿ ਟਰਾਂਸਪੋਰਟ ਵਿਭਾਗ ਦੇ ਐਨਫੋਰਸਮੈਂਟ ਅਧਿਕਾਰੀਆਂ ਵੱਲੋਂ ਸਮੇਂ ਸਮੇਂ ਸਿਰ ਟਰੈਫਿਕ ਚੈਕਿੰਗ ਕੀਤੀ ਜਾਂਦੀ ਹੈ ਅਤੇ ਪ੍ਰਾਈਵੇਟ ਨੰਬਰ ਵਾਲੀਆਂ ਗੱਡੀਆਂ ਬਤੌਰ ਟੈਕਸੀ ਚਲਦੀਆਂ ਫੜ੍ਹੀਆਂ ਜਾਂਦੀਆਂ ਹਨ। ਉਨ੍ਹਾਂ ਤੋਂ ਇਲਾਵਾ ਅਸੀਂ ਖੇਤਰੀ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕੀਤੀਆਂ ਹਨ। ਪੰਜਾਬ ਰਾਜ ਵਿੱਚ ਪ੍ਰਾਈਵੇਟ ਨੰਬਰ ਤੇ ਟੈਕਸੀ ਵਜੋਂ ਚੱਲਣ ਵਾਲੀ ਗੱਡੀ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਂਦੀ ਹੈ। ਟਰਾਂਸਪੋਰਟ ਵਿਭਾਗ ਦੇ ਐਨਫੋਰਸਮੈਂਟ ਅਧਿਕਾਰੀਆਂ ਵੱਲੋਂ ਸਮੇਂ ਸਮੇਂ ਤੇ ਚੈਕਿੰਗ ਕੀਤੀ ਜਾਂਦੀ ਹੈ। ਪਿਛਲੇ ਤਿੰਨ ਮਹੀਨਿਆਂ ਦੌਰਾਨ ਅਜਿਹੀਆਂ ਪ੍ਰਾਈਵੇਟ ਨੰਬਰਾਂ ਵਾਲੀਆਂ ਨਜਾਇਜ਼ ਚੱਲਣ ਵਾਲੀਆਂ 2500 ਗੱਡੀਆਂ ਦਾ ਚਲਾਨ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ 18 ਲੱਖ ਰੁਪਿਆ ਉਨ੍ਹਾਂ ਕੋਲੋਂ ਜ਼ੁਰਮਾਨਾ ਵਸੂਲਿਆ ਗਿਆ ਹੈ ਜਦੋਂ ਕਿ ਪਹਿਲਾਂ ਟੈਕਸੀਆਂ 10,000 ਸੀ ਅਤੇ ਹੁਣ ਇਹ 22240 ਟੈਕਸੀਆਂ ਰਜਿਸਟਰਡ ਕੀਤੀਆਂ ਹਨ। ਇਸ ਤਰ੍ਹਾਂ ਬਹੁਤ ਸਖਤੀ ਕੀਤੀ ਜਾ ਰਹੀ ਹੈ। ਪੰਜਾਬ ਰਾਜ ਵਿੱਚ ਦੂਜੇ ਰਾਜਾਂ ਤੋਂ ਦਾਖਲ ਹੋਣ ਵਾਲੀਆਂ ਨਿੰਜੀ ਅਤੇ ਕਮਰਸ਼ੀਅਲ ਗੱਡੀਆਂ ਤੇ ਹਾਲ ਦੀ ਘੜੀ ਐਂਟਰੀ ਟੈਕਸ ਜਾਂ ਵਾਤਾਵਰਣ ਟੈਕਸ ਲਾਉਣ ਦੀ ਕੋਈ ਤਜਵੀਜ਼ ਨਹੀਂ ਹੈ।

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ:** ਹੁਣ ਜਵਾਬ ਆ ਗਿਆ ਹੈ ਜੀ। ਉਨ੍ਹਾਂ ਨੇ ਪੂਰਾ ਦੱਸ ਦਿੱਤਾ ਹੈ। ਇਸ ਵਿੱਚ ਹੀ ਸ਼ਾਮਲ ਹੈ।

**Justice Nirmal Singh:** My question is different and his answer is somewhat different. That is not in consonance with the question which I have put to the Hon'ble Minister.

**ਮਾਨਯੋਗ ਸਪੀਕਰ:** ਤੁਹਾਡਾ ਜਿਹੜਾ ਸਵਾਲ ਹੈ, ਉਸ ਦੇ ਵਿੱਚ ਹੀ ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ ਕਿ 2500 ਗੱਡੀਆਂ ਦੇ ਅਸੀਂ ਚਲਾਨ ਕੀਤੇ ਹਨ ਅਤੇ..........

**ਜਸਟਿਸ ਨਿਰਮਲ ਸਿੰਘ:** ਸਪੀਕਰ ਸਾਹਿਬ, ਮੈਂ ਉਨ੍ਹਾਂ ਗੱਡੀਆਂ ਦੀ ਗੱਲ ਕਰਦਾ ਹਾਂ ਜਿਹੜੀਆਂ ਬਿਜਲੀ ਬੋਰਡ ਰਾਹੀਂ ਜਾਂ ਕਾਰਪੋਰੇਸ਼ਨ ਅਦਾਰਿਆਂ ਰਾਹੀਂ ਹਾਇਰ ਕੀਤੀਆਂ ਜਾਂਦੀਆਂ ਹਨ। ।

**ਮਾਨਯੋਗ ਸਪੀਕਰ:** ਇਹ ਉਸ ਦੇ ਵਿੱਚ ਹੀ ਸ਼ਾਮਲ ਹੈ ਜੀ। (ਵਿਘਨ) ਮੈਂ ਤੁਹਾਨੂੰ ਜਵਾਬ ਲੈ ਦਿੰਦਾ ਹਾਂ। ਹੁਣ ਤੁਸੀਂ ਬੈਠ ਜਾਓ Please sit down ਕਿਰਪਾ ਕਰਕੇ ਤੁਸੀਂ ਬੈਠੋ। ਜੱਥੇਦਾਰ ਜੀ, ਮੈਂਬਰ ਸਾਹਿਬ ਪੁੱਛਣਾ ਚਾਹੁੰਦੇ ਹਨ ਕਿ ਜਿਹੜੇ ਤੁਸੀਂ 2500 ਨਜਾਇਜ਼ ਚਲਦੀਆਂ ਗੱਡੀਆਂ ਦੇ ਚਲਾਨ ਕੀਤੇ ਹਨ, ਕੀ ਉਨ੍ਹਾਂ ਵਿੱਚ ਵੱਖ-ਵੱਖ ਅਦਾਰਿਆਂ ਵੱਲੋਂ ਹਾਇਰ ਕੀਤੀਆਂ ਗਈਆਂ ਟੈਕਸੀਆਂ ਦੇ ਚਲਾਨ ਵੀ ਸ਼ਾਮਲ ਹਨ?

**ਮੰਤਰੀ:** ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਜਿਹੜੀਆਂ ਗੱਡੀਆਂ ਫੜ੍ਹੀਆਂ ਜਾਂਦੀਆਂ ਹਨ, ਉਨ੍ਹਾਂ ਦੇ ਕੇਵਲ ਪਿਛਲੇ ਤਿੰਨ ਮਹੀਨਿਆਂ ਵਿੱਚ 2500 ਚਲਾਨ ਕੀਤੇ ਹਨ ਅਤੇ 18 ਲੱਖ ਰੁਪਿਆ ਜੁਰਮਾਨਾ ਵਸੂਲ ਕੀਤਾ ਗਿਆ ਹੈ। ਸਾਡੇ ਕੋਲ ਕੋਈ ਇਸ ਤਰ੍ਹਾਂ ਦੇ ਵੇਰਵੇ ਨਹੀਂ ਹਨ ਕਿ ਕਿਹੜੇ-ਕਿਹੜੇ ਵਿਭਾਗਾਂ ਨੇ ਗੱਡੀਆਂ ਹਾਇਰ ਕੀਤੀਆਂ ਹੋਈਆਂ ਹਨ। ਲੇਕਿਨ ਜੇਕਰ ਉਹ ਗੱਡੀਆਂ ਵੀ ਫੜ੍ਹੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਦੇ ਵੀ ਚਲਾਨ ਕੀਤੇ ਜਾਂਦੇ ਹਨ।

**ਮਾਨਯੋਗ ਸਪੀਕਰ:** ਠੀਕ ਹੈ ਜੀ। ਅਗਲਾ ਸਵਾਲ।

---

Original with;
Punjab Vidhan Sabha
Digitized by;
Panjab Digital Library

## ਨਵੇਂ ਪਸ਼ੂ ਹਸਪਤਾਲ ਖੋਲ੍ਹਣਾ

***44 ਸਰਦਾਰ ਇਕਬਾਲ ਸਿੰਘ ਝੂੰਦਾਂ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੋਈ ਨਵੇਂ ਪਸ਼ੂ ਹਸਪਤਾਲ ਖੋਲ੍ਹਣ ਦੀ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਿੱਥੇ-ਕਿੱਥੇ ?

**ਸਰਦਾਰ ਗੁਲਜਾਰ ਸਿੰਘ ਰਣੀਕੇ:** ਜੀ ਨਹੀਂ।

**ਸਰਦਾਰ ਇਕਬਾਲ ਸਿੰਘ ਝੂੰਦਾਂ:** ਮਾਨਯੋਗ ਸਪੀਕਰ ਸਾਹਿਬ, ਨਿਯਮਾਂ ਅਨੁਸਾਰ ਪੰਜ ਹਜ਼ਾਰ ਪਸ਼ੂਆਂ ਦੀ ਅਬਾਦੀ ਪਿੱਛੇ ਇੱਕ ਹਸਪਤਾਲ ਅਤੇ 2500 ਪਸ਼ੂਆਂ ਪਿੱਛੇ ਇੱਕ ਡਿਸਪੈਂਸਰੀ ਖੋਲ੍ਹੀ ਜਾਂਦੀ ਹੈ। ਮੈਂ 2-3 ਕੰਸਟੀਚਿਊਸੀਆਂ ਦਾ ਡਾਟਾ ਇਕੱਠਾ ਕੀਤਾ ਹੈ। ਮੇਰੇ ਹਲਕੇ ਅਮਰਗੜ੍ਹ ਵਿੱਚ 13 ਹਸਪਤਾਲ ਕੰਮ ਕਰ ਰਹੇ ਹਨ ਅਤੇ ਤਕਰੀਬਨ ਸਾਡੀ ਢਾਈ ਲੱਖ ਦੀ ਮਨੁੱਖੀ ਅਬਾਦੀ ਹੈ। ਮੈਂ ਤਿੰਨ-ਚਾਰ ਪਿੰਡਾਂ ਦਾ ਡਾਟਾ ਵੀ ਕੁਲੈਕਟ ਕੀਤਾ ਹੈ। ਇਸ ਅਬਾਦੀ ਦੇ ਅੰਦਾਜ਼ਨ 50% ਡੰਗਰ ਰੂਰਲ ਖੇਤਰ ਵਿੱਚ ਬਣਦੇ ਹਨ। ਅਜੇ ਮੌਜੂਦਾ ਹਸਪਤਾਲ 16-17000 ਦੀ ਮਨੁੱਖੀ ਅਬਾਦੀ ਅਨੁਸਾਰ ਚਲ ਰਹੇ ਹਨ। ਜੇਕਰ ਡੰਗਰਾਂ ਦਾ ਹਿਸਾਬ ਲਾਈਏ ਤਾਂ ਇਹ 8 ਤੋਂ 10 ਹਜ਼ਾਰ ਡੰਗਰਾਂ ਪਿੱਛੇ ਚਲ ਰਹੇ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸ਼ਰਤਾਂ ਅਨੁਸਾਰ ਮੇਰੇ ਹਲਕੇ ਦੇ ਕੁੱਲ 126 ਪਿੰਡਾਂ ਵਿੱਚ ਕੇਵਲ 13 ਹਸਪਤਾਲ ਹੀ ਕੰਮ ਕਰ ਰਹੇ ਹਨ ਇਨ੍ਹਾਂ ਵਿੱਚੋਂ ਵੀ 9 ਵਿੱਚ ਡਾਕਟਰ ਨਹੀਂ ਹਨ ਅਤੇ ਕੇਵਲ 4 ਡਾਕਟਰਾਂ ਨਾਲ ਕੰਮ ਚਲਾਇਆ ਜਾ ਰਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਡਾਕਟਰਾਂ ਦੀ ਭਰਤੀ ਕਦੋਂ ਤੱਕ ਕਰ ਦਿੱਤੀ ਜਾਵੇਗੀ। ਦੂਸਰਾ, ਮੈਂ ਪੁੱਛਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ:** ਇੱਕ ਸਮੇਂ ਕੇਵਲ ਇੱਕ ਸਪਲੀਮੈਂਟਰੀ ਹੀ ਪੁੱਛੋ। ਮੰਤਰੀ ਜੀ, ਡਾਕਟਰਾਂ ਦੀ ਭਰਤੀ ਬਾਰੇ ਦੱਸੋ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ 4 ਕਿਲੋਮੀਟਰ ਅਤੇ 4000 ਪਸ਼ੂਆਂ ਪਿੱਛੇ ਇੱਕ ਡਿਸਪੈਂਸਰੀ ਕੰਮ ਕਰਦੀ ਹੈ। ਜੇਕਰ ਇਸ ਤੋਂ ਵੱਧ ਲੋੜ ਪਈ ਤਾਂ ਇਸ ਉੱਤੇ ਵਿਚਾਰ ਕਰ ਲਵਾਂਗੇ। ਜਿੱਥੋਂ ਤੱਕ ਡਾਕਟਰਾਂ ਦੀ ਭਰਤੀ ਦਾ ਸਵਾਲ ਹੈ, ਮੈਂ ਇਸ ਬਾਰੇ ਐਫ.ਐਮ. ਅਤੇ ਮੁੱਖ ਮੰਤਰੀ ਜੀ ਨਾਲ ਵਿਚਾਰ ਕਰਕੇ ਜੇਕਰ ਸਾਨੂੰ ਇਸ ਦੀ ਇਜਾਜ਼ਤ ਮਿਲੀ ਤਾਂ ਉਸ ਦਾ ਵੀ ਉਪਰਾਲਾ ਕਰਾਂਗੇ।

**ਸਰਦਾਰ ਇਕਬਾਲ ਸਿੰਘ ਝੂੰਦਾਂ:** ਸਪੀਕਰ ਸਾਹਿਬ, ਜਿੰਨੇ ਡਾਕਟਰ ਕੰਮ ਕਰ ਰਹੇ ਹਨ, ਜੇਕਰ ਉਨ੍ਹਾਂ ਦਾ ਟਾਈਮ ਅੱਧਾ-ਅੱਧਾ ਕਰ ਦਿੱਤਾ ਜਾਵੇ ਭਾਵ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ ਝੂੰਦਾਂ]

ਚਾਰ ਘੰਟੇ ਇੱਕ ਹਸਪਤਾਲ ਅਤੇ 4 ਘੰਟੇ ਦੂਜੇ ਹਸਪਤਾਲ ਵਿੱਚ ਤਾਂ ਇਸ ਨਾਲ ਪਿੰਡਾਂ ਦਾ ਕਾਫੀ ਮਸਲਾ ਹੱਲ ਹੋ ਸਕਦਾ ਹੈ। ਅਜਿਹੇ ਪਿੰਡਾਂ ਵਿੱਚ ਜਿੱਥੇ ਤੁਸੀਂ ਅਜੇ ਹਸਪਤਾਲ ਨਹੀਂ ਵੀ ਖੋਲ੍ਹਣਾ ਚਾਹੁੰਦੇ ਪਰ ਉੱਥੇ ਪੰਚਾਇਤਾਂ ਆਪਣੇ ਕੋਲੋਂ ਬਿਲਡਿੰਗਾਂ ਬਣਾ ਕੇ ਦੇਣ ਨੂੰ ਤਿਆਰ ਹਨ। ਕੀ ਇਹ ਉੱਥੇ ਡਾਕਟਰਾਂ ਦਾ ਪ੍ਰਬੰਧ ਕਰ ਦੇਣਗੇ। ਕਿਉਂਕਿ ਅੱਜਕੱਲ੍ਹ ਦੇ ਜ਼ਮਾਨੇ ਵਿੱਚ ਡੰਗਰ ਨੂੰ ਲਿਜਾਣਾ ਬਹੁਤ ਮੁਸ਼ਕਲ ਹੈ। ਇਸ ਤਰ੍ਹਾਂ ਘੱਟ ਖਰਚੇ ਨਾਲ ਸਰਕਾਰ ਇਸ ਦਾ ਹੱਲ ਕਰ ਸਕਦੀ ਹੈ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ। ਧੰਨਵਾਦ।

**ਮੰਤਰੀ:** ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿੱਥੇ ਕਿਤੇ ਐਮਰਜੰਸੀ ਲੋੜ ਪਈ ਤਾਂ ਅਸੀਂ ਉੱਥੇ 2-4 ਘੰਟੇ ਲਈ ਡਾਕਟਰ ਨਾਲ ਦੇ ਹਸਪਤਾਲ ਵਿੱਚੋਂ ਲਗਾ ਦਿਆਂਗੇ।

**ਮਾਨਯੋਗ ਸਪੀਕਰ:** ਧੰਨਵਾਦ। ਅਗਲਾ ਸਵਾਲ ਸਰਦਾਰ ਗਿਲਜੀਆਂ ਜੀ।

**ਸਰਦਾਰ ਰਣਦੀਪ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਨਾਭੇ ਬਲਾਕ ਵਿੱਚ ਪਿੰਡ ਮੱਲੇਵਾਲ ਵਿੱਚ ਬੜਾ ਪੁਰਾਣਾ ਡੰਗਰਾਂ ਦਾ ਹਸਪਤਾਲ ਹੈ। ਜਨਰਲ ਸ਼ਿਵਦੇਵ ਸਿੰਘ ਜੀ ਦਾ ਨੀਂਹ ਪੱਥਰ ਰੱਖਿਆ ਹੋਇਆ ਹੈ ਅਤੇ ਬਿਲਡਿੰਗ ਬਣੀ ਪਈ ਹੈ। ਉੱਥੇ 5-6 ਸਾਲਾਂ ਤੋਂ ਕੋਈ ਡਾਕਟਰ ਨਹੀਂ ਜਾ ਰਿਹਾ ਅਤੇ ਬਿਲਡਿੰਗ ਢਹਿ ਰਹੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਅਜਿਹੇ ਡੰਗਰ ਹਸਪਤਾਲ ਜਿਹੜੇ ਖ਼ਾਲੀ ਹੋ ਰਹੇ ਹਨ, ਉਥੇ ਡਾਕਟਰ ਭੇਜਣ ਦੀ ਕੋਈ ਪਾਲਿਸੀ ਫਰੇਮ ਕੀਤੀ ਹੈ? ਜੇਕਰ ਨਹੀਂ ਕੀਤੀ ਤਾਂ ਕਦੋਂ ਤੱਕ ਇਹ ਪਾਲਿਸੀ ਫਰੇਮ ਕਰਕੇ ਉਥੇ ਡਾਕਟਰ ਭੇਜ ਦੇਣਗੇ।

**ਮਾਨਯੋਗ ਸਪੀਕਰ:** ਨਵੇਂ ਡਾਕਟਰ ਕਦੋਂ ਤੱਕ ਪਹੁੰਚਾਏ ਜਾਣਗੇ?

**ਮੰਤਰੀ:** ਮਾਨਯੋਗ ਮੈਂਬਰ ਸਾਹਿਬ ਨੇ ਜਿਹੜੀ ਗੱਲ ਕਹੀ ਹੈ ਕਿ ਖਸਤਾ ਹਾਲਤ ਹੈ, ਉਹ ਤਾਂ ਅਸੀਂ 5 ਸਾਲਾਂ ਯੋਜਨਾ ਵਿੱਚ ਪਾਏ ਹਨ। ਕਈ ਡਿਸਪੈਂਸਰੀਆਂ ਜਾਂ ਹਸਪਤਾਲ ਅਜਿਹੇ ਹਨ, ਜਿਨ੍ਹਾਂ ਦੀ ਬਹੁਤ ਖਸਤਾ ਹਾਲਤ ਹੈ ਅਤੇ ਸਾਡੇ ਧਿਆਨ ਵਿੱਚ ਆਏ ਹਨ, ਇਨ੍ਹਾਂ ਦਾ ਨਾਮ ਵੀ ਪਾ ਕੇ ਉਥੇ ਬਿਲਡਿੰਗ ਵੀ ਬਣਾਵਾਂਗੇ ਅਤੇ ਨਾਲ ਹੀ ਉਥੇ ਜਿਹੜੀ ਡਾਕਟਰ ਦੀ ਘਾਟ ਜਾਂ ਐਮਰਜੰਸੀ ਹੈ,

Original with;
Punjab Vidhan Sabha
Digitized by;
Panjab Digital Library

ਉਸਦੀ ਵੀ ਅੱਜ ਹੀ ਰਿਪੋਰਟ ਮੰਗਵਾ ਲਵਾਂਗੇ ਜਾਂ ਫਿਰ ਇਹ ਮਿਲ ਕੇ ਦੱਸ ਦੇਣ, ਉਸ ਦਾ ਹੱਲ ਕੱਢ ਲਵਾਂਗੇ।

**ਸਰਦਾਰ ਜਗਮੋਹਨ ਸਿੰਘ ਕੰਗ:** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਇਹ ਮਹਿਕਮਾ ਪਿਛਲੀ ਕਾਂਗਰਸ ਸਰਕਾਰ ਦੇ ਵੇਲੇ ਪੰਜ ਸਾਲ ਰਿਹਾ ਹੈ ਅਤੇ ਅਸੀਂ ਮੋਬਾਇਲ ਡਿਸਪੈਂਸਰੀਆਂ ਦੀ ਪ੍ਰਥਾ ਸ਼ੁਰੂ ਕੀਤੀ ਸੀ ਕੀ ਇਹ ਉਸ ਨੂੰ ਦੁਬਾਰਾ ਲਾਗੂ ਕਰਨਗੇ? ਦੂਸਰਾ ਜਿੰਨੀਆਂ ਡਿਸਪੈਂਸਰੀਆਂ ਹਸਪਤਾਲ ਹਨ, ਉੱਥੇ ਨਾ ਤਾਂ ਢੁਕਵੀਆਂ ਦਵਾਈਆਂ ਹਨ ਅਤੇ ਇਮਾਰਤਾਂ ਦਾ ਬੜਾ ਮਾੜਾ ਹਾਲ ਹੈ, ਕੀ ਉਸ ਨੂੰ ਠੀਕ ਕਰਾਉਣ ਦੀ ਖੇਚਲ ਕਰਨਗੇ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ):** ਸਪੀਕਰ ਸਾਹਿਬ, ਅੱਜ ਵੈਟਰਨਰੀ ਦੀ ਬਹੁਤ ਲੋੜ ਹੈ ਕਿਉਂਕਿ ਹੁਣ ਅੱਗੇ ਤੋਂ ਜਿਹੜਾ ਪੰਜਾਬ ਦੀ ਇਕਾਨਮੀ ਨੂੰ ਬਿਹਤਰ ਕਰਨਾ ਹੈ, ਉਸ ਵਿੱਚ ਸਿਰਫ ਐਨੀਮਲੀ ਹਸਬੈਂਸਰੀ ਨੇ ਬਹੁਤ ਵੱਡਾ ਰੋਲ ਅਦਾ ਕਰਨਾ ਹੈ। ਇਸ ਚੀਜ਼ ਨੂੰ ਮੁੱਖ ਰੱਖ ਕੇ ਪੰਜਾਬ ਸਰਕਾਰ ਨੇ ਮਹਿਕਮੇ ਨੂੰ ਹਦਾਇਤ ਕੀਤੀ ਹੈ ਕਿ ਜਿੰਨੇ ਡਾਕਟਰ ਚਾਹੀਦੇ ਹਨ, ਜਿੰਨੀਆਂ ਡਿਸਪੈਂਸਰੀਆਂ ਵਿੱਚ ਬਿਲਡਿੰਗ ਦੀ ਕਮੀ ਹੈ ਜਾਂ ਇਕੁਵਿਪਮੈਂਟ ਚਾਹੀਦਾ ਹੈ, ਉਸਦਾ ਸਾਨੂੰ ਸਰਵੇ ਕਰਕੇ ਸਾਡੇ ਕੋਲ ਲਿਸਟ ਭੇਜੇ। ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਮਹਿਕਮੇ ਦੀ ਅਹਿਮੀਅਤ ਨੂੰ ਮੁੱਖ ਰੱਖਦੇ ਹੋਏ ਡਾਕਟਰਾਂ ਦੀ ਵੀ ਕਮੀ ਨੂੰ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ (ਥੰਪਿੰਗ), ਬਿਲਡਿੰਗਾਂ ਲਈ ਵੀ ਖੁਲ੍ਹੇ ਪੈਸੇ ਦਿੱਤੇ ਜਾਣਗੇ ਜੋ ਵੀ ਇਸ ਵਾਸਤੇ ਚਾਹੀਦਾ ਹੈ ਕਿਉਂਕਿ ਮੈਂ ਦੱਸਿਆ ਹੈ ਕਿ ਇਸ ਦੇ ਲਈ ਬਹੁਤ ਵੱਡੀ ਲੋੜ ਹੈ, ਇਸ ਦੇ ਵੱਲ ਮੇਰਾ ਪੂਰਾ ਧਿਆਨ ਹੈ ਅਤੇ ਮਹਿਕਮਾ ਅਤੇ ਰਣੀਕੇ ਸਾਹਿਬ ਇਸ ਵੱਲ ਪੂਰਾ ਧਿਆਨ ਦੇਣ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 320 **

**ਮਾਨਯੋਗ ਸਪੀਕਰ:** ਨਿਸ਼ਾਨ ਵਾਲੇ ਪ੍ਰਸ਼ਨ ਨੰ: 320 ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

** For Starred Question No. 320 and reply thereto, please see appendix to this Debates.

Original with;
Punjab Vidhan Sabha
Digitized by;
Panjab Digital Library

## ਡੇਹਲੋਂ ਵਿਖੇ ਸਰਕਾਰੀ ਹਸਪਤਾਲ ਦੀ ਉਸਾਰੀ

***55. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਡੇਹਲੋਂ ਵਿਖੇ 5 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ 40 ਬਿਸਤਰਿਆਂ ਦੇ ਹਸਪਤਾਲ ਦੀ ਉਸਾਰੀ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਸ ਹਸਪਤਾਲ ਨੂੰ ਕਿੰਨੇ ਚਿਰ ਵਿੱਚ ਚਾਲੂ ਕਰ ਦਿੱਤਾ ਜਾਵੇਗਾ?

**ਸ਼੍ਰੀ ਮਦਨ ਮੋਹਨ ਮਿੱਤਲ:** ਸ਼੍ਰੀਮਾਨ ਜੀ, ਮਾਨਯੋਗ ਮੁੱਖ ਮੰਤਰੀ ਜੀ ਵਲੋਂ ਸਾਲ 2010 ਦੌਰਾਨ 350.00 ਕਰੋੜ ਰੁਪਏ ਕੋਰ ਪਲਾਨ ਅਧੀਨ ਮਨਜ਼ੂਰ ਕੀਤੇ ਗਏ ਸਨ। ਡੇਹਲੋਂ, ਜ਼ਿਲ੍ਹਾ ਲੁਧਿਆਣਾ ਵਿਖੇ 30 ਬਿਸਤਰਿਆਂ ਦਾ ਨਵਾਂ ਕਮਿਊਨਿਟੀ ਸਿਹਤ ਕੇਂਦਰ 5.25 ਕਰੋੜ ਦੀ ਰਾਸ਼ੀ ਨਾਲ ਉਸਾਰਨ ਦਾ ਪਲਾਨ ਕੀਤਾ ਗਿਆ ਸੀ।

ਮਹੀਨਾ ਜੂਨ, 2011 ਅਤੇ ਸਤੰਬਰ, 2011 ਦੌਰਾਨ ਦੋ ਵਾਰ ਟੈਂਡਰ ਮੰਗੇ ਗਏ ਸਨ, ਪਰ ਕੋਈ ਟੈਂਡਰ ਨਹੀਂ ਆਇਆ। ਹਾਲ ਦੀ ਘੜੀ ਇਸ ਕੰਮ ਦੇ ਟੈਂਡਰ ਮੰਗਣ ਦਾ ਕੰਮ ਕੋਰ ਪਲਾਨ ਅਧੀਨ ਫੰਡਾਂ ਦੀ ਘਾਟ ਕਾਰਨ ਰੋਕ ਦਿੱਤਾ ਗਿਆ ਹੈ। ਇਸ ਸਮੇਂ ਕੋਈ ਨਿਸ਼ਚਿਤ ਮਿਤੀ ਨਹੀਂ ਦਿੱਤੀ ਜਾ ਸਕਦੀ। ਫੰਡਜ ਪ੍ਰਾਪਤ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ:** ਸਪੀਕਰ ਸਾਹਿਬ, ਇਸ ਹਸਪਤਾਲ ਲਈ ਜਗ੍ਹਾ ਵੀ ਨਹੀਂ ਸੀ, ਪਰ ਸਾਡੇ ਸਤਿਕਾਰਯੋਗ ਮੁੱਖ ਮੰਤਰੀ, ਪੰਜਾਬ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਨਾਲ ਲਗਦੇ ਥਾਣੇ ਦੀ ਬਿਨਾਂ ਪੈਸਿਆਂ ਤੋਂ ਹਸਪਤਾਲ ਦੇ ਨਾਮ ਰਜਿਸਟਰੀ ਕਰਵਾ ਕੇ ਦਿੱਤੀ ਤਾਂ ਜੋ ਉਸ ਇਲਾਕੇ ਵਿੱਚ ਹਸਪਤਾਲ ਦੀ ਮੰਗ ਨੂੰ ਪੂਰਾ ਕੀਤਾ ਜਾ ਸਕੇ। ਹੁਣੇ ਹੁਣੇ ਸਤਿਕਾਰਯੋਗ ਬਾਦਲ ਸਾਹਿਬ ਕਹਿ ਕੇ ਹਟੇ ਹਨ ਕਿ ਪਸ਼ੂਆਂ ਦਾ ਜਿਹੜਾ ਹਸਪਤਾਲ ਹੈ, ਉੱਥੇ ਚਾਹੇ ਡਾਕਟਰਾਂ ਦੀ ਕਮੀ ਹੈ ਚਾਹੇ ਡਿਸਪੈਂਸਰੀਆਂ ਦੀ ਕਮੀ ਹੈ, ਉਸ ਨੂੰ ਹਰ ਹਾਲਤ ਵਿੱਚ ਪੂਰਾ ਕੀਤਾ ਜਾਵੇਗਾ। ਮੈਂ ਤਾਂ ਮੰਤਰੀ ਜੀ ਨੂੰ ਬੰਦਿਆਂ ਦੇ ਹਸਪਤਾਲ ਦੀ ਗੱਲ ਕਰ ਰਿਹਾ ਹਾਂ, ਉਸਦਾ ਇਹ ਕੀ ਜਵਾਬ ਦੇਈ ਜਾਂਦੇ ਹਨ?

**ਮੰਤਰੀ:** ਸਰ, ਮੈਂ ਤਾਂ ਕਿਹਾ ਹੈ ਕਿ ਅਸੀਂ ਪ੍ਰਪੋਜ਼ਲ ਡਰਾਪ ਨਹੀਂ ਕੀਤੀ ਹੈ। ਇਨ੍ਹਾਂ ਦੀ ਜਿਹੜੀ ਹਸਪਤਾਲ ਦੀ ਪ੍ਰਪੋਜ਼ਲ ਹੈ, ਉਹ ਖਤਮ ਨਹੀਂ ਕੀਤੀ, ਸਿਰਫ ਫੰਡਾਂ ਦਾ ਇੰਤਜ਼ਾਮ ਕਰ ਰਹੇ ਹਾਂ ਔਰ ਮੁੱਖ ਮੰਤਰੀ ਜੀ ਨੇ ਘੋਸ਼ਣਾ ਕੀਤੀ ਹੈ ਨੈਚੂਅਰਲੀ ਉਹ ਬਣੇਗਾ। ਇਹ ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਕਿਰਪਾ ਕਰਨ ਕਿਉਂਕਿ ਇਹ ਬਹੁਤ ਵੱਡਾ ਇਲਾਕਾ ਹੈ, ਜਿਥੇ ਕੋਈ ਵੀ ਹਸਪਤਾਲ ਨਹੀਂ ਹੈ, 40 ਕਿਲੋਮੀਟਰ ਦੇ ਏਰੀਏ ਵਿੱਚ ਕੋਈ ਵੀ ਹਸਪਤਾਲ ਨਹੀਂ ਹੈ ਅਤੇ ਇਸ ਦੀ ਹਲਕੇ ਨੂੰ ਬਹੁਤ ਲੋੜ ਹੈ। ਜਿਸ ਤਰ੍ਹਾਂ ਬਾਦਲ ਸਾਹਿਬ ਨੇ ਜਗ੍ਹਾ ਦਾ ਇੰਤਜ਼ਾਮ ਕੀਤਾ ਹੈ ਅਤੇ ਬਿਨਾਂ ਪੈਸਿਆਂ ਤੋਂ ਥਾਣੇ ਦੀ ਰਜਿਸਟਰੀ ਕਰਵਾ ਕੇ ਦਿੱਤੀ ਹੈ ਉਸੇ ਤਰ੍ਹਾਂ ਹੀ ਬਾਦਲ ਸਾਹਿਬ ਨੂੰ ਬੇਨਤੀ ਕਰਦੇ ਹਾਂ ਕਿ ਬਾਦਲ ਸਾਹਿਬ ਇਸ ਹਸਪਤਾਲ ਲਈ ਮਾਇਆ ਦੇਣ ਦੀ ਕਿਰਪਾ ਕਰਨ।

**ਮਾਨਯੋਗ ਸਪੀਕਰ:** ਉਨ੍ਹਾਂ ਦਾ ਜਵਾਬ ਆ ਗਿਆ ਹੈ। ਅਗਲਾ ਸਵਾਲ।

---

## ਨਿੱਜੀ ਇਮਾਰਤਾਂ ਵਿੱਚ ਚਲ ਰਹੇ ਆਂਗਣਵਾੜੀ ਕੇਂਦਰ

***45. ਸਰਦਾਰ ਇਕਬਾਲ ਸਿੰਘ ਝੂੰਦਾਂ:** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਹਿਮਦਗੜ੍ਹ ਸ਼ਹਿਰ ਵਿੱਚ ਕਿਰਾਏ ਉੱਤੇ ਬਿਲਡਿੰਗਾਂ ਲੈ ਕੇ ਚਲਾਏ ਜਾ ਰਹੇ ਆਂਗਣਵਾੜੀ ਸੈਂਟਰਾਂ ਦਾ ਕਿਰਾਇਆ 600/- ਰੁਪਏ ਮਹੀਨਾ ਤੋਂ ਘਟਾ ਕੇ 200/- ਰੁਪਏ ਪ੍ਰਤੀ ਮਹੀਨਾ ਕਰਨ ਦੇ ਕੀ ਕਾਰਨ ਹਨ?

**ਸ਼੍ਰੀ ਮਦਨ ਮੋਹਨ ਮਿੱਤਲ:** ਭਾਰਤ ਸਰਕਾਰ ਦੀਆਂ ਗਾਈਡਲਾਈਨਜ਼ ਅਨੁਸਾਰ ਅਹਿਮਦਗੜ੍ਹ ਸ਼ਹਿਰ ਦੀ ਅਬਾਦੀ ਸਾਲ 2001 ਦੀ ਜਨਗਣਨਾ ਅਨੁਸਾਰ 50000 ਤੋਂ ਘੱਟ ਹੋਣ ਕਾਰਨ ਆਂਗਣਵਾੜੀ ਸੈਂਟਰਾਂ ਨੂੰ ਕਿਰਾਏ ਦੀ ਅਦਾਇਗੀ 200/- ਪ੍ਰਤੀ ਮਹੀਨਾ ਦੇ ਹਿਸਾਬ ਨਾਲ ਕੀਤੀ ਜਾ ਰਹੀ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ:** ਸਪੀਕਰ ਸਾਹਿਬ, ਬੇਨਤੀ ਹੈ ਕਿ ਪਿਛਲੇ ਬਹੁਤ ਲੰਬੇ ਸਮੇਂ ਤੋਂ 600/- ਰੁ: ਕਿਰਾਇਆ ਆਂਗਣਵਾੜੀ ਸੈਂਟਰ ਜੋ ਛੋਟੇ ਸ਼ਹਿਰਾਂ ਵਿੱਚ ਚਲਦੇ ਹਨ, ਉਨ੍ਹਾਂ ਨੂੰ ਦਿੱਤਾ ਜਾ ਰਿਹਾ ਹੈ। ਇਹ ਘਟਾ ਕੇ 200/- ਰੁ: ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਕਰ ਦਿੱਤਾ ਗਿਆ ਹੈ। ਸੋ, ਮੇਰੀ ਤਾਂ ਮਾਨਯੋਗ ਮੁੱਖ ਮੰਤਰੀ ਜੀ ਅਤੇ ਮੰਤਰੀ ਜੀ ਨੂੰ ਬੇਨਤੀ ਹੈ ਕਿ 200/- ਰੁ: ਦੇ ਕਿਰਾਏ ਨਾਲ ਇੱਕ ਦਿਨ ਵੀ ਕਮਰਾ ਨਹੀਂ ਮਿਲਦਾ। ਸੋ, ਜਿਹੜੀਆਂ ਸਾਡੀਆਂ ਇਹ ਗਰੀਬ ਬੱਚੀਆਂ ਹਨ ਜੋ ਪੜ੍ਹਾਉਂਦੀਆਂ ਹਨ ਅਤੇ ਹੈਲਪਰ ਹਨ, ਉਹ ਮੈਨੂੰ ਇਕੱਠੀਆਂ ਹੋ ਕੇ ਮਿਲੀਆਂ। ਉਹ ਆਪਣੀ ਤਨਖਾਹ ਨਾਲ ਪੂਰਤੀ ਕਰ ਰਹੀਆਂ ਹਨ। ਕੋਈ ਵੀ ਕਮਰਾ 1000/- ਰੁ: ਤੋਂ ਥੱਲੇ ਨਹੀਂ ਮਿਲਦਾ ਅਤੇ ਉਸ ਨੂੰ ਅਸੀਂ ਘਟਾ ਕੇ 200/- ਰੁ: ਤੇ ਲੈ ਆਏ। ਅੱਜ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ ਝੂੰਦਾਂ]

ਮਹਿੰਗਾਈ ਦਾ ਯੁੱਗ ਹੈ ਤੇ ਇਹ ਆਂਗਣਵਾੜੀ ਸੈਂਟਰ ਬੰਦ ਹੋਣ ਦੇ ਕਿਨਾਰੇ ਖੜ੍ਹੇ ਹਨ ਜਿਸ ਕਾਰਨ ਬੱਚਿਆਂ ਦੀ ਪਰਵਰਿਸ ਕਰਨੀ ਸੰਭਵ ਨਹੀਂ ਹੈ। 37 ਸੈਂਟਰ ਤਾਂ ਇਕੱਲੇ ਅਹਿਮਦਗੜ੍ਹ ਵਿੱਚ ਹਨ ਤੇ ਹੋਰ ਪੰਜਾਬ ਵਿੱਚ ਵੀ ਅਨੇਕਾਂ ਸੈਂਟਰ ਹੋਣਗੇ। ਸੋ, ਮੇਰੀ ਤਾਂ ਬਾਦਲ ਸਾਹਿਬ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਇਹ ਕੋਈ ਵੱਡਾ ਬੋਝ ਨਹੀਂ ਹੈ। ਇਨ੍ਹਾਂ ਆਂਗਣਵਾੜੀ ਸੈਂਟਰਾਂ ਨੂੰ ਚਾਲੂ ਰੱਖਣ ਲਈ ਜੇ ਕੇਂਦਰ ਸਰਕਾਰ ਕੋਈ ਸਹਿਯੋਗ ਨਹੀਂ ਕਰ ਰਹੀ ਤਾਂ ਆਪਾਂ ਇਨ੍ਹਾਂ ਸੈਂਟਰਾਂ ਨੂੰ ਚਾਲੂ ਰੱਖਣ ਲਈ ਯੋਗਦਾਨ ਪਾਈਏ। ਕੀ ਮੰਤਰੀ ਜੀ ਇਸ ਪਾਸੇ ਕੋਈ ਧਿਆਨ ਦੇਣਗੇ ਤਾਂ ਕਿ ਗਰੀਬ ਬੱਚੀਆਂ ਨੂੰ, ਜਿਨ੍ਹਾਂ ਨੂੰ ਤਨਖਾਹ ਪਹਿਲਾਂ ਹੀ ਬਹੁਤ ਘੱਟ ਮਿਲਦੀ ਹੈ ਤੇ ਆਪਣੀ ਜੇਬ ਵਿੱਚੋਂ ਖਰਚ ਕਰ ਰਹੀਆਂ ਹਨ, ਉਨ੍ਹਾਂ ਨੂੰ ਆਪਣੀ ਜੇਬ ਵਿੱਚੋਂ ਖਰਚਾ ਕਰਕੇ ਇਹ ਆਂਗਣਵਾੜੀ ਸੈਂਟਰ ਨਾ ਚਲਾਉਣੇ ਪੈਣ? ਮੰਤਰੀ ਜੀ ਕੀ ਕਿਰਪਾ ਕਰਕੇ ਇਸ ਪਾਸੇ ਧਿਆਨ ਦੇਣਗੇ?

**ਮਾਨਯੋਗ ਸਪੀਕਰ:** 200/- ਰੁਪਿਆ ਤਾਂ ਵਾਕਿਆ ਹੀ ਘੱਟ ਹੈ।

**ਮੰਤਰੀ:** ਸਰ, 200/- ਰੁ: ਇਸ ਕਰਕੇ ਕਰਨਾ ਪਿਆ ਕਿਉਂਕਿ ਜੋ ਗੌਰਮਿੰਟ ਆਫ਼ ਇੰਡੀਆ ਦੀਆਂ ਗਾਈਡਲਾਈਨਜ਼ ਹਨ, ਅਸੀਂ ਉਨ੍ਹਾਂ ਨੂੰ ਮੰਨਣ ਲਈ ਪਾਬੰਦ ਹਾਂ। ਨਵੀਂ ਜੋ ਮਰਦਮਸ਼ੁਮਾਰੀ ਹੋਈ ਹੈ, ਅਗਰ ਉਸ ਵਿੱਚ ਆਬਾਦੀ ਵੱਧ ਗਈ ਹੈ ਤਾਂ ਉਸ ਮੁਤਾਬਿਕ ਅਸੀਂ ਵਧਾ ਦਿਆਂਗੇ।

**ਸਰਦਾਰ ਇਕਬਾਲ ਸਿੰਘ ਝੂੰਦਾਂ:** ਸਪੀਕਰ ਸਾਹਿਬ, ਅਹਿਮਦਗੜ੍ਹ ਦੀ ਜੇ ਆਬਾਦੀ ਵੱਧ ਵੀ ਜਾਵੇਗੀ ਤਾਂ ਹੋਰ ਪੰਜਾਬ ਦੇ ਸ਼ਹਿਰ ਹੋਣਗੇ ਜਿਨ੍ਹਾਂ ਦੀ ਆਬਾਦੀ ਨਹੀਂ ਵਧਣੀ। ਵੈਸੇ ਅਹਿਮਦਗੜ੍ਹ ਦੀ ਵੀ ਇੰਨੀ ਆਬਾਦੀ ਨਹੀਂ ਵੱਧਣੀ। ਮੇਰੀ ਬੇਨਤੀ ਹੈ ਕਿ ਕੇਂਦਰ ਤੱਕ ਵੀ ਜ਼ੋਰ ਲਗਾਇਆ ਜਾਵੇ ਕਿ ਉਹ ਪੈਸੇ ਵਧਾਵੇ ਪਰ ਜੇ ਕੇਂਦਰ ਨਹੀਂ ਵਧਾਉਂਦਾ ਤਾਂ ਪੰਜਾਬ ਸਰਕਾਰ ਕੁਝ ਨਾ ਕੁਝ ਐਸਾ ਪ੍ਰਾਵਾਧਾਨ ਕਰੇ ਕਿ ਇਹ ਆਂਗਣਵਾੜੀ ਸੈਂਟਰ ਘੱਟੋ ਘੱਟ ਫੰਕਸ਼ਨ ਕਰਦੇ ਰਹਿਣ, ਨਹੀਂ ਤਾਂ ਇਹ ਬੰਦ ਹੋਣਗੇ। ਇਹ ਮੈਂ ਦਾਅਵੇ ਨਾਲ ਕਹਿੰਦਾ ਹਾਂ। ਲੜਕੀਆਂ ਆਪਣੀਆਂ ਤਨਖਾਹ ਨਾਲ ਇਹ ਸੈਂਟਰ ਜ਼ਿਆਦਾ ਦੇਰ ਨਹੀਂ ਚਲਾ ਪਾਉਣਗੀਆਂ। 200/- ਰੁ: ਨਾਲ ਤਾਂ ਪਿੰਡਾਂ ਵਿੱਚ ਵੀ ਕਿਰਾਏ ਤੇ ਜਗ੍ਹਾ ਨਹੀਂ ਮਿਲਦੀ। ਇਸ ਬਾਰੇ ਡਿਸਾਈਡ ਕਰਕੇ ਕਿ ਕਿੰਨੇ ਕੁ ਫੰਡਜ਼ ਚਾਹੀਦੇ ਹਨ, ਇਸ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ। ਗਰੀਬ ਬੱਚਿਆਂ ਦੀ ਵਿੱਦਿਆ ਦਾ ਮਸਲਾ ਹੈ। ਮੰਤਰੀ ਜੀ, ਇਸ ਬਾਰੇ ਜ਼ਰੂਰ ਧਿਆਨ ਦੇਣ।

**ਮਾਨਯੋਗ ਸਪੀਕਰ:** ਮਿੱਤਲ ਸਾਹਿਬ, ਮਸਲਾ ਇਹ ਹੈ ਕਿ ਬੱਚਿਆਂ ਨੂੰ

Original with;
Punjab Vidhan Sabha
Digitized by;
Panjab Digital Library

ਬੇਸਿਕ ਐਜੂਕੇਸ਼ਨ ਲਈ ਤਿਆਰ ਕਰਨਾ ਹੈ। 200/- ਰੁ: ਬਹੁਤ ਘੱਟ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ 200/- ਰੁ: ਜਿਹੜਾ ਕਿਰਾਇਆ ਦਿੱਤਾ ਜਾਂਦਾ ਹੈ, ਆਂਗਣਵਾੜੀ ਸੈਂਟਰ ਦਾ, ਉਹ ਰੂਰਲ ਤੇ ਟਰਾਈਬਲ ਪ੍ਰਾਜੈਕਟ ਉਤੇ ਹੈ ਔਰ ਉਸ ਦੀ ਪਾਪੂਲੇਸ਼ਨ ਦੀ ਕੰਡੀਸ਼ਨ ਹੈ ਔਰ 750/- ਰੁ: ਮਹੀਨਾ ਅਰਬਨ ਪ੍ਰਾਜੈਕਟ ਤੇ ਦਿੱਤਾ ਜਾਂਦਾ ਹੈ। ਇਨ੍ਹਾਂ ਦੀ ਅਗਰ ਆਬਾਦੀ ਵੱਧ ਗਈ ਹੈ ਤਾਂ 750 ਰੁ: ਕੇਂਦਰ ਤੋਂ ਮੰਗਾਂਗੇ ਕਿਉਂਕਿ ਸਾਰਾ ਕੁਝ ਕੇਂਦਰ ਸਰਕਾਰ ਕਰਦੀ ਹੈ। ਇਸ ਕਰਕੇ ਅਸੀਂ ਕੇਂਦਰ ਸਰਕਾਰ ਨੂੰ ਲਿਖ ਕੇ ਇਨ੍ਹਾਂ ਦਾ ਵਧਾ ਦਿਆਂਗੇ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜਾਬ ਵਿੱਚ ਜਿਹੜੇ ਆਂਗਣਵਾੜੀ ਸੈਂਟਰ ਹਨ, ਉਹ ਜਾਂ ਤਾਂ ਗੁਰਦੁਆਰੇ ਦੀ ਕਿਸੇ ਬਿਲਡਿੰਗ ਵਿੱਚ ਚੱਲ ਰਹੇ ਹਨ ਤੇ ਜਾਂ ਧਰਮਸ਼ਾਲਾ ਵਿੱਚ। ਸਾਰਿਆਂ ਦੀ ਇੰਨੀ ਮਾੜੀ ਹਾਲਤ ਹੈ ਕਿ ਪੱਖਾ ਵੀ ਨਹੀਂ ਹੈ ਤੇ ਬਿਜਲੀ ਦੀ ਵੀ ਬਹੁਤ ਵੱਡੀ ਕਿੱਲਤ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ ਬਿਜਲੀ ਤੇ ਪਾਣੀ ਦੀ ਸੁਵਿਧਾ ਨਹੀਂ ਹੈ, ਇਨ੍ਹਾਂ ਨੂੰ ਕਦੋਂ ਤੱਕ ਠੀਕ ਕਰ ਦੇਣਗੇ ਤੇ ਜਿਹੜੇ ਅਨਸੇਫ ਬਿਲਡਿੰਗਾਂ ਵਿੱਚ ਚੱਲ ਰਹੇ ਹਨ, ਉਨ੍ਹਾਂ ਬਾਰੇ ਸਰਕਾਰ ਦਾ ਕੀ ਰਵੱਈਆ ਹੈ, ਉਨ੍ਹਾਂ ਨੂੰ ਕਦੋਂ ਤੱਕ ਸਹੀ ਬਿਲਡਿੰਗਾਂ ਮਿਲ ਜਾਣਗੀਆਂ ?

**ਮੰਤਰੀ:** ਸਪੀਕਰ ਸਾਹਿਬ, ਅਨਸੇਫ ਦਾ ਤਾਂ ਕੋਈ ਰਿਕਾਰਡ ਨਹੀਂ ਆਇਆ ਪਰ ਜੋ ਇਨ੍ਹਾਂ ਨੇ ਸਵਾਲ ਪੁੱਟ ਕੀਤਾ ਹੈ, ਉਸ ਦੀ ਡਿਟੇਲ ਰਿਪੋਰਟ ਲੈ ਲੈਂਦੇ ਹਾਂ ਕਿ ਕਿੱਥੇ ਕਿੱਥੇ ਕਿਸ ਕਿਸ ਚੀਜ਼ ਦੀ ਕਮੀ ਹੈ, ਅਸੀਂ ਕੇਂਦਰ ਸਰਕਾਰ ਨੂੰ ਲਿਖ ਕੇ ਫੰਡਜ਼ ਜ਼ਰੂਰ ਮੰਗਾਂਗੇ।

---

## ਘੱਗਰ ਦਰਿਆ ਵਿੱਚ ਆਉਂਦੇ ਹੜ੍ਹਾਂ ਨੂੰ ਰੋਕਣਾ

***344. ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ:** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਘੱਗਰ ਦਰਿਆ ਵਿੱਚ ਹੜ੍ਹ ਆਉਣ ਕਰਕੇ ਹਰ ਸਾਲ ਹੁੰਦੇ ਭਾਰੀ ਨੁਕਸਾਨ ਨੂੰ ਰੋਕਣ ਲਈ ਦਰਿਆ ਦੇ ਕਰੀਕ (ਮੋੜ) ਕੱਢ ਕੇ ਖਾਸ ਕਰਕੇ, ਭਾਖੜਾ ਮੇਨ ਲਾਈਨ ਦੇ ਥੱਲਿਉਂ ਨਰਵਾਨਾ ਬ੍ਰਾਂਚ, ਪਿੰਡ ਸਰਾਲਾ ਕਲਾਂ (ਜ਼ਿਲ੍ਹਾ ਪਟਿਆਲਾ) ਵਿਖੇ ਦਰਿਆ ਦੇ ਵਹਾਅ ਨੂੰ ਸਿੱਧਾ ਕਰਕੇ ਹੜ੍ਹ ਰੋਕਣ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਜਨਮੇਜਾ ਸਿੰਘ ਸੇਖੋਂ:** ਹਾਂ ਜੀ, ਪਿੰਡ ਸਰਾਲਾ ਖੁਰਦ ਦੇ ਸਾਹਮਣੇ ਘੱਗਰ ਦਰਿਆ ਵਿੱਚ ਮੌਜੂਦ ਲੂਪ (ਮੋੜ) ਜੋ ਸਰਾਲਾ ਕਲਾਂ ਅਤੇ ਸਰਾਲਾ ਖੁਰਦ ਦੇ ਨੇੜਿਓਂ ਦੀ ਹੋ ਕੇ ਲੰਘਦੀ ਹੈ, ਨੂੰ ਸਿੱਧਾ ਕਰਨ ਲਈ ਇੱਕ 3200 ਫੁੱਟ ਲੰਬਾਈ ਦੀ (ਸੈਕਸਨ 100 ਫੁੱਟ x 16 ਫੁੱਟ) ਕਿਊਨਟ ਪੁੱਟਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਜੋ ਦਰਿਆ ਦੇ ਵਹਾਓ ਨੂੰ ਸਿੱਧਾ ਕਰਕੇ ਹਰ ਸਾਲ ਵਾਹੀਯੋਗ ਜਮੀਨ ਅਤੇ ਆਬਾਦੀ ਨੂੰ ਹੁੰਦੇ ਭਾਰੀ ਨੁਕਸਾਨ ਨੂੰ ਠੱਲ੍ਹ ਪਾਈ ਜਾ ਸਕੇ।

**ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦੀ ਹਾਂ ਔਰ ਇਨ੍ਹਾਂ ਨੂੰ ਜ਼ਰੂਰ ਬੇਨਤੀ ਕਰਦੀ ਹਾਂ ਕਿ ਹਰ ਸਾਲ ਬਰਸਾਤ ਦੇ ਵਿੱਚ ਬਹੁਤ ਜ਼ਿਆਦਾ ਹੜ੍ਹ ਆਉਂਦੇ ਹਨ, ਉਸ ਨਾਲ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਹੈ। ਸੋ, ਮੈਂ ਫਿਰ ਬੇਨਤੀ ਕਰਦੀ ਹਾਂ ਕਿ ਇਸ ਨੂੰ ਪਹਿਲ ਦੇ ਆਧਾਰ ਤੇ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬੀਬੀ ਜੀ, ਇਹ ਤਾਂ ਸੁਜੈਸ਼ਨ ਹੈ, ਸਪਲੀਮੈਂਟਰੀ ਤਾਂ ਕੋਈ ਹੈ ਨਹੀਂ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਸਕੀਮ ਆਈ ਸੀ, ਕਾਫੀ ਪੈਸਾ ਆਇਆ ਸੀ ਕਿ ਘੱਗਰ ਰਿਵਰ ਦੇ ਦੋਵਾਂ ਬੈਂਕ ਨੂੰ ਅਪਸਟਰੀਮ ਤੋਂ ਥੱਲੇ ਤੱਕ ਪੱਕੇ ਕਰਨਾ ਸੀ ਤਾਂ ਕਿ ਜੋ ਬੀਬੀ ਜੀ ਨੇ ਕਿਹਾ ਹੈ, ਬਰੀਚ ਨਾ ਹੋਵੇ। ਕਿੱਥੋਂ ਤੱਕ ਉਹ ਪੱਕੇ ਹੋ ਚੁੱਕੇ ਹਨ? ਕੀ ਇਨ੍ਹਾਂ ਦਾ ਏਰੀਆ ਕਵਰ ਹੋ ਗਿਆ ਹੈ, ਜੇਕਰ ਨਹੀਂ ਹੋਇਆ ਤਾਂ ਕਦੋਂ ਤੱਕ ਹੋ ਜਾਵੇਗਾ ?

**ਮੰਤਰੀ:** ਸਪੀਕਰ ਸਾਹਿਬ, ਨਾ ਤਾਂ ਕੋਈ ਇਹੋ ਜਿਹੀ ਸਕੀਮ ਆਈ ਹੈ ਨਾ ਘੱਗਰ ਦੇ ਬੈਂਕ ਪੱਕੇ ਕਰਨ ਦੀ ਕੋਈ ਸਕੀਮ ਹੈ (ਵਿਘਨ) 10 ਸਾਲ ਤਾਂ ਮੈਨੂੰ ਹੋ ਗਏ ਹਨ, ਕਦੇ ਕੋਈ ਸਕੀਮ ਨਹੀਂ ਆਈ।

---

## ਮੁੱਲਾਂਪੁਰ ਦਾਖਾ ਨੂੰ ਸਬ-ਡਵੀਜ਼ਨ ਬਣਾਉਣਾ

***345. ਸਰਦਾਰ ਮਨਪ੍ਰੀਤ ਸਿੰਘ ਇਯਾਲੀ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁੱਲਾਂਪੁਰ ਦਾਖਾ ਨੂੰ ਸਬ-ਡਵੀਜ਼ਨ ਦਾ ਦਰਜਾ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਿਕਰਮ ਸਿੰਘ ਮਜੀਠੀਆ:** ਨਹੀਂ ਜੀ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਜਿਹੜੀ ਹੁਣੇ ਹੁਣੇ ਡੀ-ਲਿਮੀਟੇਸ਼ਨ ਹੋਈ ਹੈ, ਹਲਕਿਆਂ ਦੀ ਹੱਦ ਬੰਦੀ ਹੋਈ ਹੈ, ਉਸ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਤਕਰੀਬਨ 14 ਹਲਕੇ ਹਨ, ਜਿਨ੍ਹਾਂ ਵਿੱਚੋਂ 8 ਪੇਂਡੂ ਹਲਕੇ ਹਨ। ਉਨ੍ਹਾਂ ਦੇ ਵਿੱਚ ਜਿਹੜੀ ਕਮਿਸ਼ਨ ਵੱਲੋਂ ਡੀ-ਲਿਮੀਟੇਸ਼ੰਨ ਕੀਤੀ ਗਈ ਹੈ, ਉਹ ਪਟਵਾਰ ਸਰਕਲ ਨੂੰ ਮੁੱਖ ਰੱਖ ਕੇ, ਕਾਨੂੰਗੋ ਸਰਕਲ ਨੂੰ ਮੁੱਖ ਰੱਖ ਕੇ ਅਤੇ ਸਭ-ਡਵੀਜ਼ਨ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ। ਲੁਧਿਆਣਾ ਜ਼ਿਲ੍ਹੇ ਦੇ ਪੇਂਡੂ ਹਲਕਿਆਂ ਵਿੱਚੋਂ ਜਿਹੜਾ ਸਮਰਾਲਾ ਹਲਕਾ, ਖੰਨਾ ਹਲਕਾ, ਪਾਇਲ ਹਲਕਾ ਜਿਹੜਾ ਤੁਹਾਡਾ ਹਲਕਾ ਹੈ, ਰਾਏਕੋਟ, ਜਗਰਾਉਂ, ਇਹ ਸਾਰੇ ਹਲਕੇ ਸਬ-ਡਿਵੀਜ਼ਨ ਵਾਈਜ਼ ਬਣਾਏ ਗਏ ਹਨ ਲੇਕਿਨ ਜਿਹੜਾ ਸਾਡਾ ਦਾਖਾ ਹਲਕਾ ਹੈ, ਇਸ ਨੂੰ ਤਿੰਨ ਸਬ-ਡਵੀਜ਼ਨਾਂ ਨਾਲ ਜੋੜਿਆ ਗਿਆ ਹੈ। ਜਿਹੜੀ ਲੁਧਿਆਣਾ ਵੈਸਟ ਸਬ-ਡਵੀਜ਼ਨ ਹੈ, ਉਸ ਵਿੱਚ ਤਿੰਨ ਹਲਕੇ ਲੁਧਿਆਣਾ ਸ਼ਹਿਰ ਦੇ ਪੈਂਦੇ ਹਨ, ਇੱਕ ਗਿੱਲ ਹਲਕਾ ਪੈਂਦਾ ਹੈ ਅਤੇ ਪੰਜਵਾਂ ਇਸ ਹਲਕੇ ਦਾ ਪਾਰਟ ਪੈਂਦਾ ਹੈ। ਇਸ ਕਰਕੇ ਇਲਾਕੇ ਦੇ ਲੋਕਾਂ ਨੂੰ ਕੰਮ ਕਰਵਾਉਣ ਲਈ ਬਹੁਤ ਵੱਡੀਆਂ ਸਮੱਸਿਆਵਾਂ ਆਉਂਦੀਆਂ ਹਨ। ਇਸ ਦਾ ਕੁਝ ਪਾਰਟ ਜਗਰਾਉਂ ਨਾਲ ਜੁੜਿਆ ਹੋਇਆ ਹੈ। ਕੁਝ ਪਾਰਟ ਇਸ ਨਾਲ ਜੁੜਿਆ ਹੋਇਆ ਹੈ। ਸੋ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਆਉਣ ਵਾਲੇ ਸਮੇਂ ਦੇ ਵਿੱਚ ਕੋਈ ਤਜਵੀਜ਼ ਇਸ ਨੂੰ ਸਬ-ਡਵੀਜ਼ਨ ਬਣਾਉਣ ਦੇ ਲਈ ਰੱਖੀ ਜਾ ਸਕਦੀ ਹੈ। ਧੰਨਵਾਦ ਜੀ।

**ਮੰਤਰੀ:** ਸਪੀਕਰ ਸਾਹਿਬ, ਸਬ-ਤਹਿਸੀਲ ਮੁੱਲਾਂਪੁਰ ਦਾਖਾ ਭਾਵੇਂ ਬਣਾਈ ਤਾਂ ਪਹਿਲਾਂ ਕਾਂਗਰਸ ਵੇਲੇ ਸੀ ਮਗਰ ਇਹ ਨਾਮ ਦੀ ਤਾਂ ਬਣ ਗਈ ਪਰ ਉੱਥੇ ਸਿਸਟਮ ਕੋਈ ਨਹੀਂ ਸੀ, ਇਨਫਰਾਸਟਰਕਚਰ ਕੋਈ ਨਹੀਂ ਸੀ। ਅਸੀਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਧੰਨਵਾਦ ਕਰਦੇ ਹਾਂ। ਮੈਂ ਤਾਂ ਸੋਚਦਾ ਸੀ ਕਿ ਇਯਾਲੀ ਸਾਹਿਬ ਵੀ ਪਹਿਲਾਂ ਧੰਨਵਾਦ ਕਰਨਗੇ। 35 ਲੱਖ ਰੁਪਿਆ ਬਾਦਲ ਸਾਹਿਬ ਨੇ ਪਿਛਲੇ ਸਾਲ ਰਿਲੀਜ਼ ਕੀਤਾ ਅਤੇ ਇਨ੍ਹਾਂ ਨੂੰ ਨਵੀਂ ਸਬ-ਤਹਿਸੀਲ ਬਣਾ ਕੇ ਦਿੱਤੀ ਹੈ। ਜਿਹੜੀ ਇਹ ਗੱਲ ਕਰ ਰਹੇ ਹਨ, ਇਹ ਲਿਖ ਕੇ ਦੇ ਦੇਣ। ਬਾਦਲ ਸਾਹਿਬ ਨਾਲ ਸਲਾਹ ਕਰਕੇ, ਵਿਚਾਰ ਕੇ, ਜੇਕਰ ਇਨ੍ਹਾਂ ਦੀ ਗੱਲ ਵਿੱਚ ਜੈਨੂਅਨ ਪਰਾਬਲਮ ਲੱਗੀ ਤਾਂ ਸੀ.ਐਮ. ਸਾਹਿਬ ਤੋਂ ਫਿਰ ਅਪਰੂਵਲ ਲੈ ਕੇ ਜੋ ਫੈਸਲਾ ਹੋਵੇਗਾ, ਉਹ ਜ਼ਰੂਰ ਲਾਗੂ ਕਰਾਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਇਯਾਲੀ:** ਸਪੀਕਰ ਸਾਹਿਬ, ਮੈਂ ਧੰਨਵਾਦ ਕਰਦਾ ਹਾਂ ਮਜੀਠੀਆ ਸਾਹਿਬ ਦਾ ਕਿ ਜਿਹੜੀ ਮੈਂ ਗੱਲ ਕੀਤੀ ਹੈ ਉਨ੍ਹਾਂ ਨੇ ਉਸ ਦਾ ਵਿਸ਼ਵਾਸ ਦਿਵਾਇਆ ਹੈ। ਮੈਂ ਇਸ ਗੱਲ ਦਾ ਵੀ ਧੰਨਵਾਦ ਕਰਦਾ ਹਾਂ ਕਿ ਇੱਕ ਸਬ-ਤਹਿਸੀਲ ਦਾ ਦਫ਼ਤਰ ਮੁੱਲਾਂਪੁਰ ਵਿੱਚ ਅਤੇ ਦੂਸਰਾ ਸਬ-ਤਹਿਸੀਲ ਦਾ ਦਫ਼ਤਰ ਸਿੱਧਵਾਂ ਬੇਟ ਦੇ ਵਿੱਚ ਤਕਰੀਬਨ 35-35 ਲੱਖ ਰੁਪਏ ਦੀ ਲਾਗਤ ਨਾਲ ਬਿਲਡਿੰਗਾਂ ਤਿਆਰ ਹੋਈਆਂ ਹਨ। ਇਸ ਗੱਲ ਲਈ ਮੈਂ ਮਜੀਠੀਆ ਸਾਹਿਬ ਅਤੇ ਸਾਡੇ ਸਤਿਕਾਰਯੋਗ ਮੁੱਖ ਮੰਤਰੀ, ਪੰਜਾਬ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਧੰਨਵਾਦ ਜੀ।

---

## Starred Question No. 70 **

**Mr. Speaker:** Extension is granted for Starred Question No. 70.

ਅਗਲਾ ਸਵਾਲ ਸਰਦਾਰ ਅਜਾਇਬ ਸਿੰਘ ਭੱਟੀ।

**ਸਰਦਾਰ ਜਗਮੋਹਨ ਸਿੰਘ ਕੰਗ:** ਸਪੀਕਰ ਸਾਹਿਬ.........

**ਮਾਨਯੋਗ ਸਪੀਕਰ:** ਹੁਣ ਤਾਂ ਕੰਮ ਹੋ ਗਿਆ। ਨਹੀਂ, ਤੁਸੀਂ ਬੈਠ ਜਾਓ ਹੁਣ ਮੈਂ ਅਗਲਾ ਪ੍ਰਸ਼ਨ ਪੁੱਛ ਲਿਆ ਹੈ।

---

## ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨੇ ਦੁਆਰਾ ਰੋਜ਼ਗਾਰ

***112. ਸਰਦਾਰ ਅਜਾਇਬ ਸਿੰਘ ਭੱਟੀ:** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨਾ, ਬਠਿੰਡਾ ਵਿਖੇ ਸਿੱਧੇ ਅਤੇ ਅਸਿੱਧੇ ਤੌਰ ਤੇ ਕਿੰਨੇ ਤਕਨੀਕੀ ਅਤੇ ਗੈਰ ਤਕਨੀਕੀ ਵਿਅਕਤੀਆਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ:

(ਅ) ਉਕਤ ਪ੍ਰੋਜੈਕਟ ਲਈ ਸਰਕਾਰ ਦੁਆਰਾ ਪ੍ਰਾਪਤ ਕੀਤੀ ਜਮੀਨ ਦਾ ਕੁੱਲ ਖੇਤਰ ਕਿੰਨਾ ਹੈ ਅਤੇ ਉਕਤ ਪ੍ਰੋਜੈਕਟ ਵਿੱਚ ਪ੍ਰਾਪਤ ਕੀਤੀ ਜਮੀਨ ਦੇ ਕਿੰਨੇ ਜਮੀਨ ਮਾਲਕਾਂ ਜਾਂ ਉਨ੍ਹਾਂ ਦੇ ਵਾਰਿਸਾਂ ਨੂੰ ਨੌਕਰੀ ਦਿੱਤੀ ਗਈ ਹੈ;

(ੲ) ਉਕਤ ਰਿਫਾਇਨਰੀ ਦੇ ਮਾਲਕਾਂ ਨੂੰ ਰਾਜ ਸਰਕਾਰ ਦੁਆਰਾ ਦਿੱਤੀ ਗਈ ਸਹਾਇਤਾ/ਛੋਟ ਦੇ ਵੇਰਵੇ ਕੀ ਹਨ ?

---

** For Starred Question No. 70 and reply there to, please see appendix to this debates

Original with;
Punjab Vidhan Sabha
Digitized by;
Panjab Digital Library

**ਸ਼੍ਰੀ ਅਨਿਲ ਜੋਸ਼ੀ:** (ੳ) ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨਾ, ਬਠਿੰਡਾ ਵਿਖੇ ਇਸ ਦੇ ਚਾਲੂ ਹੋਣ ਤੋਂ ਬਾਅਦ ਲਗਭੱਗ 1000 ਵਿਅਕਤੀਆਂ ਨੂੰ ਸਿੱਧੇ ਤੌਰ ਤੇ ਅਤੇ ਲਗਭੱਗ 12000 ਵਿਅਕਤੀਆਂ ਨੂੰ ਅਸਿੱਧੇ ਤੌਰ ਤੇ ਰੋਜ਼ਗਾਰ ਮਿਲਿਆ ਹੈ। ਸਿੱਧੇ ਤੌਰ ਤੇ ਵਿਅਕਤੀਆਂ ਨੂੰ ਮਿਲੇ ਰੋਜ਼ਗਾਰ ਵਿੱਚ ਲਗਭੱਗ ੮00 ਵਿਅਕਤੀ ਤਕਨੀਕੀ ਅਤੇ ਲਗਭੱਗ 200 ਵਿਅਕਤੀ ਗੈਰ-ਤਕਨੀਕੀ ਹਨ। ਅਸਿੱਧੇ ਤੌਰ ਤੇ ਵਿਅਕਤੀਆਂ ਨੂੰ ਮਿਲੇ ਰੋਜ਼ਗਾਰ ਵਿੱਚ ਤਕਨੀਕੀ ਅਤੇ ਗੈਰ-ਤਕਨੀਕੀ ਦੋਨੋਂ ਤਰ੍ਹਾਂ ਦੇ ਵਿਅਕਤੀ ਸ਼ਾਮਲ ਹਨ।

(ਅ) ਇਸ ਪ੍ਰੋਜੈਕਟ ਲਈ ਸਰਕਾਰ ਵਲੋਂ ਪਿੰਡ-ਫੁਲੋਖਾਰੀ, ਕਣਕਵਾਲ, ਰਾਮਸਰਾਂ ਅਤੇ ਰਾਮ, ਤਹਿਸੀਲ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਖੇ ਕੁੱਲ 1992.575 ਏਕੜ ਜਮੀਨ ਐਕਵਾਇਰ ਕਰਕੇ ਦਿੱਤੀ ਗਈ ਹੈ।

ਪਰੰਤੂ ਅਵਾਰਡ ਨੰ: 1 ਆਫ 1999-2000 ਮਿਤੀ 4-6-1999 ਅਤੇ ਸਰਕਾਰ ਵੱਲੋਂ ਕੰਪਨੀ ਨਾਲ ਮਿਤੀ 12-08-2005 ਨੂੰ ਹਸਤਾਖਰ ਕੀਤੇ ਗਏ ਸਮਝੌਤੇ ਵਿੱਚ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਮੀਨ ਦੇ ਮਾਲਕਾਂ ਜਾਂ ਉਨ੍ਹਾਂ ਦੇ ਵਾਰਸਾਂ ਨੂੰ ਨੌਕਰੀ ਦੇਣ ਦਾ ਕੋਈ ਉਪਬੰਧ ਨਹੀਂ ਹੈ।

(ੲ) ਸਰਕਾਰ ਵੱਲੋਂ ਰਿਫਾਇਨਰੀ ਨੂੰ ਰਾਜ ਸਰਕਾਰ ਦੁਆਰਾ ਦਿੱਤੀਆਂ ਗਈਆਂ ਰਿਆਇਤਾਂ/ਛੋਟਾਂ ਦਾ ਵੇਰਵਾ (ਅਨੁਲੱਗ- 'ੳ') ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ

## ਅਨੁਲੱਗ 'ੳ'

## ਰਾਜ ਸਰਕਾਰ ਵਲੋਂ ਇਸ ਪ੍ਰੋਜੈਕਟ ਨੂੰ ਦਿੱਤੀਆਂ ਗਈਆਂ ਰਿਆਇਤਾਂ/ਛੋਟਾਂ ਦਾ ਵੇਰਵਾ

ਕੰਪਨੀ ਵੱਲੋਂ ਮਿਤੀ 12-08-2005 ਨੂੰ ਰਾਜ ਸਰਕਾਰ ਨਾਲ ਸਾਈਨ ਕੀਤੇ ਡੀਡ ਆਫ ਐਸ਼ੋਰੈਂਸ ਅਨੁਸਾਰ ਰਿਫਾਇਨਰੀ ਪ੍ਰਾਜੈਕਟ ਨੂੰ ਹੇਠ ਲਿਖੀਆਂ ਰਿਆਇਤਾਂ/ਛੋਟਾਂ ਦਿੱਤੀਆਂ ਗਈਆਂ ਹਨ।

1. ਕੁਲ 1250 ਕਰੋੜ (ਇੱਕ ਹਜ਼ਾਰ ਦੋ ਸੌ ਪੰਜਾਹ ਕਰੋੜ) ਦਾ ਪੰਜ ਸਾਲਾਂ ਲਈ ਵਿਆਜ ਮੁਕਤ ਕਰਜ਼ਾ 250 ਕਰੋੜ (ਦੋ ਸੌ ਪੰਜਾਹ ਕਰੋੜ) ਪ੍ਰਤੀ ਸਾਲ ਦੇ ਹਿਸਾਬ ਨਾਲ ਦੇਣਾ।
2. ਪੰਜਾਬ ਸਰਕਾਰ ਵਲੋਂ ਪ੍ਰੋਜੈਕਟ ਲਈ ਜਗ੍ਹਾ ਐਕੁਆਇਰ ਕਰਨ ਵਾਸਤੇ 14% ਲੱਗਣ ਵਾਲੇ ਵਿਭਾਗੀ ਖਰਚੇ ਤੋਂ ਛੋਟ ਦਿੱਤੀ ਗਈ ਹੈ।

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

3. ਪੰਜਾਬ ਸਰਕਾਰ ਵਲੋਂ ਪ੍ਰੋਜੈਕਟ ਨੂੰ ਕਮਰਸ਼ੀਅਲ ਉਤਪਾਦਨ ਵਿੱਚ ਆਉਣ ਦੀ ਮਿਤੀ ਤੋਂ ਰਿਫਾਈਨਰੀ ਵਿੱਚ 15 ਸਾਲਾਂ ਵਾਸਤੇ ਆਪਣੀ ਖੱਪਤ ਲਈ ਪਾਵਰ ਜਨਰੇਸ਼ਨ ਉਪਰ ਅਤੇ ਰਿਫਾਇਨਰੀ ਦੀ ਉਸਾਰੀ ਦੌਰਾਨ ਵਰਤੀ ਜਾਣ ਵਾਲੀ ਬਿਜਲੀ ਦੀ ਵਰਤੋਂ ਉਪਰ ਸ਼ੁਰੂ ਤੋਂ ਲੈ ਕੇ ਵੱਧ ਤੋਂ ਵੱਧ 60 ਮਹੀਨਿਆਂ ਤੱਕ ਬਿਜਲੀ ਕਰ ਤੋਂ ਛੋਟ ਦਿੱਤੀ ਗਈ ਹੈ।

4. ਪੰਜਾਬ ਸਰਕਾਰ ਰਿਫਾਇਨਰੀ ਨੂੰ ਉਸਾਰੀ ਦੌਰਾਨ ਮੁਫਤ ਪਾਣੀ ਮੁਹੱਈਆ ਕਰਵਾਏਗੀ।

5. ਪੰਜਾਬ ਸਰਕਾਰ ਇਨਫਰਾਸਟਰਕਚਰ ਦੇ ਵਿਕਾਸ ਉਪਰ ਆਉਣ ਵਾਲੇ ਕੁੱਲ 180 ਕਰੋੜ ਰੁਪਏ ਦੇ ਖਰਚੇ ਵਿੱਚੋਂ ਹੇਠ ਲਿਖੇ ਅਨੁਸਾਰ ਆਪਣਾ ਯੋਗਦਾਨ ਪਾਵੇਗੀ:-

i. ਰਿਫਾਇਨਰੀ ਸਾਈਟ ਨੂੰ ਸੜਕ ਨਾਲ ਜੋੜਨ ਵਾਸਤੇ ਉਸਾਰੀ ਲਈ 50% ਲਾਗਤ (ਅਨੁਮਾਨਤ 50 ਕਰੋੜ ਰੁਪਏ)

ii. ਟਾਊਨਸ਼ਿਪ ਵਿੱਚ ਸਕੂਲ ਤੇ ਹਸਪਤਾਲ ਦੀ ਉਸਾਰੀ ਦੀ 50% ਲਾਗਤ।

6. ਕਮਰਸ਼ੀਅਲ ਉਤਪਾਦ ਦੀ ਮਿਤੀ ਤੋਂ 15 ਸਾਲ ਲਈ ਫਿਕਸ ਪੂੰਜੀ ਨਿਵੇਸ਼ ਦਾ ਵੱਧ ਤੋਂ ਵੱਧ 300% ਤੱਕ ਸੈਂਟਰਲ ਸੇਲ ਟੈਕਸ ਦੀ ਡੈਫਰਮੈਂਟ ਪ੍ਰਦਾਨ ਕੀਤੀ ਜਾਵੇਗੀ, ਬਾਅਦ ਵਿੱਚ ਇਹ 16ਵੇਂ ਸਾਲ ਤੋਂ ਐਚ.ਪੀ.ਸੀ.ਐਲ/ਜੀ.ਜੀ.ਐਸ. ਆਰ.ਐਲ ਵਲੋਂ ਪੰਜਾਬ ਸਰਕਾਰ ਨੂੰ 30 ਛਿਮਾਹੀਆਂ ਵਿੱਚ ਵਾਪਸ ਕੀਤੀ ਜਾਵੇਗੀ।

7. ਉਪਰੋਕਤ ਪੂਜੀ ਨਿਵੇਸ਼ ਦੀ 300% ਦੀ ਸੀਮਾ ਪੰਜਾਬ ਸਰਕਾਰ ਵਲੋਂ ਦਿੱਤੇ ਅਸਲ ਵਿਆਜ ਮੁਕਤ ਕਰਜੇ ਦੀ ਰਕਮ ਘਟਾਉਣ ਪਿੱਛੋਂ ਗਿਣਤੀ ਕੀਤੀ ਜਾਵੇਗੀ। ਸੈਂਟਰਲ ਸੇਲ ਟੈਕਸ ਦੀ ਡੈਫਰਮੈਂਟ ਕੇਵਲ ਸੈਂਟਰਲ ਸੇਲ ਟੈਕਸ ਦੇ ਮਹਿਸੂਲ ਕਰਨ ਤੱਕ ਦੇ ਸਮੇਂ ਤੱਕ ਹੋਵੇਗੀ। ਜੇਕਰ ਸੈਂਟਰਲ ਸੇਲ ਟੈਕਸ ਕਿਸੇ ਵੀ ਤਰ੍ਹਾਂ ਦੀ ਅੰਤਰਰਾਜੀ ਲੈਵੀ ਜਿਵੇਂ ਕਿ ਟਰਨ-ਓਵਰ ਟੈਕਸ, ਖਰੀਦ ਟੈਕਸ ਜਾਂ ਕਿਸੇ ਕਿਸੇ ਹੋਰ ਟੈਕਸ ਵਿੱਚ ਬਦਲ ਦਿੱਤਾ ਜਾਂਦਾ ਹੈ ਤਾਂ ਡੈਫਰਮੈਂਟ ਅਜਿਹੇ ਟੈਕਸਾਂ ਤੇ ਵੀ ਉਪਲਬਧ ਹੋਵੇਗਾ।

8. ਉਸਾਰੀ ਦੇ ਸਮੇਂ ਦੌਰਾਨ ਸਾਰੀਆਂ ਮੱਦਾਂ 'ਤੇ ਚੂੰਗੀ/ਐਂਟਰੀ ਟੈਕਸ ਤੋਂ ਛੋਟ ਅਤੇ ਉਤਪਾਦਨ ਸ਼ੁਰੂ ਹੋਣ ਦੀ ਮਿਤੀ ਤੋਂ 10 ਸਾਲਾਂ ਦੇ ਸਮੇਂ ਲਈ ਸਮੇਤ ਕੱਚੇ ਤੇਲ ਦੇ ਉਪਰ ਚੂੰਗੀ/ਐਂਟਰੀ ਟੈਕਸ ਤੇ 10 ਸਾਲਾਂ ਲਈ ਛੋਟ।

Original with;
Punjab Vidhan Sabha
Digitized by;
Panjab Digital Library

9. ਰਿਫਾਇਨਰੀ ਪ੍ਰੋਜੈਕਟ ਨੂੰ ਉਸਾਰੀ ਲਈ ਬਿਜਲੀ ਉਸੇ ਰੇਟ, ਨਿਯਮਾਂ ਤੇ ਸ਼ਰਤਾਂ ਤੇ ਹੀ ਦਿੱਤੀ ਜਾਵੇਗੀ, ਜਿਹੜੀਆਂ ਕਿ ਪੰਜਾਬ ਰਾਜ ਵਿੱਚ ਸਮਾਲ ਉਦਯੋਗਿਕ ਖਪਤਕਾਰਾਂ ਤੇ ਲਾਗੂ ਹਨ।

10. ਪੰਜਾਬ ਸਰਕਾਰ ਰਾਜ ਵਿੱਚ ਰਿਟੇਲ ਆਉਟਲੈਟ ਖੋਲ੍ਹਣ ਲਈ ਸਰਕਾਰੀ ਜਮੀਨ, ਜਿੱਥੇ ਕਿਤੇ ਵੀ, ਕੁਲੈਕਟਰ ਰੇਟਾਂ ਤੇ ਮੁਹੱਈਆ ਕਰਵਾਏਗੀ ਅਤੇ ਜੇਕਰ ਪਹਿਚਾਣੀ ਗਈ ਜਗ੍ਹਾ ਨਿਜੀ ਹੋਵੇਗੀ ਤਾਂ ਅਜਿਹੀਆਂ 500 ਥਾਵਾਂ ਤੇ ਰਿਟੇਲ ਆਉਟਲੈਟ ਖੋਲਣ ਲਈ, ਜਿਹੜੀਆਂ ਕਿ ਕੰਪਨੀ ਵਲੋਂ ਜਾਂ ਪ੍ਰਵਾਨਤ ਡੀਲਰਾਂ ਵਲੋਂ ਚਲਾਈਆਂ ਜਾਣੀਆਂ ਹਨ, ਲਈ ਪੰਜਾਬ ਸਰਕਾਰ ਜਗ੍ਹਾ ਗ੍ਰਹਿਣ ਕਰਵਾਉਣ ਵਿੱਚ ਲੋੜੀਂਦੀ ਸਹਾਇਤਾ ਪ੍ਰਦਾਨ ਕਰੇਗੀ। ਐਚ.ਪੀ.ਸੀ.ਐਲ./ਜੀ.ਜੀ.ਐਸ.ਆਰ.ਐਲ. ਨੂੰ ਲੀਜ਼ ਤੇ ਦਿੱਤੀ ਗਈ ਜਮੀਨ ਨਾਮਜਦ ਡੀਲਰਾਂ ਜਾਂ ਕਿਸੇ ਹੋਰ ਵਿਅਕਤੀ ਨੂੰ ਐਚ.ਪੀ.ਸੀ.ਐਲ/ਜੀ.ਜੀ.ਐਸ.ਆਰ.ਐਲ. ਸਬ-ਲੀਜ਼ ਤੇ ਨਹੀਂ ਦੇਵੇਗੀ।

11. ਪੰਜਾਬ ਸਰਕਾਰ ਅਜਿਹੇ ਟੈਕਸ/ਲੈਵੀਜ ਜੋ ਇਸ ਡੀਡ ਦੇ ਹਸਤਾਖਰ ਸਮੇਂ ਮੌਜੂਦ ਨਹੀਂ ਸਨ, ਜਿਹੜੀਆਂ ਕਿ ਰਾਜ ਸਰਕਾਰ ਭਾਰਤ ਦੇ ਸੰਵਿਧਾਨ ਦੇ ਸ਼ਡਿਊਲ-VII ਦੀ ਸੂਚੀ II ਅਤੇ III ਤਹਿਤ ਆਪਣੇ ਆਪ ਜਾਂ ਆਪਣੀ ਲੋਕਲ ਅਥਾਰਟੀ, ਗ੍ਰਾਮ ਪੰਚਾਇਤ, ਇੰਪਰੂਵਮੈਂਟ ਟ੍ਰਸਟਾਂ ਅਤੇ ਹੋਰ ਅਦਾਰਿਆਂ ਰਾਹੀਂ ਲਗਾ ਸਕਦੀ ਹੈ ਤੋਂ ਪ੍ਰੋਜੈਕਟ ਨੂੰ ਛੋਟ ਦੇਵੇਗੀ।

12. ਪੰਜਾਬ ਸਰਕਾਰ ਅੱਗੇ ਮੌਜੂਦਾ ਟੈਕਸ/ਲੈਵੀਜ ਦੇ ਰੇਟਾਂ/ਰਾਸ਼ੀ, ਪਾਣੀ ਅਤੇ ਬਿਜਲੀ ਚਾਰਜਾਂ ਨੂੰ ਛੱਡ ਕੇ ਜੋ ਪ੍ਰੋਜੈਕਟ ਹਸਤਾਖਰ ਕਰਦੇ ਸਮੇਂ ਇੰਸੈਟਿਵ ਪੈਕਜ ਦੌਰਾਨ ਅਰਥਾਤ 15 ਸਾਲਾਂ ਤੱਕ ਮੌਜੂਦ ਸਨ ਨੂੰ ਅੱਗੇ ਲਈ ਪਾਬੰਦ ਕਰੇਗੀ। ਪ੍ਰੰਤੂ ਪ੍ਰੋਜੈਕਟ ਨੂੰ ਸਪਲਾਈ ਕੀਤੇ ਜਾਣ ਵਾਲੇ ਨਹਿਰੀ ਪਾਣੀ ਦੀਆਂ ਦਰਾਂ, ਰਾਜ ਵਿੱਚ ਦੂਸਰੇ ਬਲਕ ਖਪਤਕਾਰਾਂ ਤੋਂ ਵਸੂਲ ਕੀਤੇ ਜਾਣ ਵਾਲੇ ਰੇਟਾਂ ਦੇ ਬਰਾਬਰ ਹੋਣਗੀਆਂ।

13. ਪੰਜਾਬ ਸਰਕਾਰ ਰਿਫਾਇਨਰੀ ਸਮੇਤ ਇਸ ਦੇ ਪੈਟਕੋਕ ਅਤੇ ਇਸ ਦੇ ਅਧੀਨ ਬਾਡੀ (ਬਾਡੀਜ), ਕਾਰਪੋਰੇਸ਼ਨ ਅਤੇ ਏਜੰਸੀਆਂ ਤੋਂ ਖਰੀਦੀਆਂ ਜਾਣ ਵਾਲੀਆਂ ਵਸਤਾਂ ਵਿੱਚ ਪ੍ਰਚੇਜ ਪਹਿਲ ਦੇਵੇਗੀ। ਰਾਜ ਸਰਕਾਰ ਇੱਕ ਪ੍ਰਸ਼ਾਸਕੀ ਹੁਕਮ ਪਾਸ ਕਰੇਗੀ, ਜੋ ਕਿ ਰਾਜ ਦੀਆਂ ਸਾਰੀਆਂ ਏਜੰਸੀਆਂ/ਸੰਸਥਾਵਾਂ/ਕੰਪਨੀ ਆਦਿ ਤੇ ਲਾਗੂ ਹੋਣਗੇ। ਪ੍ਰੈਫਰੈਂਸ ਰਿਫਾਇਨਰੀ ਨੂੰ ਕਿਸੇ ਕੰਪਨੀ ਨੂੰ ਦਿੱਤੀ ਗਈ ਕੀਮਤ ਨਾਲ ਮੈਚ ਕਰਨ ਦਾ ਅਖਤਿਆਰ ਦੇਵੇਗੀ।

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

14. ਉਹ ਸਾਰੇ ਲਾਭ ਜੋ ਪ੍ਰੋਜੈਕਟ ਨੂੰ ਦਿੱਤੇ ਗਏ ਹਨ, ਬਿਨਾ ਕਿਸੇ ਭੇਦ-ਭਾਵ ਦੇ ਭਾਵੇ ਕਿ ਉਹ ਪ੍ਰੋਜੈਕਟ, ਐਚ.ਪੀ.ਸੀ.ਐਲ ਦੀ ਇੱਕ ਡਿਵੀਜਨ ਜਾਂ ਇਸ ਦੀ ਸਬਸਿਡਰੀ ਜਾਂ ਇਸ ਐਚ.ਪੀ.ਸੀ.ਐਲ. ਦੀ ਇੱਕ ਵੱਖਰੀ ਸਾਂਝੀ ਵੈਂਚਰ ਕੰਪਨੀ ਹੋਵੇ, ਨੂੰ ਵੀ ਮਿਲਣਗੇ।

**ਸਰਦਾਰ ਅਜਾਇਬ ਸਿੰਘ ਭੱਟੀ:** ਸਪੀਕਰ ਸਾਹਿਬ, ਸਪਲੀਮੈਂਟਰੀ। ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਪਹਿਲਾਂ ਤਾਂ ਜੋਸ਼ੀ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬੜਾ ਲੰਮਾ ਚੌੜਾ ਇਸ ਦਾ ਉਤਰ ਬਣਾ ਕੇ ਦਿੱਤਾ ਹੈ। ਰਿਫਾਈਨਰੀ ਪੰਜਾਬ ਵਿੱਚ ਚਲੀ ਹੈ, ਉਸ ਦਾ ਅਸੀਂ ਗੌਰਮਿੰਟ ਆਫ਼ ਇੰਡੀਆ ਅਤੇ ਗੌਰਮਿੰਟ ਆਫ ਪੰਜਾਬ ਦਾ ਵੀ ਧੰਨਵਾਦ ਕਰਦੇ ਹਾਂ ਕਿ ਜਿਨ੍ਹਾਂ ਦੇ ਯਤਨਾਂ ਸਦਕਾ ਉਹ ਚਲ ਸਕੀ। ਪਰ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਇਹ ਰਿਫਾਈਨਰੀ ਦੀ ਸ਼ੁਰੂਆਤ ਕਰਨ ਵੇਲੇ ਲੈਂਡ ਐਕੁਆਇਰ ਕੀਤੀ ਗਈ ਸੀ ਤਾਂ ਇਹ ਚਰਚਾ ਸੀ ਕਿ ਇਸ ਇਲਾਕੇ ਦੇ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾਵੇਗਾ ਤੇ ਖਾਸ ਕਰਕੇ ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਜਿਨ੍ਹਾਂ ਦੀ ਜ਼ਮੀਨ ਐਕਵਾਇਰ ਕੀਤੀ ਗਈ ਹੈ। ਪਰ ਇਨ੍ਹਾਂ ਨੇ ਦੱਸਿਆ ਹੈ ਕਿ ਅਵਾਰਡ ਦੇ ਵਿੱਚ ਇਹੋ ਜਿਹਾ ਕੋਈ ਉਪਬੰਧ ਨਹੀਂ ਕਿ ਅਸੀਂ ਉਨ੍ਹਾਂ ਨਾਲ ਕੋਈ ਰੋਜ਼ਗਾਰ ਦੀ ਗਰੰਟੀ ਕੀਤੀ ਹੈ ਪਰੰਤੂ ਉਥੇ ਅਨਪੜ੍ਹ ਲੋਕ ਹਨ ਉਨ੍ਹਾਂ ਨੂੰ ਕੀ ਪਤਾ ਹੈ ਕਿ ਕੀਤੀ ਹੈ ਜਾਂ ਨਹੀਂ ਕੀਤੀ ਹੈ, ਇਹ ਗੌਰਮਿੰਟ ਅਤੇ ਕੰਪਨੀ ਦੇ ਦਰਮਿਆਨ ਐਮ.ਓ.ਯੂ. ਸਾਈਨ ਹੋਇਆ ਹੈ, ਪਰੰਤੂ ਲੋਕਾਂ ਦੇ ਵਿੱਚ ਬਹੁਤ ਹਾਹਾਕਾਰ ਹੈ ਕਿ ਸਾਨੂੰ ਰਿਫਾਈਨਰੀ ਦੇ ਵਿੱਚ ਕੋਈ ਰੋਜ਼ਗਾਰ ਨਹੀਂ ਮਿਲ ਰਿਹਾ। ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਿਅਕਤੀਆਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਏਨੇ ਲੋਕਾਂ ਨੂੰ ਰੋਜ਼ਗਾਰ ਦਿੱਤਾ ਹੈ, ਕੀ.....

**ਮਾਨਯੋਗ ਸਪੀਕਰ:** ਪਹਿਲਾਂ ਤੁਹਾਡੇ ਇੱਕ ਸਵਾਲ ਦਾ ਜਵਾਬ ਮੰਤਰੀ ਜੀ ਦੇਣਗੇ। ਹਾਂ ਜੀ, ਜੋਸ਼ੀ ਜੀ।

**ਮੰਤਰੀ:** ਸਪੀਕਰ ਸਾਹਿਬ, ਇਹ ਜੋ ਕਹਿੰਦੇ ਹਨ, ਉੱਥੇ ਰਿਊਮਰ ਹੋਈ ਹੈ ਜਾਂ ਅਨਪੜ੍ਹ ਲੋਕ ਹਨ....

**ਮਾਨਯੋਗ ਸਪੀਕਰ:** ਇਨ੍ਹਾਂ ਨੇ ਤਾਂ ਇਹ ਪੁੱਛਿਆ ਹੈ ਕਿ ਜਿਨ੍ਹਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਸੀ, ਕੀ ਉਨ੍ਹਾਂ ਨੂੰ ਰੋਜ਼ਗਾਰ ਦਿੱਤਾ ਗਿਆ ਹੈ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਸਾਰੀਆਂ ਸਮਝੌਤੇ ਦੀਆਂ ਸ਼ਰਤਾਂ ਇਨ੍ਹਾਂ ਨੂੰ ਟੇਬਲ ਤੇ ਰੱਖ ਦਿੱਤੀਆਂ ਗਈਆਂ ਹਨ ਇਨ੍ਹਾਂ ਨੂੰ ਇਹ ਆਪ ਪੜ੍ਹ ਲੈਣ ਜਾਂ ਕਿਸੇ ਤੋਂ ਪੜਵਾ ਲੈਣ। ਬਾਕੀ ਇਹ ਹੈ ਕਿ ਕੋਈ ਰਿਊਮਰ ਜਾਂ ਕੋਈ ਉੱਥੇ ਪਿੰਡਾਂ ਦੇ ਲੋਕਾਂ ਦੇ ਮਨ ਵਿੱਚ ਖਿਆਲ ਆਏ, ਕਿਉਂਕਿ ਉਹ ਏਡਾ ਵੱਡਾ ਪ੍ਰਾਜੈਕਟ ਹੈ ਬੜਾ ਮਾਣ ਮਹਿਸੂਸ ਹੁੰਦਾ ਹੈ ਕਿ 20000 ਕਰੋੜ ਰੁਪਏ ਦਾ ਪ੍ਰਾਜੈਕਟ ਲਗਿਆ ਹੈ। ਬਾਕੀ 12000 ਲੋਕ ਅਸਿੱਧੇ ਤੌਰ ਤੇ ਉਥੇ ਮਜਦੂਰੀ ਕਰ ਰਹੇ ਹਨ ਜਾਂ ਦੂਸਰੇ ਹਨ ਉਨ੍ਹਾਂ ਵਿੱਚੋਂ, ਉਨ੍ਹਾਂ ਪਿੰਡਾਂ ਵਿੱਚੋਂ ਜਿਹੜੇ ਟੈਕਨੀਕਲ ਹਨ ਜਾਂ ਉਹ ਕੰਮ ਕਰਨ ਵਾਲੇ ਲੋਕ ਹਨ, ਉਨ੍ਹਾਂ ਨੂੰ ਪਹਿਲ ਹੀ ਦਿੱਤੀ ਜਾਂਦੀ ਹੈ ਔਰ ਉਸ ਦੇ ਵਿੱਚ ਇਹ ਤਾਂ ਨਹੀਂ ਹੈ ਕਿ ਉਹ ਮਜ਼ਦੂਰ ਕਿਤੇ ਹੋਰ ਦੂਰੋਂ ਫੜ੍ਹ ਕੇ ਲਿਆਉਣਗੇ। ਇਸ ਕਰਕੇ ਰੋਜ਼ਗਾਰ ਉਥੋਂ ਦੇ ਲੋਕਾਂ ਨੂੰ ਮਿਲਿਆ ਹੈ ਪਰ ਸ਼ਰਤਾਂ ਦੇ ਵਿੱਚ ਕੋਈ ਨਹੀਂ ਸੀ। ਇਹ ਮਾਨਯੋਗ ਐਮ.ਐਲ.ਏ. ਸਾਹਿਬ ਨੂੰ ਪਤਾ ਹੀ ਹੈ।

**ਸਰਦਾਰ ਅਜਾਇਬ ਸਿੰਘ ਭੱਟੀ:** ਸਪੀਕਰ ਸਾਹਿਬ, ਲੱਖ ਲੋਕਾਂ ਨੂੰ ਰੋਜ਼ਗਾਰ ਦੇਣ ਦੀ ਵਿਵਸਥਾ ਸਰਕਾਰ ਨੇ ਕੀਤੀ ਹੈ ਔਰ ਪੰਜਾਬ ਦਾ ਸਭ ਤੋਂ ਪ੍ਰੀਟੀਜੀਅਸ ਜਿਹੜਾ ਪ੍ਰਾਜੈਕਟ ਹੈ, ਉਹ ਇਹ ਪੰਜਾਬ ਦੇ ਵਿੱਚ ਰਿਫਾਈਨਰੀ ਹੈ ਜਿਹੜਾ ਕਿ ਅੱਜ 21000 ਕਰੋੜ ਰੁਪਏ ਦੀ ਲਾਗਤ ਨਾਲ ਲਗਿਆ ਹੈ। ਜੇਕਰ ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਮੰਤਰੀ ਜੀ ਇਹ ਦਸ ਸਕਣਗੇ ਕਿ ਉਨ੍ਹਾਂ ਪਿੰਡਾਂ ਦੇ ਕਿੰਨੇ ਟੈਕਨੀਕਲ, ਗੈਰ ਟੈਕਨੀਕਲ ਬੰਦਿਆਂ ਨੂੰ ਉਸ ਇਲਾਕੇ ਦੇ ਵਿੱਚੋਂ ਰੋਜ਼ਗਾਰ ਦਿੱਤਾ ਹੈ? (ਵਿਘਨ) ਪਲੀਜ਼ ਮੇਰੀ ਬੇਨਤੀ ਸੁਣ ਲਵੋ। ਮੇਰਾ ਆਈਡੀਆ ਕੋਈ ਇਤਰਾਜ਼ ਕਰਨ ਦਾ ਨਹੀਂ ਹੈ, ਆਈਡੀਆ ਇਹ ਹੈ ਕਿ ਇਸ ਤਰ੍ਹਾਂ ਦੀ ਅਸੀਂ ਲੋਕਾਂ ਦੇ ਵਿੱਚ ਆਪਣੀ ਭਾਵਨਾ ਲੈ ਕੇ ਗਏ ਹਾਂ ਕਿ ਪੰਜਾਬ ਨੂੰ ਡਿਵੈਲਪ ਕਰਨਾ ਹੈ, ਪੰਜਾਬ ਵਿੱਚ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਕੇ ਲੋਕਾਂ ਨੂੰ ਰੋਜ਼ਗਾਰ ਦੇਣਾ ਹੈ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਪੰਜਾਬ ਦੇ ਇੱਕ ਲੱਖ ਲੋਕਾਂ ਨੂੰ ਨੌਕਰੀ ਦੇਣ ਦੀ ਵਿਵਸਥਾ ਅਸੀਂ ਕਰਨੀ ਚਾਹੁੰਦੇ ਹਾਂ ਤਾਂ ਸਾਡੇ ਸਭ ਤੋਂ ਵੱਡੇ ਪ੍ਰਾਜੈਕਟ ਦੇ ਵਿੱਚ ਉਥੋਂ ਦੇ ਲੋਕਾਂ ਨੂੰ ਚਾਹੇ ਉਹ ਟੈਕਨੀਕਲ ਹੈ ਚਾਹੇ ਨਾਨ ਟੈਕਨੀਕਲ ਹੈ ਚਾਹੇ ਉਹ ਆਮ ਲੇਬਰ ਹੈ, ਕਿਸੇ ਬੰਦੇ ਨੂੰ ਜੇਕਰ ਨੌਕਰੀ ਦਿੱਤੀ ਹੈ ਤਾਂ ਮਾਨਯੋਗ ਮੰਤਰੀ ਜੀ ਹਾਊਸ ਨੂੰ ਜਾਣਕਾਰੀ ਦੇਣ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਹ ਆਪ ਸਾਡੇ ਤਰਨਤਾਰਨ ਦੇ ਏ.ਡੀ.ਸੀ. ਰਹੇ ਹਨ। ਇਹ ਸਾਡੇ ਬਹੁਤ ਸਿਆਣੇ ਮੈਂਬਰ ਸਾਹਿਬ ਹਨ, ਇਨ੍ਹਾਂ ਨੂੰ ਬਹੁਤ ਨਾਲਿਜ ਹੈ। ਇਨ੍ਹਾਂ ਨੂੰ ਪਤਾ ਹੈ ਕਿ ਅੱਜ ਦੀ ਡੇਟ ਵਿੱਚ ਜਿਹੜੇ ਵੱਡੇ-ਵੱਡੇ ਪ੍ਰਾਜੈਕਟ ਲਗਦੇ ਹਨ, ਉਨ੍ਹਾਂ ਨੇ ਕੁਆਲੀਫਾਈਡ ਲੋਕਾਂ ਨੂੰ ਰੱਖਣਾ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

ਜੇਕਰ ਇਨ੍ਹਾਂ ਦੀ ਨਿਗਾਹ ਵਿੱਚ ਕੋਈ ਅਜਿਹੇ ਨੌਜਵਾਨ ਹਨ, ਇਹ ਦੱਸ ਦੇਣ ਅਸੀਂ ਆਪ ਉਨ੍ਹਾਂ ਦੀ ਸਿਫਾਰਸ਼ ਕਰਾਂਗੇ ਕਿ ਉਨ੍ਹਾਂ ਨੌਜਵਾਨਾਂ ਨੂੰ ਪਹਿਲ ਦਿੱਤੀ ਜਾਵੇ। ਪਰ ਇੰਨਾ ਵੱਡਾ ਪ੍ਰਾਜੈਕਟ ਲਾ ਕੇ ਉਥੇ ਅਨਕੁਆਲੀਫਾਈਡ ਲੋਕਾਂ ਦੀ ਰੱਖਣ ਦੀ ਪ੍ਰੋਵੀਜ਼ਨ ਤਾਂ ਨਹੀਂ ਬਣ ਸਕਦੀ। ਹੋਰ ਵੀ ਕਈ ਐਨਸਿਲਰੀ ਯੂਨਿਟਸ ਉੱਥੇ ਲੱਗਣੇ ਹਨ। ਕਾਫ਼ੀ ਇੰਡਸਟਰੀ ਹੋਰ ਉਥੇ ਲੱਗ ਰਹੀ ਹੈ ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਣ ਵਾਲਾ ਹੈ। ਬਾਕੀ ਇੰਨਾ ਵੱਡਾ ਪ੍ਰਾਜੈਕਟ ਇਕੱਲਾ ਨਹੀਂ ਲਗਦਾ ਹੁੰਦਾ ਉਸਦੇ ਨਾਲ ਹੋਰ ਬਹੁਤ ਸਾਰੇ ਪ੍ਰਾਜੈਕਟ ਲੱਗਣੇ ਹਨ। ਤੁਸੀਂ ਉਸ ਇਲਾਕੇ ਦੇ ਨੌਜਵਾਨਾਂ ਨੂੰ ਐਨਕ੍ਰੇਜ਼ ਕਰੋ ਤਾਂ ਕਿ ਉਹ ਹੋਰ ਜ਼ਿਆਦਾ ਹਿੰਮਤ ਕਰਨ ਅਤੇ ਕੰਪੀਟੀਸ਼ਨ ਵਿੱਚ ਆਉਣ ਕਿਉਂਕਿ ਜ਼ਮਾਨਾ ਕੰਪੀਟੀਸ਼ਨ ਦਾ ਹੈ। ਆਟੋਮੈਟੀਕਲੀ ਉਥੇ ਰੁਜ਼ਗਾਰ ਮਿਲਣਾ ਹੀ ਹੈ।

**ਸਰਦਾਰ ਅਜਾਇਬ ਸਿੰਘ ਭੱਟੀ:** ਸਪੀਕਰ ਸਾਹਿਬ, ਸਪਲੀਮੈਂਟਰੀ.........

**ਮਾਨਯੋਗ ਸਪੀਕਰ:** ਨਹੀਂ ਜੀ। ਨੈਕਸਟ ਕੁਐਸਚਨ।

**ਸਰਦਾਰ ਤੋਤਾ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਜੀ ਦੀਆਂ ਕੋਸ਼ਿਸ਼ਾਂ ਸਦਕਾ ਇੰਨੀ ਵੱਡੀ ਇੰਡਸਟਰੀ ਲੱਗੀ। ਜੇਕਰ ਪੰਜਾਬੀਆਂ ਨੂੰ ਉੱਥੇ ਰੁਜ਼ਗਾਰ ਨਾ ਮਿਲਿਆ ਤਾਂ ਸਾਨੂੰ ਉਸ ਦਾ ਫਾਇਦਾ ਕੀ ਹੈ? ਜਦ ਕਿ ਅਸੀਂ ਇੰਨੀ ਜ਼ਮੀਨ ਵੀ ਰੁਕਵਾਈ ਹੈ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਮੇਰੀ ਇੱਕ ਰਿਕੁਐਸਟ ਹੈ ਕਿ ਸਾਲ 1986 ਵਿੱਚ ਅਸੀਂ ਨੈਸਲੇ, ਮੋਗੇ ਨੂੰ ਐਕਸਟੈਂਸ਼ਨ ਦਿੱਤੀ ਸੀ, ਮੈਂ ਆਪ ਕਹਿ ਕੇ ਦਿਵਾਈ ਸੀ। ਰੈਨਾ, ਐਮ.ਡੀ. ਨਾਲ ਉਸ ਵੇਲੇ ਜ਼ਬਾਨੀ ਵਾਇਦਾ ਕੀਤਾ ਸੀ, ਕੋਈ ਐਮ.ਓ.ਯੂ. ਨਹੀਂ ਲਿਖਿਆ ਗਿਆ ਜਿਹੜਾ ਇਹ ਕਹਿੰਦੇ ਹਨ ਕਿ ਐਮ.ਓ.ਯੂ. ਸਾਈਨ ਕੀਤਾ ਗਿਆ। ਜ਼ਬਾਨੀ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਤੁਸੀਂ ਇੱਥੇ ਪੰਜਾਬੀਆਂ ਨੂੰ ਪਹਿਲ ਦੇਣੀ ਹੈ। ਜੇਕਰ ਤੁਸੀਂ ਬਾਹਰਲੇ ਸੂਬਿਆਂ ਵਾਲਿਆਂ ਨੂੰ ਦਿਓਗੇ ਤਾਂ ਸਿਕਿਓਰਟੀ ਵਿੱਚ ਕੋਈ ਜ਼ਰਾਇਮ ਪੇਸ਼ੇ ਵਾਲੇ ਆ ਜਾਣਗੇ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਇਸ ਲਈ ਅੱਜ ਤੁਸੀਂ ਜਾ ਕੇ ਨੈਸਲੇ, ਮੋਗੇ ਵਿੱਚ ਦੇਖੋ 3000 ਵਿੱਚੋਂ 95% ਲੋਕ ਪੰਜਾਬੀ ਹਨ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਤੁਸੀਂ ਪਿੱਛੇ ਜਿਹੜੇ ਅਖ਼ਬਾਰਾਂ ਵਿੱਚ ਖ਼ਬਰਾਂ ਪੜ੍ਹੀਆਂ ਹਨ ਕਿ ਕੁਝ ਬਾਹਰਲੇ ਸੂਬਿਆਂ ਤੋਂ ਜ਼ਰਾਇਮ ਪੇਸ਼ਾ ਲੋਕ ਉਸ ਫੈਕਟਰੀ ਵਿੱਚ ਆ ਗਏ, ਅੱਜ ਪੰਜਾਬ ਸਰਕਾਰ ਨੂੰ ਉਸ ਫੈਕਟਰੀ ਦੀ ਸਿਕਿਓਰਟੀ ਰੱਖਣ ਦਾ ਫਿਕਰ

Original with;
Punjab Vidhan Sabha
Digitized by;
Panjab Digital Library

ਪਿਆ ਹੋਇਆ ਹੈ। ਇਨ੍ਹਾਂ ਲਈ ਉਨ੍ਹਾਂ ਨੂੰ ਗਾਈਡ ਕੀਤਾ ਜਾਵੇ ਕਿ ਤੁਸੀਂ ਪੰਜਾਬ ਦੇ ਲੋਕਾਂ ਨੂੰ ਪਹਿਲ ਦਿਓ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਪੰਜਾਬ ਪੁਲਿਸ ਆਈਡੈਂਟੀਫਾਈ ਕਰ ਸਕਦੀ ਹੈ ਅਤੇ ਪਤਾ ਰੱਖ ਸਕਦੀ ਹੈ ਕਿ ਕੋਈ ਜ਼ਰਾਇਮ ਪੇਸ਼ਾ ਵਿਅਕਤੀ ਇੱਥੇ ਤਾਂ ਨਹੀਂ ਆ ਗਿਆ। ਨੌਕਰੀਆਂ ਵਿੱਚ ਪਹਿਲ ਸਾਨੂੰ ਪੰਜਾਬੀਆਂ ਨੂੰ ਮਿਲਣੀ ਚਾਹੀਦੀ ਹੈ। ਕੀ ਇਹ ਅਜਿਹਾ ਭਰੋਸਾ ਦੇਣਗੇ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਜੱਥੇਦਾਰ ਤੋਤਾ ਸਿੰਘ ਜੀ ਸਾਡੇ ਬਹੁਤ ਸਤਿਕਾਰਯੋਗ ਸੀਨੀਅਰ ਮੈਂਬਰ ਹਨ, ਉਨ੍ਹਾਂ ਦਾ ਸਵਾਲ ਜਾਇਜ਼ ਹੈ। ਇੰਨਾ ਵੱਡਾ ਯੂਨਿਟ ਜਦੋਂ ਲੱਗਦਾ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਚਲਾਉਣਾ ਜ਼ਰੂਰੀ ਹੈ। ਜਿਹੜੀ ਇਹ ਗੱਲ ਕਰ ਰਹੇ ਹਨ, ਅਸੀਂ ਉਨ੍ਹਾਂ ਨਾਲ ਗੱਲ ਕਰ ਰਹੇ ਹਾਂ ਕਿ ਜਿਹੜੇ ਪੰਜਾਬੀ ਨੌਜਵਾਨ, ਜਿਹੜੇ ਕੰਪੀਟ ਕਰਦੇ ਹਨ, ਜਿਹੜੇ ਉਨ੍ਹਾਂ ਨੇ ਇੰਜੀਨੀਅਰ ਰੱਖੇ ਹਨ, ਉਸ ਵਿੱਚ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇ। ਇਹ ਮਾਮਲਾ ਅਸੀਂ ਉਨ੍ਹਾਂ ਨਾਲ ਟੇਕ ਅੱਪ ਕਰਾਂਗੇ। ਬਾਕੀ ਸਿਕਿਓਰਟੀ ਵਾਲੀ ਕੋਈ ਅਜਿਹੀ ਗੱਲ ਨਹੀਂ ਹੈ। ਇਸ ਵਾਸਤੇ ਇਹ ਨੌਜਵਾਨ ਸਾਡੇ ਧਿਆਨ ਵਿੱਚ ਲਿਆਉਣ ਅਸ਼ੀਂ ਗੱਲ ਕਰਕੇ ਵੱਧ ਤੋਂ ਵੱਧ ਉਨ੍ਹਾਂ ਦੀ ਪਲੇਸਮੈਂਟ ਫੈਕਟਰੀ ਵਿੱਚ ਮਾਮਲਾ ਟੇਕ ਅੱਪ ਕਰਕੇ ਕਰਵਾਂਵਾਂਗੇ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 343 **

**ਮਾਨਯੋਗ ਸਪੀਕਰ:** ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

## ਜਗਰਾਉਂ ਵਿਖੇ ਫਾਇਰ ਬ੍ਰਿਗੇਡ ਉਪਲੱਬਧ ਕਰਾਉਣਾ

*318. **ਸ਼੍ਰੀ ਐਸ.ਆਰ.ਕਲੇਰ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਜਗਰਾਉਂ ਵਿਖੇ ਕੋਈ ਵੀ ਅੱਗ ਬੁਝਾਊ ਇੰਜਣ ਨਹੀਂ ਹੈ; ਜੇਕਰ ਅਜਿਹਾ ਹੋਵੇ ਇਸ ਦੇ ਕੀ ਕਾਰਣ ਹਨ ਅਤੇ ਜਗਰਾਉਂ ਵਿਖੇ ਫਾਇਰ ਬ੍ਰਿਗੇਡ ਦੀ ਸਹੂਲਤ ਕਦੋਂ ਤੱਕ ਉਪਲੱਬਧ ਕਰਵਾ ਦਿੱਤੀ ਜਾਵੇਗੀ?

**ਸ਼੍ਰੀ ਚੂਨੀ ਲਾਲ ਭਗਤ:** ਨਗਰ ਕੌਂਸਲ, ਜਗਰਾਉਂ ਕੋਲ ਇਸ ਵੇਲੇ ਕੋਈ ਅੱਗ ਬੁਝਾਊ ਇੰਜਣ ਨਹੀਂ ਹੈ। ਉਥੇ ਫਾਇਰ ਬ੍ਰਿਗੇਡ ਸਥਾਪਤ ਕਰਨ ਸਬੰਧੀ ਮਾਮਲਾ ਨਗਰ ਕੌਂਸਲ ਦੇ ਵਿਚਾਰ ਅਧੀਨ ਹੈ।

---

** For Starred Question No. 343 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਐਸ.ਆਰ. ਕਲੇਰ:** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਨਗਰ ਕੌਂਸਲ ਦੇ ਵਿਚਾਰ ਅਧੀਨ ਪਿਛਲੇ 10 ਸਾਲ ਤੋਂ ਇਹ ਮਾਮਲਾ ਹੈ। ਨਗਰ ਕੌਂਸਲ ਇਸ ਦੇ ਸਮਰੱਥ ਨਹੀਂ ਹੈ ਕਿ ਉਹ ਆਪਣੇ ਪੱਧਰ ਤੇ ਫਾਇਰ ਬ੍ਰਿਗੇਡ ਬਣਾ ਸਕੇ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਰਾਏਕੋਟ ਅਤੇ ਮੁੱਲਾਂਪੁਰ ਵਿੱਚ ਵੀ ਇਸ ਵੇਲੇ ਕੋਈ ਫਾਇਰ ਸਟੇਸ਼ਨ ਨਹੀਂ ਹੈ। ਸਰਕਾਰ ਦੀ ਇੱਕ ਪ੍ਰੋਪੋਜ਼ਲ ਸੀ ਕਿ ਤਿੰਨੋਂ ਨਗਰਾਂ ਨੂੰ ਇਕੱਠਾ ਕਰਕੇ ਇੱਕ ਫਾਇਰ ਬ੍ਰਿਗੇਡ ਬਣਾਈ ਜਾਵੇ, ਕੀ ਮਾਨਯੋਗ ਮੰਤਰੀ ਜੀ ਦੱਸਣਗੇ ਕਿ ਇਸ ਪ੍ਰੋਪੋਜ਼ਲ ਦਾ ਕੀ ਬਣਿਆ ?

**ਮੰਤਰੀ:** ਸਪੀਕਰ ਸਾਹਿਬ, ਇਹ ਜੋ ਮੈਂਬਰ ਸਾਹਿਬ ਨੇ ਪ੍ਰਪੋਜ਼ਲ ਰੱਖੀ ਹੈ, ਇਸ ਦੇ ਉੱਤੇ ਗੌਰ ਕੀਤਾ ਜਾ ਰਿਹਾ ਹੈ। ਮੇਰਾ ਖਿਆਲ ਹੈ ਕਿ ਇਹ ਜਿਹੜਾ ਫਾਇਰ ਬ੍ਰਿਗੇਡ ਹੈ, ਇਹ ਇਨ੍ਹਾਂ ਤਿੰਨਾਂ ਸਟੇਸ਼ਨਾਂ ਨੂੰ ਮਿਲਾ ਕੇ ਕਿਉਂਕਿ ਇਹ ਸਟੇਸ਼ਨ ਕੋਲ ਕੋਲ ਹੀ ਪੈਂਦੇ ਹਨ, ਇਹ ਬਹੁਤ ਜਲਦੀ ਸਥਾਪਿਤ ਹੋ ਜਾਵੇਗਾ।

**ਸਰਦਾਰ ਬਲਬੀਰ ਸਿੰਘ ਸਿੱਧੂ:** ਸਪੀਕਰ ਸਾਹਿਬ, ਮੇਰਾ ਸਵਾਲ ਇਸ ਦੇ ਨਾਲ ਰਿਲੇਟਡ ਹੈ ਜੀ। (ਵਿਘਨ)

**ਸ਼੍ਰੀ ਐਸ.ਆਰ. ਕਲੇਰ:** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ। Let me finish, Sir. ਮੈਂ ਮੰਤਰੀ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਪ੍ਰੋਪੋਜ਼ਲ ਤੇ ਗੌਰ ਕਰਨਾ ਮੰਨਿਆ ਹੈ। ਮੈਂ ਪੁੱਛਣਾ ਚਾਹਵਾਂਗਾ ਕਿ ਇਹ ਪ੍ਰਪੋਜ਼ਲ ਕਦੋਂ ਤੱਕ ਮੁਕੰਮਲ ਹੋ ਜਾਵੇਗੀ? ਮੈਂ ਚਾਹੁੰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਸਾਹਿਬ, ਕੀ ਇਸ ਨੂੰ ਟਾਈਮ ਬਾਊਂਡ ਕਰ ਸਕਦੇ ਹੋ ਕਿ ਨਹੀਂ ?

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਇਹ ਜਿਹੜਾ ਸਟੇਸ਼ਨ ਹੈ, ਜਲਦੀ ਹੀ, ਛੇ ਮਹੀਨਿਆਂ ਦੇ ਅੰਦਰ-ਅੰਦਰ ਸਥਾਪਿਤ ਕਰ ਦਿੱਤਾ ਜਾਵੇਗਾ। (ਥੰਪਿੰਗ)

**ਸਰਦਾਰ ਬਲਬੀਰ ਸਿੰਘ ਸਿੱਧੂ:** ਸਪੀਕਰ ਸਾਹਿਬ, ਬੜਾ ਜ਼ਰੂਰੀ ਪੁਆਇੰਟ ਹੈ......

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਹੁਣ ਗੱਲ ਬਣਦੀ ਨਹੀਂ, ਬੈਠ ਜਾਉ। ਉਨ੍ਹਾਂ ਦਾ ਜਵਾਬ ਆ ਗਿਆ ਹੈ। (ਵਿਘਨ) ਉਨ੍ਹਾਂ ਨੇ ਇਸ ਕੁਐਸਚਨ ਦੇ ਸਬੰਧ ਵਿੱਚ ਜਵਾਬ ਦੇ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਬੀਰ ਸਿੰਘ ਸਿੱਧੂ:** ਸਪੀਕਰ ਸਾਹਿਬ, ਪਿਛਲੀ ਗੌਰਮਿੰਟ ਦੇ ਵਿੱਚ ਇੱਕ ਪ੍ਰਪੋਜ਼ਲ ਆਈ ਸੀ... (ਵਿਘਨ) ਨਹੀਂ ਜੀ, ਇਸੇ ਕੁਐਸਚਨ ਨਾਲ ਰਿਲੇਟਿਡ ਹੈ ਕਿ ਮੁਹਾਲੀ, ਡੇਰਾਬੱਸੀ, ਖਰੜ ਤੇ ਕੁਰਾਲੀ, ਇਨ੍ਹਾਂ ਚਾਰ ਸ਼ਹਿਰਾਂ ਵਿੱਚ ਬਹੁਤ ਇੰਪਾਰਟੈਂਟ ......(ਵਿਘਨ).........

**ਮਾਨਯੋਗ ਸਪੀਕਰ:** ਨਹੀਂ ਜੀ, ਤੁਸੀਂ ਇਸ ਵਾਸਤੇ ਸੈਪਰੇਟ ਕੁਐਸਚਨ ਦੇ ਦੇਣਾ। ਅਗਲਾ ਸਵਾਲ। ਸਰਦਾਰ ਚਤਿੰਨ ਸਿੰਘ ਸਮਾਓਂ ਜੀ।

---

## ਸ਼ਗਨ ਸਕੀਮ ਅਧੀਨ ਅਦਾਇਗੀ

***24. ਸਰਦਾਰ ਚਤਿੰਨ ਸਿੰਘ ਸਮਾਓ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸ਼ਗਨ ਸਕੀਮ ਅਧੀਨ ਰਕਮ ਦੀ ਅਦਾਇਗੀ ਸਬੰਧਤ ਬੱਚੀਆਂ ਦੇ ਵਿਆਹਾਂ ਦੀਆਂ ਤਰੀਕਾਂ ਦੀ ਤਰਤੀਬ ਵਿੱਚ ਕੀਤੀ ਜਾਂਦੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

(ਅ) ਜ਼ਿਲ੍ਹਾ ਮਾਨਸਾ ਵਿੱਚ ਸ਼ਗਨ ਸਕੀਮ ਅਧੀਨ ਅਦਾਇਗੀ ਲਈ ਕਿੰਨੇ ਕੇਸ ਲੰਬਿਤ ਪਏ ਹਨ ਅਤੇ ਇਨ੍ਹਾਂ ਦਾ ਕਦੋਂ ਤੱਕ ਨਿਪਟਾਰਾ ਕਰ ਦਿੱਤਾ ਜਾਵੇਗਾ ?

**ਸਰਦਾਰ ਗੁਲਜਾਰ ਸਿੰਘ ਰਣੀਕੇ:** (ੳ) ਨਹੀਂ ਜੀ, ਭਲਾਈ ਵਿਭਾਗ ਵੱਲੋਂ ਸ਼ਗਨ ਸਕੀਮ ਅਧੀਨ ਰਕਮ ਦੀ ਅਦਾਇਗੀ ਦਰਖਾਸਤਾਂ ਪ੍ਰਾਪਤ ਹੋਣ ਦੀ ਤ੍ਰਰਤੀਬ ਵਿੱਚ ਕੀਤੀ ਜਾਂਦੀ ਹੈ;

(ਅ) ਜ਼ਿਲ੍ਹਾ ਮਾਨਸਾ ਵਿੱਚ ਸ਼ਗਨ ਸਕੀਮ ਅਧੀਨ ਅਦਾਇਗੀ ਲਈ ਕੁੱਲ 3704 ਕੇਸ ਪਏ ਹਨ। ਸਾਲ 2009-10 ਅਤੇ 2010-11 ਨਾਲ ਸਬੰਧਤ ਪੈਂਡਿੰਗ ਯੋਗ ਕੇਸਾਂ ਦਾ ਨਿਪਟਾਰਾ ਵੈਰੀਫਿਕੇਸ਼ਨ ਹੋਣ ਉਪਰੰਤ ਕਰ ਦਿੱਤਾ ਜਾਵੇਗਾ। ਸਾਲ 2011-12 ਦੇ ਲੰਬਿਤ ਕੇਸਾਂ ਦਾ ਨਿਪਟਾਰਾ ਬੈਂਕ ਖਾਤਿਆਂ ਸਮੇਤ ਸੂਚੀਆਂ ਪ੍ਰਾਪਤ ਕਰਕੇ ਕਰ ਦਿੱਤਾ ਜਾਵੇਗਾ। ਸਾਲ 2012-13 ਦੇ ਪੈਂਡਿੰਗ ਯੋਗ ਕੇਸ ਵਿੱਤ ਵਿਭਾਗ ਤੋਂ ਲੋੜੀਂਦੇ ਫੰਡਜ਼ ਪ੍ਰਾਪਤ ਹੋਣ ਤੇ ਨਿਪਟਾਏ ਜਾਣਗੇ।

ਸਾਲ 2012-13 ਦੇ ਜਿਹੜੇ ਪੈਂਡਿੰਗ ਕੇਸ ਹਨ, ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ ਕਿ ਵਿਭਾਗ ਨੂੰ ਫੰਡ ਵੀ ਦੇ ਦਿੱਤੇ ਹਨ। ਉਹ ਕੇਸ 576 ਹਨ। ਉਨ੍ਹਾਂ ਦੇ ਪੈਸੇ ਆ ਚੁੱਕੇ ਹਨ। ਜਦੋਂ ਬੈਂਕਾਂ ਦੇ ਖਾਤੇ ਖੁਲ੍ਹਣੇ ਹਨ, ਉਨ੍ਹਾਂ ਵਿੱਚ ਆਨ ਲਾਈਨ ਇਹ ਚਲੇ ਜਾਣੇ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਚਰਿੰਜ ਸਿੰਘ ਸਮਾਉ:** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇੰਨੀ ਵਧੀਆ ਤੇ ਚੰਗੀ ਸਕੀਮ ਗਰੀਬ ਲੋਕਾਂ ਵਾਸਤੇ ਲਿਆਂਦੀ ਹੈ। ਮੰਤਰੀ ਸਾਹਿਬ ਨੇ ਜੋ ਜਵਾਬ ਦਿੱਤਾ ਹੈ, ਉਸ ਦੇ ਬਾਰੇ ਮੈਂ ਥੋੜ੍ਹਾ ਜਿਹਾ ਸੁਜੈਸਟ ਵੀ ਕਰਾਂਗਾ ਕਿ ਤੁਹਾਨੂੰ ਪਤਾ ਹੈ ਕਿ ਉਹ ਜਿਹੜੇ ਪੈਸੇ ਆ ਰਹੇ ਹਨ, ਕਈ ਵਾਰੀ ਪੈਸੇ ਦੀ ਕਮੀ ਵੀ ਆ ਜਾਂਦੀ ਹੈ ਪਰ ਇਹ ਨਹੀਂ ਹੋਣਾ ਚਾਹੀਦਾ ਕਿ ਕੁਝ ਮਹੀਨੇ ਛੱਡ ਕੇ ਅਗਲਿਆਂ ਨੂੰ ਦੇ ਦਿਉ ਅਤੇ ਅਗਲੇ ਸਾਲ ਦੇ ਕੁਝ ਮਹੀਨੇ ਛੱਡ ਕੇ ਉਸ ਤੋਂ ਅਗਲਿਆਂ ਨੂੰ ਪੈਸੇ ਦੇ ਦਿਉ। ਇਸ ਦੇ ਨਾਲ ਜਿਹੜੇ ਕੇਸ ਪੈਂਡਿੰਗ ਰਹਿ ਜਾਂਦੇ ਹਨ, ਉਨ੍ਹਾਂ ਲੋਕਾਂ ਨੂੰ ਮਾਯੂਸੀ ਹੁੰਦੀ ਹੈ। ਇਸ ਲਈ ਕੇਸ ਪਿੱਛੇ ਤੋਂ ਮੁਕੰਮਲ ਕਰਕੇ ਕਿਉਂ ਨਾ ਲਿਆਂਦੇ ਜਾਣ। ਇਹ ਹੋ ਰਿਹਾ ਹੈ ਕਿ ਅੱਜ ਜੇ ਕੋਈ ਦਰਖਾਸਤ ਦਿੰਦਾ ਹੈ ਤਾਂ ਉਸ ਨੂੰ ਮਹੀਨੇ ਜਾਂ ਦੋ ਮਹੀਨੇ ਬਾਅਦ ਪੈਸੇ ਮਿਲ ਜਾਂਦੇ ਹਨ ਪਰ ਇੱਕ ਪਿਛਲੇ ਦੋ ਸਾਲ ਦਾ ਪਿਛੜਿਆ ਬੈਠਾ ਹੈ, ਇਹ ਜੋ ਤਰਤੀਬ ਹੈ, ਪਤਾ ਨਹੀਂ ਇਹ ਕਿਸਨੇ ਸੁਜੈਸਟ ਕੀਤੀ ਹੈ ਕਿ ਪਿਛਲਿਆਂ ਨੂੰ ਛੱਡ ਦਿਉ ਤੇ ਅਗਲਿਆਂ ਨੂੰ ਦੇ ਦਿਉ। ਇਸ ਲਈ ਕ੍ਰਿਪਾ ਕਰਕੇ......

**ਮਾਨਯੋਗ ਸਪੀਕਰ:** ਤੁਸੀਂ ਸਵਾਲ ਕਰੋ।

**ਸਰਦਾਰ ਚਰਿੰਜ ਸਿੰਘ ਸਮਾਉ:** ਮੈਂ ਬੇਨਤੀ ਕਰਾਂਗਾ ਕਿ ਪਿੱਛੇ ਤੋਂ ਕੇਸ ਮੁਕੰਮਲ ਕਰਕੇ ਲਿਆਵੋ। ਮੈਂ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਪੈਸੇ ਪ੍ਰਾਪਤ ਕਰ ਲਏ ਹਨ ਅਤੇ ਲੋਕਾਂ ਨੂੰ ਦੇਣਗੇ।

**ਮੰਤਰੀ:** ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਖਦਸ਼ਾ ਜ਼ਾਹਰ ਕੀਤਾ ਹੈ, ਉਸ ਬਾਰੇ ਸਾਨੂੰ ਫਾਈਨਾਂਸ ਡਿਪਾਰਟਮੈਂਟ ਵਲੋਂ ਕੁਝ ਹਦਾਇਤਾਂ ਸੀ ਕਿ ਕੁਝ ਕੇਸ ਗਲਤ ਆ ਜਾਂਦੇ ਹਨ, ਉਨ੍ਹਾਂ ਦੀ ਵੈਰੀਫਿਕੇਸ਼ਨ ਡੀ.ਸੀ. ਸਾਹਿਬਾਨਾਂ ਤੋਂ ਕਰਵਾਈ ਜਾਵੇ। ਡੀ.ਸੀ. ਸਾਹਿਬਾਨਾਂ ਦੀ ਵੈਰੀਫਿਕੇਸ਼ਨ ਥੋੜ੍ਹੀ ਜਿਹੀ ਲੇਟ ਹੋਈ ਹੈ, ਹੁਣ ਸਾਰਾ ਹੀ ਪੈਸਾ, ਮੈਂ ਫਾਈਨਾਂਸ ਡਿਪਾਰਟਮੈਂਟ ਤੇ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਕੱਲ੍ਹ ਉਨ੍ਹਾਂ ਨੇ ਦੱਸਿਆ ਹੈ ਕਿ ਛੇ ਮਹੀਨਿਆਂ ਦੇ ਅੰਦਰ ਸਾਰੇ ਟੋਟਲ ਕੇਸ ਚਾਹੇ ਸਾਲ 2009-10 ਦੇ ਹਨ, 2011-12 ਦੇ ਹਨ ਜਾਂ 2012-13 ਦੇ ਹਨ, ਉਹ ਸਾਰੇ ਕੰਪਲੀਟ ਕਰ ਦੇਣੇ ਹਨ। ਹੁਣ ਕੋਈ ਪੈਸੇ ਦੀ ਕਮੀ ਨਹੀਂ ਹੈ, ਹੁਣ ਸਾਡੀਆਂ ਸਾਰੀਆਂ ਵੈਰੀਫਿਕੇਸ਼ਨਾਂ ਵੀ ਆਉਣ ਵਾਲੀਆਂ ਹਨ, ਡੀ.ਸੀ. ਸਾਹਿਬਾਨਾਂ ਨੂੰ ਹਦਾਇਤਾਂ ਵੀ ਕੀਤੀਆਂ ਹਨ ਕਿ ਜਲਦੀ ਕਰਕੇ ਸਾਨੂੰ ਵੈਰੀਫਿਕੇਸ਼ਨਾਂ ਕਰਕੇ ਭੇਜ ਦਿਓ। ਉਹ ਭੇਜ ਦੇਣਗੇ। ਹੁਣ ਪੈਸੇ ਦਾ ਕੋਈ ਮਸਲਾ ਨਹੀਂ ਰਹਿ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਹਰਚੰਦ ਕੌਰ:** ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਜੀ ਕਿ ਜਿਹੜੇ ਪਿਛਲੇ 2006, 2007, 2008, 2009 ਅਤੇ 2010 ਦੇ ਪੈਸੇ ਸ਼ਗਨ ਸਕੀਮਾਂ ਦੇ ਪੈਂਡਿੰਗ ਪਏ ਹਨ ਕੀ ਮੰਤਰੀ ਸਾਹਿਬ ਇਸ ਸਾਲ ਦੇ ਵਿੱਚ ਇਨ੍ਹਾਂ ਸਾਲਾਂ ਦੇ ਵੀ ਪੈਸੇ ਦੇਣਗੇ? ਇਹ ਮੈਨੂੰ ਵਿਸ਼ਵਾਸ ਦਿਵਾਉਣਗੇ ਕਿ ਇਸੇ ਸਾਲ ਦੇ ਵਿੱਚ 2006, 2007, 2008, 2009, ਅਤੇ 2010 ਦੇ ਜੋ ਪੈਸੇ ਸ਼ਗਨ ਸਕੀਮਾਂ ਦੇ ਪੈਂਡਿੰਗ ਪਏ ਹਨ, ਕੀ ਉਨ੍ਹਾਂ ਨੂੰ ਕਲੀਅਰ ਕਰਕੇ ਲੋਕਾਂ ਨੂੰ ਦਿੱਤੇ ਜਾਣਗੇ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠਿਆ):** (ਬੈਠੇ-ਬੈਠੇ ਬਗੈਰ ਆਗਿਆ ਤੋਂ) ਜਿਹੜੇ ਕਾਂਗਰਸ ਵੇਲੇ ਨਹੀਂ ਦੇ ਕੇ ਗਏ ਸਾਡੇ ਮੁੱਖ ਮੰਤਰੀ ਜੀ ਨੇ ਉਹ ਵੀ ਦਿੱਤੇ ਹਨ) (ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਹਨ ਜਿਸ ਕਰਕੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**Mr. Speaker:** Silence Please

**ਮੰਤਰੀ:** ਜਿਹੜਾ ਮੈਂਬਰ ਸਾਹਿਬ ਨੇ ਕਿਹਾ ਹੈ ਕਿ 2009-10 ਦਾ (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ ਅਤੇ ਟਰੈਜ਼ਰੀ ਬੈਂਚਿਜ ਵੱਲੋਂ ਵੀ ਮੈਂਬਰ ਸਾਹਿਬਾਨ ਬੈਠੇ-ਬੈਠੇ ਬਗੈਰ ਇਜਾਜਤ ਬੋਲ ਰਹੇ ਸਨ ਜਿਸ ਕਰਕੇ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ** (ਬੈਠੇ-ਬੈਠੇ): ਤੁਸੀਂ ਆਪਣੀ ਗਲਤੀ ਮੰਨੀ ਹੈ, ਮੈਂ ਵਧਾਈ ਦੇਣਾ ਚਾਹੁੰਦਾ ਹਾਂ ਬੀਬੀ ਜੀ।

**Mr. Speaker:** Silence Please

Original with;
Punjab Vidhan Sabha
Digitized by;
Panjab Digital Library

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ** (ਬੈਠੇ-ਬੈਠੇ): ਬੀਬੀ ਜੀ ਮੈਂ ਸਤਿਕਾਰ ਕਰਦਾ ਹਾਂ ਤੁਹਾਡਾ ਤੁਸੀਂ ਆਪਣੀ ਗਲਤੀ ਮੰਨੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ ਅਤੇ ਟਰੇਜ਼ਰੀ ਬੈਂਚਿਜ਼ ਵਲੋਂ ਵੀ ਮੈਂਬਰ ਸਾਹਿਬਾਨ ਬੈਠੇ-ਬੈਠੇ ਬਗੈਰ ਇਜਾਜ਼ਤ ਬੋਲ ਰਹੇ ਸਨ ਜਿਸ ਕਰਕੇ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮੰਤਰੀ:** ਇਹ 42 ਕਰੋੜ ਰੁਪਿਆ ਬਣਦਾ ਸੀ ਮੈਂ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਦੇ ਦਿੱਤਾ ਹੈ (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਔਰ ਮੈਂ ਬੀਬੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਪੈਂਡਿੰਗ ਹਨ ਤੁਸੀਂ ਡੀ.ਸੀ. ਸਾਹਿਬ ਨਾਲ ਗੱਲ ਕਰ ਲਓ, ਵੈਰੀਫਿਕੇਸ਼ਨਾਂ ਕਰਵਾ ਕੇ ਭੇਜ ਦਿਓ, ਅਸੀਂ ਸ਼ਾਮੀਂ ਕਰਵਾ ਦਿਆਂਗੇ। (ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ, ਅਤੇ ਟਰੈਜਰੀ ਬੈਂਚਿਜ ਵੱਲੋਂ ਵੀ ਮੈਂਬਰ ਸਾਹਿਬਾਨ ਬੈਠੇ-ਬੈਠੇ ਬਗੈਰ ਇਜਾਜਤ ਬੋਲ ਰਹੇ ਸਨ ਜਿਸ ਸਦਨ ਵਿੱਚ ਕਾਫ਼ੀ ਸ਼ੋਰ ਸੀ ਅਤੇ ਕਰਕੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**Mr. Speaker :** Nothing should be recorded except ਜੋ ਮੰਤਰੀ ਸਾਹਿਬ ਬੋਲ ਰਹੇ ਹਨ। Silence Please। ਅਗਲਾ ਸਵਾਲ, ਸ੍ਰੀਮਤੀ ਕਰਨ ਕੌਰ ਬਰਾੜ ਜੀ।

---

## ਨਕਲੀ ਦੁੱਧ ਨੂੰ ਰੋਕਣਾ

***246. ਸ੍ਰੀਮਤੀ ਕਰਨ ਕੌਰ ਬਰਾੜ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਨਕਲੀ ਦੁੱਧ ਬਣਾਉਣ ਤੋਂ ਰੋਕਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਇਸ ਸਬੰਧ ਵਿੱਚ ਕਿੰਨਾ ਜੁਰਮਾਨਾ ਲਗਾਇਆ ਜਾਂਦਾ ਹੈ;

(ਅ) ਪਿਛਲੇ ਇੱਕ ਸਾਲ ਦੇ ਸਮੇਂ ਦੌਰਾਨ ਨਕਲੀ ਦੁੱਧ ਬਣਾਉਣ ਕਾਰਨ ਫੜੇ ਜਾਣ ਤੇ ਕਿੰਨੇ ਲੋਕ ਦੋਸ਼ੀ ਪਾਏ ਗਏ ਹਨ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਮੋਹਨ ਮਿੱਤਲ:** (ੳ) ਫੂਡ ਸੇਫਟੀ ਅਤੇ ਸਟੈਂਡਰਡ ਐਕਟ, 2006 ਦੇ ਉਪਬੰਧਾਂ ਅਧੀਨ ਅਧਿਸੂਚਿਤ ਕੀਤੇ ਗਏ ਅਧਿਕਾਰੀਆਂ ਵਲੋਂ ਦੁੱਧ ਦੇ ਸੈਂਪਲ ਭਰਕੇ ਲੈਬਾਰਟਰੀ ਵਿੱਚ ਟੈਸਟ ਕਰਵਾਏ ਜਾਂਦੇ ਹਨ। ਜੇਕਰ ਕੋਈ ਸੈਂਪਲ ਬੇ-ਮਿਆਰੀ ਜਾਂ ਨਕਲੀ ਪਾਇਆ ਜਾਂਦਾ ਹੈ ਤਾਂ ਅਜਿਹੇ ਕੇਸਾਂ ਵਿੱਚ ਸਬੰਧਤ ਐਡਜੂਡੀਕੇਟਿੰਗ ਅਫਸਰ ਵਲੋਂ 5 ਲੱਖ ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

(ਅ) ਪਿਛਲੇ ਇੱਕ ਸਾਲ ਦੌਰਾਨ (ਮਿਤੀ 1-4-2011 ਤੋਂ 31-05-2012 ਤੱਕ ) ਪੰਜ ਲੋਕ ਦੋਸ਼ੀ ਪਾਏ ਗਏ ਹਨ।

**ਸ਼੍ਰੀਮਤੀ ਕਰਨ ਕੌਰ ਬਰਾੜ:** ਸਪੀਕਰ ਸਾਹਿਬ, ਇਹ ਬਹੁਤ ਸੰਗੀਨ ਮਸਲਾ ਹੈ। ਕਈ ਲੋਕਾਂ ਦੇ ਨਕਲੀ ਦੁੱਧ ਦੇ ਨਾਲ ਗੁਰਦੇ ਖਰਾਬ ਹੋ ਗਏ ਹਨ। ਮੰਤਰੀ ਜੀ ਨੇ ਜਵਾਬ ਵਿੱਚ ਕਿਹਾ ਹੈ ਕਿ "Notified officer under the provisions of Food Safety and Standards Act. " ਮੈਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਨੋਟੀਫਾਈਡ ਆਫਿਸਰਜ਼ ਕੌਣ ਹਨ, ਕਿੱਥੇ ਦੇ ਹਨ, ਕੀ ਉਹ ਖੁਫੀਆ ਹੋ ਕੇ ਆਉਂਦੇ ਹਨ, ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਇਹ ਜਿਹੜਾ ਨਕਲੀ ਦੁੱਧ ਦਾ ਮਸਲਾ ਹੈ, ਇਹ ਸਾਰੀਆਂ ਜਗ੍ਹਾ ਤੇ ਫੈਲਿਆ ਹੋਇਆ ਹੈ, ਇਹ ਬੜਾ ਸੀਰੀਅਸ ਮਸਲਾ ਹੈ..........

**ਮਾਨਯੋਗ ਸਪੀਕਰ:** ਤੁਸੀਂ ਇਸ ਬਾਰੇ ਪੁੱਛਣਾ ਕੀ ਚਾਹੁੰਦੇ ਹੋ?

**ਸ਼੍ਰੀਮਤੀ ਕਰਨ ਕੌਰ ਬਰਾੜ:** ਮੈਂ ਪੁੱਛਣਾ ਇਹ ਚਾਹੁੰਦੀ ਹਾਂ ਕਿ ਇਹ ਨੋਟੀਫਾਈਡ ਅਫ਼ਸਰ ਕਿੱਥੋਂ ਆਉਂਦੇ ਹਨ, ਕੀ ਇਨ੍ਹਾਂ ਦਾ ਕੋਈ ਵਿਜੀਲੈਂਸ ਵਗੈਰਾ ਦਾ ਕੋਈ ਮਹਿਕਮਾ ਅਲੱਗ ਹੈ, ਕਿਵੇਂ ਹੈ?

**ਮਾਨਯੋਗ ਸਪੀਕਰ:** ਹਾਂ ਜੀ, ਇਨ੍ਹਾਂ ਦਾ ਕੋਈ ਆਫਿਸ ਵਗੈਰਾ ਹੈ, ਦੱਸ ਦਿਓ ਜਿੱਥੋਂ ਪਤਾ ਲਗ ਸਕਦਾ ਹੋਵੇ।

**ਮੰਤਰੀ:** ਸਰ, ਇਸ ਵਿੱਚ ਇਹ ਹੈ ਕਿ ਜਿੰਨੇ ਵੀ ਐਡੀਸ਼ਨਲ ਡਿਪਟੀ ਕਮਿਸ਼ਨਰ ਹਨ, ਉਨ੍ਹਾਂ ਨੂੰ Adjudicating Officer ਬਣਾਇਆ ਗਿਆ ਹੈ ਔਰ ਜਿਨੇ ਵੀ ਕੈਟੇਗਰੀਜ਼ ਦੇ ਕ੍ਰਾਈਮ ਹਨ, ਜਿੱਥੇ ਅਨਸੇਫ ਫੂਡ ਹੈ, ਉਨ੍ਹਾਂ ਨੂੰ ਚੀਫ ਜੁਡੀਸ਼ਅਲ ਮੈਜਿਸਟਰੇਟ ਟਰਾਈ ਕਰਦਾ ਹੈ ਔਰ ਜਿਹੜਾ ਮਿਲਾਵਟ ਵਾਲਾ ਫੂਡ ਹੈ, ਉੱਥੇ ਐਡੀਸ਼ਨਲ ਡਿਪਟੀ ਕਮਿਸ਼ਨਰ as Adjudicating Officer try ਕਰੇਗਾ।

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਕਰਨ ਕੌਰ ਬਰਾੜ:** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਪਿਛਲੇ ਸਾਲ ਵਿੱਚ ਇਸ ਮਾਮਲੇ ਵਿੱਚ 5 ਬੰਦੇ ਫੜ੍ਹੇ ਗਏ ਹਨ। 5 ਬੰਦੇ, ਇਹ ਏਨਾ ਸੰਗੀਨ ਮਾਮਲਾ ਹੈ, ਇਸ ਵਿੱਚ ਮੈਂ ਇੱਕ ਗੱਲ ਕਹਾਂਗੀ ਕਿ ਇੱਥੇ ਬੜੀ ਢਿੱਲ੍ਹ ਹੋ ਰਹੀ ਹੈ, ਇਸ ਲਈ ਮੈਂ ਮੰਤਰੀ ਜੀ ਨੂੰ ਗੁਜ਼ਾਰਿਸ਼ ਵੀ ਕਰਾਂਗੀ ਅਤੇ ਪੁੱਛਾਂਗੀ ਵੀ ਕਿ ਇਸ ਦੇ ਲਈ, ਇਸ ਨੂੰ ਰੋਕਣ ਲਈ ਕੀ ਜ਼ਿਆਦਾ ਸਖਤ ਮੱਈਯਰਜ਼ ਲਏ ਜਾ ਸਕਦੇ ਹਨ?

**ਮੰਤਰੀ:** ਸਪੀਕਰ ਸਾਹਿਬ, ਮੈਂ ਬੀਬੀ ਜੀ ਦਾ ਧੰਨਵਾਦ ਕਰਦਾ ਹਾਂ। ਬੀਬੀ ਜੀ ਜਿੱਥੇ ਕਿਤੇ ਵੀ ਤੁਹਾਡੀ ਜਾਣਕਾਰੀ ਵਿੱਚ ਆਉਂਦਾ ਹੈ ਕਿ ਕੋਈ ਦੁੱਧ ਜਾਅਲੀ ਬਣਾਉਂਦਾ ਹੈ ਜਾਂ ਕੋਈ ਹੋਰ ਇਸ ਤਰ੍ਹਾਂ ਦਾ ਧੰਦਾ ਕਰਦਾ ਹੈ ਉਸ ਬਾਰੇ ਤੁਸੀਂ ਸਾਨੂੰ ਦੱਸੋ, ਅਸੀਂ ਆਪਣੇ ਤੌਰ ਤੇ ਚੈਕਿੰਗ ਕਰਦੇ ਹਾਂ, ਛਾਪੇ ਮਾਰਦੇ ਹਾਂ। ਉਸ ਵਿੱਚ ਜਿਹੜੇ ਸੈਂਪਲ ਪਾਸ ਹੋ ਗਏ, ਉਨ੍ਹਾਂ ਦੇ ਖਿਲਾਫ ਤਾਂ ਕੋਈ ਕਾਰਵਾਈ ਨਹੀਂ ਹੁੰਦੀ ਲੇਕਿਨ ਜਿਨ੍ਹਾਂ ਦੇ ਸੈਂਪਲ ਫੇਲ੍ਹ ਹੋ ਜਾਂਦੇ ਹਨ we are very strict. ਉਨ੍ਹਾਂ ਦੇ ਖਿਲਾਫ ਅਸੀਂ ਕਾਰਵਾਈ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਫੂਡ ਪਿਓਰ ਮਿਲੇ ਔਰ ਉਸਦੇ ਵਾਸਤੇ ਸਾਡੇ ਅਫਸਰ ਮਾਰਕੀਟ ਦੇ ਵਿੱਚ ਜਾ ਕੇ ਸੈਪੰਲਿੰਗ ਕਰਦੇ ਹਨ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਬੜਾ ਸੀਰੀਅਸ ਮਾਮਲਾ ਹੈ। ਸਾਰੇ ਪਾਸੇ ਪੰਜਾਬ ਵਿੱਚ ਹਾਹਾਕਾਰ ਮੱਚੀ ਹੋਈ ਹੈ। ਨਕਲੀ ਦੁੱਧ ਆ ਰਿਹਾ ਹੈ। ਯੂਰੀਆ ਪਾ ਕੇ ਦੁੱਧ ਵੇਚਿਆ ਜਾ ਰਿਹਾ ਹੈ। ਇੱਥੋਂ ਤੱਕ ਵੀ ਕਿ ਜਿਹੜਾ ਪੰਜਾਬ ਸਰਕਾਰ ਦਾ ਵੇਰਕਾ ਦੁੱਧ ਹੈ, ਉਸਦਾ ਵੀ ਇਹੀ ਹਾਲ ਹੈ। ਮੰਤਰੀ ਜੀ ਦੱਸਣ ਕਿ ਹੁਣ ਤੱਕ ਇਨ੍ਹਾਂ ਨੇ ਕਿੰਨੇ ਕੇਸ ਫੜ੍ਹੇ ਹਨ। ਕਿਹੜੇ ਏ.ਡੀ.ਸੀ. ਨੇ ਕੋਈ ਕੇਸ ਪਕੜਿਆ ਹੈ ਅਤੇ ਕੀ ਐਕਸ਼ਨ ਹੋਇਆ ਹੈ।

**ਮਾਨਯੋਗ ਸਪੀਕਰ:** ਮੋਫਰ ਸਾਹਿਬ ਇਹ ਤਾਂ ਜਵਾਬ ਵਿੱਚ ਆ ਗਿਆ ਹੈ। ਇਨ੍ਹਾਂ ਨੇ ਦੱਸ ਦਿੱਤਾ ਹੈ ਕਿ 5 ਬੰਦੇ ਫੜੇ ਗਏ ਹਨ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਨਹੀਂ, ਦੱਸੋ ਤਾਂ ਸਹੀ ਕਿ ਹੁਣ ਤੱਕ ਕਿੰਨੇ ਕੇਸ ਫੜ੍ਹੇ ਗਏ ਹਨ? ਪੰਜਾਬ ਵਿੱਚੋਂ ਕਿਸੇ ਸ਼ਹਿਰ ਦਾ, ਕਿਸੇ ਪਿੰਡ ਦਾ ਕੋਈ ਐਗਜਾਂਪਲ ਦੇ ਦੇਣ, ਕਿਸੇ ਡੇਅਰੀ ਦਾ ਦੇ ਦੇਣ। ਕਿਤੇ ਕੋਈ ਛਾਪਾ ਮਾਰਿਆ ਗਿਆ ਹੈ? ਕੋਈ ਕੇਸ ਫੜਿਆ ਹੈ?

**ਮਾਨਯੋਗ ਸਪੀਕਰ:** ਮੋਫਰ ਸਾਹਿਬ, ਮੰਤਰੀ ਸਾਹਿਬ ਨੇ ਇਸ ਬਾਰੇ ਦੱਸਿਆ ਤਾਂ ਹੈ ਕਿ 5 ਬੰਦੇ ਦੋਸ਼ੀ ਫੜ੍ਹੇ ਗਏ ਹਨ।

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਮੈਂ ਇਹ ਵੀ ਦੱਸ ਦਿੰਦਾ ਹਾਂ ਕਿ ਅਸੀਂ 1.4.2011 ਤੋਂ ਲੈ ਕੇ 31.5.2012 ਤੱਕ 561 ਸੈਂਪਲ ਭਰੇ ਹਨ। ਉਸ ਦੇ ਵਿੱਚੋਂ ਜੋ ਫੇਲ੍ਹ ਹੋਏ ਹਨ, ਉਨ੍ਹਾਂ ਦੀ ਗਿਣਤੀ 119 ਹੈ ਅਤੇ ਜਿਹੜੇ ਪਾਸ ਹੋਏ ਹਨ ਉਹ 442 ਸਨ। ਹੁਣ ਇਸ ਵਿੱਚ ਦੋ ਸਾਲਾਂ ਦੀ ਕੈਦ ਅਤੇ 5,000 ਰੁਪਏ ਜ਼ੁਰਮਾਨਾ ਇੱਕ ਕੇਸ ਵਿੱਚ ਹੋਇਆ ਹੈ। ਚਾਰ ਕੇਸਾਂ ਵਿੱਚ 3 ਨੂੰ 6 ਮਹੀਨੇ ਦੀ ਸਜ਼ਾ ਅਤੇ ਬਾਕੀਆਂ ਨੂੰ ਜ਼ੁਰਮਾਨਾ ਹੋਇਆ ਹੈ। Four have been convicted out of which three have been awarded imprisonment for six months ਅਤੇ ਇੱਕ ਨੂੰ ਇੱਕ ਸਾਲ ਦੀ ਸਜ਼ਾ ਹੋਈ ਹੈ।

---

## ਆਂਗਨਵਾੜੀ ਵਰਕਰਾਂ ਦੀਆਂ ਤਨਖਾਹਾਂ ਵਿੱਚ ਵਾਧਾ

***69. ਸ਼੍ਰੀ ਤਰਲੋਚਨ ਸਿੰਘ:** ਕੀ ਸਮਾਜਿਕ ਸੁਰੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਆਂਗਨਵਾੜੀ ਵਰਕਰਾਂ ਦੀਆਂ ਤਨਖਾਹਾਂ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸ਼੍ਰੀ ਮਦਨ ਮੋਹਨ ਮਿੱਤਲ:** ਭਾਰਤ ਸਰਕਾਰ ਵੱਲੋਂ ਮਿਤੀ 1-04-2011 ਤੋਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੇ ਮਾਫਭੱਤੇ ਵਿੱਚ ਕ੍ਰਮਵਾਰ 1500/- ਰੁਪਏ ਤੋਂ 3000/- ਰੁਪਏ ਅਤੇ 750/- ਰੁਪਏ ਤੋਂ 1500/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਵਲੋਂ ਮਿਤੀ 1-11-2011 ਤੋਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੇ ਮਾਨਭੱਤੇ ਵਿੱਚ ਕ੍ਰਮਵਾਰ 800/- ਰੁਪਏ ਤੋਂ 1600/- ਰੁਪਏ ਅਤੇ 400/- ਰੁਪਏ ਤੋਂ 800/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਾਧਾ ਕੀਤਾ ਗਿਆ ਹੈ। ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਕ੍ਰਮਵਾਰ ਕੁਲ 4600/- (3000+1600) ਰੁਪਏ ਅਤੇ 2300/- (1500+800) ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮਾਨਭੱਤੇ ਦੀ ਅਦਾਇਗੀ ਕੀਤੀ ਜਾ ਰਹੀ ਹੈ।

ਆਈ.ਸੀ.ਡੀ.ਐਸ. ਸਕੀਮ ਅਧੀਨ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੇ ਮਾਨਭੱਤੇ ਵਿੱਚ ਹੋਰ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀ ਤਰਲੋਚਨ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਆਂਗਨਵਾੜੀ ਵਰਕਰ ਨੂੰ 4600/- ਰੁਪਏ ਅਤੇ ਹੈਲਪਰ ਨੂੰ 2300/- ਰੁਪਏ ਦਿੱਤੇ ਜਾਂਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ 4600/- ਰੁਪਏ ਅਤੇ 2300/- ਰੁਪਏ ਨਾਲ ਉਹ ਗੁਜ਼ਾਰਾ ਕਰ ਲੈਣਗੇ?

Original with;
Punjab Vidhan Sabha
Digitized by;
Panjab Digital Library

**Mr. Speaker:** This is no supplementary.

**ਸ਼੍ਰੀ ਤਰਲੋਚਨ ਸਿੰਘ:** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਂਗਨਵਾੜੀ ਵਰਕਰਾਂ ਲਈ ਮੀਨੀਮਮ ਵੇਜਜ਼ ਐਕਟ ਅਧੀਨ ਜੋ ਮਾਣ-ਭੱਤਾ ਦਿੱਤਾ ਜਾਂਦਾ ਹੈ, ਕੀ ਉਸ ਤਰਜ ਤੇ ਭੱਤੇ ਵਧਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ?

**ਮੰਤਰੀ:** ਸਪੀਕਰ ਸਾਹਿਬ, ਭਾਰਤ ਸਰਕਾਰ ਦੇ ਪਲਾਨਿੰਗ ਕਮਿਸ਼ਨ ਨੇ ਜਿਹੜੇ ਗਰੀਬੀ ਰੇਖਾ ਤੋਂ ਨੀਚੇ ਰਹਿ ਰਹੇ ਹਨ ਉਨ੍ਹਾਂ ਦੀ ਆਮਦਨ 26 ਰੁਪਏ ਮੁੱਲ ਪਾਇਆ ਹੈ। ਮੈਂਬਰ ਸਾਹਿਬ ਪੁੱਛ ਰਹੇ ਹਨ ਕਿ ਉਹ ਕਿਵੇਂ ਗੁਜ਼ਾਰਾ ਕਰਨਗੇ? ਮੈਂ ਪੁੱਛਦਾ ਹਾਂ ਕਿ 26 ਰੁਪਏ ਵਾਲੇ ਕਿਸ ਤਰ੍ਹਾਂ ਗੁਜ਼ਾਰਾ ਕਰਦੇ ਹਨ।

**ਸ਼੍ਰੀ ਤਰਲੋਚਨ ਸਿੰਘ:** ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਸਵਾਲ ਦਾ ਸਪੈਸੀਫਿਕ ਜਵਾਬ ਨਹੀਂ ਦਿੱਤਾ। ਜੇਕਰ ਇਹ ਭਾਰਤ ਸਰਕਾਰ ਦੇ ਪੈਮਾਨਿਆਂ ਦੀ ਗੱਲ ਕਰਦੇ ਹਨ ** **

**Mr. Speaker:** Not to be recorded. This is no supplementary.
(ਇਸ ਸਮੇਂ ਫਿਰ ਸ਼੍ਰੀ ਤਰਲੋਚਨ ਸਿੰਘ ਸਪਲੀਮੈਂਟਰੀ ਕਰਨ ਲਈ ਖੜ੍ਹੇ ਸਨ।)

**ਮਾਨਯੋਗ ਸਪੀਕਰ:** ਸ਼੍ਰੀ ਤਰਲੋਚਨ ਸਿੰਘ ਜੀ, ਹੁਣ ਗੱਡੀ ਲੰਘ ਗਈ ਹੈ। ਹੁਣ ਬੈਠੋ। ਜੇਕਰ ਮਨਿਸਟਰ ਕੋਲੋਂ ਜਵਾਬ ਲੈਣਾ ਚਾਹੁੰਦੇ ਹੋ ਤਾਂ ਤਿਆਰੀ ਕਰਕੇ ਆਇਆ ਕਰੋ। ਅਗਲਾ ਸਵਾਲ ਇਯਾਲੀ ਜੀ। (ਇਸ ਸਮੇਂ ਸ਼੍ਰੀ ਅਸ਼ਵਨੀ ਸੇਖੜੀ ਜੀ ਆਪਣੀ ਸੀਟ ਤੇ ਖੜ੍ਹੇ ਸਨ।)

**ਮਾਨਯੋਗ ਸਪੀਕਰ:** ਸੇਖੜੀ ਜੀ, ਕੀ ਤੁਹਾਡਾ ਕੋਈ ਸਵਾਲ ਹੈ? ਮੈਂ ਤਾਂ ਇਯਾਲੀ ਜੀ ਨੂੰ ਕਿਹਾ ਹੈ।

---

## ਸਿੰਚਾਈ ਵਿਭਾਗ ਦੀ ਜ਼ਮੀਨ ਉਪਰ ਨਜਾਇਜ਼ ਕਬਜ਼ੇ

***347. ਸਰਦਾਰ ਮਨਪ੍ਰੀਤ ਸਿੰਘ ਇਯਾਲੀ:** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਲੁਧਿਆਣਾ ਸ਼ਹਿਰ ਦੇ ਨਾਲ ਲੱਗਦੇ ਬੰਦ ਪਏ ਸੂਇਆਂ ਦੀ ਜਮੀਨ ਉਤੇ ਪ੍ਰਾਈਵੇਟ ਕਲੋਨਾਈਜਰਾਂ ਦੁਆਰਾ ਕਬਜਾ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਅਣ-ਅਧਿਕਾਰਤ ਕਾਬਜਕਾਰਾ ਤੋਂ ਖ਼ਾਲੀ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਜਨਮੇਜਾ ਸਿੰਘ ਸੇਖੋਂ:** ਨਹੀਂ ਜੀ, ਲੁਧਿਆਣਾ ਸ਼ਹਿਰ ਦੇ ਨਾਲ ਲੱਗਦੇ ਬੰਦ ਪਏ ਸੂਇਆਂ ਦੀ ਜ਼ਮੀਨ ਉੱਤੇ ਪ੍ਰਾਈਵੇਟ ਕਲੋਨਾਈਜਰਾਂ ਦੁਆਰਾ ਕੋਈ ਵੀ ਨਜ਼ਾਇਜ਼ ਕਬਜ਼ਾ ਨਹੀਂ ਕੀਤਾ ਹੋਇਆ। ਲੁਧਿਆਣਾ ਸ਼ਹਿਰ ਦੇ ਨਾਲ ਲੱਗਦੇ ਬੰਦ ਪਏ ਸੂਇਆਂ ਦੀ ਵਾਧੂ ਪਈ ਜ਼ਮੀਨ ਦਾ ਕੁਲ 265.22 ਏਕੜ ਰਕਬਾ ਸਿੰਚਾਈ ਮਹਿਕਮੇ ਕੋਲ ਸੀ, ਜਿਸ ਵਿੱਚੋਂ 98.69 ਏਕੜ ਰਕਬੇ ਤੇ ਸਰਕਾਰੀ ਮਹਿਕਮਿਆਂ ਵਲੋਂ ਨਜਾਇਜ਼ ਕਬਜਾ ਹੈ। 21.55 ਏਕੜ ਜ਼ਮੀਨ ਓ.ਯੂ.ਵੀ.ਜੀ.ਐਲ. ਸਕੀਮ ਅਧੀਨ ਪੁੱਡਾ ਨੂੰ ਤਬਦੀਲ ਕੀਤੀ ਜਾ ਚੁੱਕੀ ਹੈ। 12.42 ਏਕੜ ਜ਼ਮੀਨ ਜੰਗਲਾਤ ਵਿਭਾਗ ਨੂੰ ਪਲਾਂਟੇਸ਼ਨ ਲਈ ਤਬਦੀਲ ਕੀਤੀ ਗਈ ਹੈ। 2.79 ਏਕੜ ਜਮੀਨ ਉੱਤੇ 16 ਪ੍ਰਾਈਵੇਟ ਵਿਅਕਤੀਆਂ ਵੱਲੋਂ ਨਜਾਇਜ਼ ਕਬਜ਼ਾ ਹੈ। ਬਾਕੀ 129.77 ਏਕੜ ਜਮੀਨ ਦਾ ਕਬਜ਼ਾ ਮਹਿਕਮਾ ਨਹਿਰ ਕੋਲ ਹੈ। ਪ੍ਰਾਈਵੇਟ ਵਿਅਕਤੀਆਂ ਵਲੋਂ ਕੀਤੇ ਨਜਾਇਜ਼ ਕਬਜ਼ੇ ਖ਼ਾਲੀ ਕਰਾਉਣ ਲਈ ਮਹਿਕਮੇ ਵੱਲੋਂ ਪੀ.ਪੀ. ਐਕਟ ਅਧੀਨ ਕਾਰਵਾਈ ਕੀਤੀ ਜਾ ਰਹੀ ਹੈ। 2 ਕੇਸਾਂ ਵਿੱਚ ਫ਼ੈਸਲਾ ਮਹਿਕਮੇ ਦੇ ਹੱਕ ਵਿੱਚ ਹੋ ਗਿਆ ਹੈ ਅਤੇ ਇਨ੍ਹਾਂ ਜ਼ਮੀਨਾਂ ਨੂੰ ਖ਼ਾਲੀ ਕਰਵਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ। ਇਹ ਵਾਧੂ ਜ਼ਮੀਨਾਂ ਡਿਸਪੋਜ ਆਫ਼ ਕਰਨ ਲਈ ਸਰਕਾਰ ਵੱਲੋਂ ਜਲਦੀ ਹੀ ਇੱਕ ਪਾਲਿਸੀ ਤਿਆਰ ਕੀਤੀ ਜਾ ਰਹੀ ਹੈ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਅਤੇ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਪੰਜਾਬ ਦੇ ਛੋਟੇ ਅਤੇ ਵੱਡੇ ਸ਼ਹਿਰ ਪਿਛਲੇ ਲੰਮੇ ਸਮੇਂ ਵਿੱਚ ਕਾਫੀ ਐਕਸਪੈਂਡ ਹੋਏ ਹਨ। ਇਸ ਦੇ ਨਾਲ ਜਿਹੜੀਆਂ ਸਾਡੀਆਂ ਖੇਤੀਬਾੜੀ ਵਾਲੀਆਂ ਜ਼ਮੀਨਾਂ ਸਨ, ਉੱਥੇ ਹੁਣ ਰੈਜ਼ੀਡੈਂਸ਼ੀਅਲ ਕਲੋਨੀਆਂ ਬਣ ਚੁੱਕੀਆਂ ਹਨ। ਇਨ੍ਹਾਂ ਜ਼ਮੀਨਾਂ ਵਿੱਚ ਜਿਹੜੇ ਨਹਿਰ ਵਿੱਚੋਂ ਸੂਏ ਨਿਕਲਦੇ ਸਨ, ਉਹ ਘੱਟੋ ਘੱਟ 8 ਕਰਮ ਚੌੜੇ ਹੁੰਦੇ ਸਨ, ਇਸ ਤੋਂ ਅੱਗੇ ਇਹ 4 ਕਰਮ ਚੌੜੇ ਅਤੇ ਉਸ ਦੇ ਅੱਗੇ ਜਿਨ੍ਹਾਂ ਖਾਲਿਆਂ ਰਾਹੀਂ ਖੇਤਾਂ ਨੂੰ ਪਾਣੀ ਲਗਦਾ ਸੀ, ਉਹ 2 ਕਰਮ ਚੌੜੇ ਹੁੰਦੇ ਸਨ। ਮੈਂ ਸਮਝਦਾ ਹਾਂ ਕਿ ਉਥੇ ਜ਼ਮੀਨ ਦੇ ਅੱਜ ਰੇਟ 20-25 ਹਜ਼ਾਰ ਰੁਪਏ ਪ੍ਰਤੀ ਗਜ਼ ਤੋਂ ਲੈ ਕੇ ਇੱਕ ਲੱਖ ਰੁਪਏ ਪ੍ਰਤੀ ਗਜ਼ ਤੱਕ ਹੋ ਗਏ ਹਨ। ਇਸ ਜ਼ਮੀਨ ਉੱਤੇ ਕਲੋਨਾਈਜ਼ਰਾਂ ਵੱਲੋਂ ਵੀ ਕਬਜ਼ੇ ਕੀਤੇ ਹੋਏ ਹਨ ਅਤੇ ਜਿਨ੍ਹਾਂ ਦੇ ਘਰ ਨਾਲ ਲਗਦੇ ਹਨ, ਉਨ੍ਹਾਂ ਵੱਲੋਂ ਵੀ ਕਬਜ਼ੇ ਕੀਤੇ ਹੋਏ ਹਨ। ਮੈਂ ਇਸ ਬਾਰੇ ਮੰਤਰੀ ਜੀ ਨਾਲ ਗੱਲ ਕੀਤੀ ਹੈ ਅਤੇ ਉਨ੍ਹਾਂ ਨੇ ਪਾਲਿਸੀ ਬਣਾਉਣ ਦੀ ਗੱਲ ਕੀਤੀ ਹੈ। ਇਸ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਕੀ ਮੰਤਰੀ ਜੀ ਦੱਸਣਗੇ ਕਿ ਇਹ ਪਾਲਿਸੀ ਕਦੋਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਇਯਾਲੀ]

ਤੱਕ ਬਣ ਜਾਵੇਗੀ? ਇਸ ਦੇ ਨਾਲ ਹੀ ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਫੰਡ ਇਸ ਰਕਬੇ ਤੋਂ ਇਕੱਠਾ ਹੋਣਾ ਹੈ, ਕੀ ਉਸ ਵਿੱਚੋਂ ਵੱਧ ਤੋਂ ਵੱਧ ਨਹਿਰਾਂ ਦੇ ਇਨਫਰਾਸਟਰਕਚਰ ਅੱਪਗਰੇਡ ਕਰਨ ਲਈ ਖਰਚਿਆ ਜਾਵੇਗਾ? ਇੱਕ ਹੋਰ ਗੱਲ ਜਦੋਂ ਕੋਈ ਗਲਾਡਾ ਜਾਂ ਪੁੱਡਾ ਕੋਈ ਕਲੋਨੀ ਬਣਾਉਂਦਾ ਹੈ ਤਾਂ ਕਲੋਨੀ ਬਣਾਉਂਦਾ ਹੈ ਤਾਂ ਕਲੋਨੀ ਪਾਸ ਕਰਨ ਵੇਲੇ ਜਿਹੜੇ ਉਸ ਜ਼ਮੀਨ ਵਿੱਚ ਖਾਲੇ ਲੰਘਦੇ ਹਨ, ਉਨ੍ਹਾਂ ਦਾ ਫੰਡ ਸਰਕਾਰ ਕੋਲ ਜਮ੍ਹਾਂ ਕਰਵਾਇਆ ਜਾਵੇ।.......

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਬਾਰਸ਼ਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ

***26. ਸਰਦਾਰ ਚਰਨਜੀਤ ਸਿੰਘ ਚੰਨੀ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਹਾਲ ਹੀ ਵਿੱਚ ਹੋਈ ਬਾਰਸ਼ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਦਾ ਕਿੰਨਾ ਨੁਕਸਾਨ ਹੋਇਆ ਹੈ ਅਤੇ ਅਜਿਹੇ ਕਿਸਾਨਾਂ ਨੂੰ ਪ੍ਰਤੀ ਏਕੜ ਅਦਾ ਕੀਤੇ ਗਏ ਮੁਆਵਜ਼ੇ ਦੇ ਬਲਾਕ ਵਾਰ ਵੇਰਵੇ ਕੀ ਹਨ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਰਾਜ ਦੇ ਵੱਖ ਵੱਖ ਹਿੱਸਿਆਂ ਵਿੱਚ ਹਾਲ ਹੀ ਵਿੱਚ ਹੋਈਆਂ ਬਾਰਸ਼ਾਂ ਕਾਰਨ ਕਿਸਾਨਾਂ ਦੀਆਂ ਫਸਲਾਂ ਦਾ ਸਿਰਫ ਸੰਗਰੂਰ ਅਤੇ ਮੋਗਾ ਜ਼ਿਲ੍ਹੇ ਵਿੱਚ 584 ਏਕੜ ਅਤੇ 8575 ਏਕੜ 01 ਕਨਾਲ ਅਤੇ 19 ਮਰਲਾ ਖੜ੍ਹੀ ਫਸਲ ਦਾ ਨੁਕਸਾਨ ਹੋਇਆ ਸੀ। ਜ਼ਿਲ੍ਹਾ ਸੰਗਰੂਰ ਵਿੱਚ 25% ਤੋਂ ਘੱਟ ਅਤੇ ਮੋਗਾ ਜ਼ਿਲ੍ਹੇ ਵਿੱਚ 6715 ਏਕੜ ਦਾ ਖਰਾਬਾ 0%-25% ਵਿਚਕਾਰ ਅਤੇ 1860 ਏਕੜ 01 ਕਨਾਲ 19 ਮਰਲਾ ਦਾ ਖਰਾਬਾ 26%-50% ਵਿਚਕਾਰ ਹੋਇਆ ਸੀ। ਜ਼ਿਲ੍ਹਾ ਸੰਗਰੂਰ ਵਿੱਚ ਨੁਕਸਾਨ 25% ਤੋਂ ਘੱਟ ਹੋਣ ਕਾਰਨ ਹਦਾਇਤਾਂ ਅਨੁਸਾਰ ਕਿਸੇ ਵੀ ਕਿਸਾਨ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਅਤੇ ਜ਼ਿਲ੍ਹਾ ਮੋਗਾ ਦੇ ਕਿਸਾਨਾਂ ਨੂੰ ਹੋਏ ਫਸਲਾਂ ਦੇ ਨੁਕਸਾਨ ਦਾ ਮੁਆਵਜਾ ਦੇਣ ਲਈ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ।

---

Original with;
Punjab Vidhan Sabha
Digitized by;
Panjab Digital Library

## ਸਾਲ 2012 ਨੂੰ ਸਿੱਖਿਆ ਸਾਲ ਵਜੋਂ ਮਨਾਉਣਾ

***80 ਸਰਦਾਰ ਦਰਸ਼ਨ ਸਿੰਘ ਕੋਟਫੱਤਾ:** ਕੀ ਸਿੱਖਿਆ ਮੰਤਰੀ ਦੱਸਣਗੇ ਕਿ ਕੀ ਸਾਲ 2012 ਨੂੰ ਸਿੱਖਿਆ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਸਿ ਸਬੰਧ ਵਿੱਚ ਮਿਆਰੀ ਸਿੱਖਿਆ ਨੂੰ ਹਰ ਪੱਧਰ ਤੱਕ ਪਹੁੰਚਾਉਣ ਲਈ ਜੋ ਵਿਸ਼ੇਸ਼ ਕਦਮ ਚੁੱਕੇ ਜਾ ਰਹੇ ਹਨ ਉਨ੍ਹਾਂ ਦੇ ਵਿਸਥਾਰਪੂਰਵਕ ਵੇਰਵੇ ਦੱਸੇ ਜਾਣ?

**ਸਰਦਾਰ ਸਿਕੰਦਰ ਸਿੰਘ ਮਲੂਕਾ:** ਜੀ ਨਹੀਂ।

---

## ਮਾਝਾ, ਮਾਲਵਾ ਅਤੇ ਦੁਆਬਾ ਖੇਤਰਾਂ ਵਿੱਚ ਉਦਯੋਗ

***240 ਸ਼੍ਰੀ ਅਸ਼ਵਨੀ ਸੇਖੜੀ:** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ 30 ਸਾਲਾਂ ਦੌਰਾਨ ਕੇਂਦਰ ਅਤੇ ਪੰਜਾਬ ਸਰਕਾਰ ਦੀ ਸਹਾਇਤਾ ਨਾਲ ਪੰਜਾਬ ਦੇ ਮਾਝਾ, ਮਾਲਵਾ ਅਤੇ ਦੁਆਬਾ ਖੇਤਰਾਂ ਵਿੱਚ ਕਿਹੜੇ-ਕਿਹੜੇ ਉਦਯੋਗ ਸਥਾਪਿਤ ਕੀਤੇ ਹਨ?

**ਸ਼੍ਰੀ ਅਨਿਲ ਜੋਸ਼ੀ:** ਸ਼੍ਰੀਮਾਨ ਜੀ, ਪੰਜਾਬ ਰਾਜ ਦੇ ਮਾਝਾ, ਮਾਲਵਾ ਅਤੇ ਦੁਆਬਾ ਖੇਤਰ ਵਿੱਚ ਪਿਛਲੇ 30 ਸਾਲਾਂ ਦੌਰਾਨ ਕੇਂਦਰ ਅਤੇ ਪੰਜਾਬ ਸਰਕਾਰ ਦੀ ਸਹਾਇਤਾ ਨਾਲ 51487 ਉਦਯੋਗ ਜਿਵੇਂ ਕਿ ਸਪਿੰਨਿੰਗ ਮਿਲਜ਼, ਹੌਜ਼ਰੀ ਮਿਲਜ਼, ਸਾਈਕਲ ਇੰਡਸਟਰੀ, ਫੂਡ ਪ੍ਰੋਸੈਸਿੰਗ ਇੰਡਸਟਰੀ, ਕੋਲਡ ਸਟੋਰੇਜ, ਰਾਈਸ ਸ਼ੈਲਰਜ਼, ਸੋਲਵੈਂਟ ਐਕਸਟਰੈਕਸ਼ਨ ਪਲਾਂਟ, ਆਇਲ ਮਿਲਜ਼, ਕਾਟਨ ਜਿੰਨਿੰਗ ਮਿਲਜ਼, ਆਟੋ ਪਾਰਟਸ, ਪੇਪਰ ਮਿਲਜ਼, ਟੈਕਸਟਾਇਲ ਮਿਲਜ਼, ਕੈਮੀਕਲ ਇੰਡਸਟਰੀ, ਰਬੜ ਇੰਡਸਟਰੀ, ਰੋਲਰ ਫਲੋਰ ਮਿਲਜ਼, ਟੈਨਰੀਜ਼, ਸਟੀਲ ਰੀ-ਰੋਲਿੰਗ ਮਿਲਜ਼, ਇੰਡਕਸ਼ਨ ਫਰਨੇਸਜ, ਟੂਲਜ਼ ਐਂਡ ਫੋਰਜਿੰਗ ਇਕਾਈਆਂ, ਫਾਊਂਡਰੀ, ਇਲੈਕਟਰੀਕਲਜ਼, ਸਟੀਲ ਫੈਬਰੀਕੇਸ਼ਨ ਇੰਡਸਟਰੀਜ਼, ਮਿਲਕ ਐਂਡ ਮਿਲਕ ਪ੍ਰੋਡੱਕਟਸ, ਸ਼ੂਗਰ ਇੰਡਸਟਰੀਜ਼, ਡਿਸਟਿਲਰੀਜ਼, ਬੀਵੇਰਜਜ਼, ਵੂਲਨ ਟੈਕਸਟਾਇਲਜ਼, ਟਾਇਰ ਐਂਡ ਟਿਊਬਜ਼, ਪੀ.ਵੀ.ਸੀ. ਪਾਈਪਸ, ਫਰਟੀਲਾਈਜ਼ਰ, ਪੈਸਟੀਸਾਈਡ, ਸੀਮਿੰਟ ਉਦਯੋਗ, ਖੇਤੀ ਅਧਾਰਤ ਉਦਯੋਗ, ਕੰਮਪਿਊਟਰ ਪਾਰਟਸ ਆਦਿ ਸਥਾਪਿਤ ਹੋਏ ਹਨ। ਜਿਨ੍ਹਾਂ ਦਾ ਕੈਟਾਗਰੀ ਵਾਈਜ ਵੇਰਵਾ ਇਸ ਤਰ੍ਹਾਂ ਹੈ:-

1. ਵੱਡੇ ਅਤੇ ਦਰਮਿਆਨੇ ਦਰਜੇ ਦੇ ਉਦਯੋਗਾਂ ਦੀ ਗਿਣਤੀ 450 ਹੈ।
2. ਮਾਈਕਰੋ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦੀ ਗਿਣਤੀ 51037 ਹੈ।

---

Original with;
Punjab Vidhan Sabha
Digitized by;
Panjab Digital Library

## ਨਿਸ਼ਾਨ ਵਾਲਾ ਪ੍ਰਸ਼ਨ ਨੰ: 30**
## (ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

---

## ਲਿੰਕ ਸੜਕਾਂ ਦੀ ਮੁਰੰਮਤ

***56. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਲੁਧਿਆਣਾ ਸ਼ਹਿਰ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਪੰਜਾਬ ਮੰਡੀ ਬੋਰਡ ਵਲੋਂ ਬਣਾਈਆਂ ਸੜਕਾਂ ਨੂੰ ਪੁੱਟ ਕੇ ਨਗਰ ਨਿਗਮ, ਲੁਧਿਆਣਾ ਵਲੋਂ ਸੀਵਰੇਜ ਪਾਇਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸੜਕਾਂ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

**ਸ਼੍ਰੀ ਚੂਨੀ ਲਾਲ ਭਗਤ:** ਸੀਵਰੇਜ਼ ਟਰੀਟਮੈਂਟ ਪਲਾਂਟ ਲਗਾਉਣ ਲਈ ਸੀਵਰੇਜ ਲਾਈਨਾਂ ਪਾਉਣ ਨਾਲ ਲੁਧਿਆਣਾ ਸ਼ਹਿਰ ਤੋਂ ਬਾਹਰ ਤਿੰਨ ਸੜਕਾਂ ਨੂੰ ਪੁੱਟਣਾ ਪਿਆ ਜਿਨ੍ਹਾਂ ਦੀ ਮੁਰੰਮਤ ਲਈ ਨਗਰ ਨਿਗਮ ਵਲੋਂ 150.13 ਲੱਖ ਰੁਪਏ ਪੰਜਾਬ ਮੰਡੀ ਬੋਰਡ ਕੋਲ ਜਮ੍ਹਾਂ ਕਰਵਾਏ ਜਾ ਚੁੱਕੇ ਹਨ ਅਤੇ ਉਨ੍ਹਾਂ ਨੂੰ ਇਨ੍ਹਾਂ ਸੜਕਾਂ ਦਾ ਕੰਮ ਛੇਤੀ ਮੁਕੰਮਲ ਕਰਨ ਲਈ ਕਿਹਾ ਗਿਆ ਹੈ।

---

# UNSTARRED QUESTIONS AND ANSWERS

## ਸੈਕੰਡਰੀ ਸਕੂਲਾਂ ਦੀ ਗਿਣਤੀ

**ਸ਼੍ਰੀ ਤਰਲੋਚਨ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਕੁਲ ਗਿਣਤੀ ਕਿੰਨੀ ਹੈ?

(ਅ) ਉਪਰੋਕਤ ਅਜਿਹੇ ਸਕੂਲਾਂ ਵਿੱਚ ਲੈਕਚਰਾਰਾਂ ਅਤੇ ਅਧਿਆਪਕਾਂ ਦੀ ਸਕੂਲ-ਵਾਰ ਵੱਖ-ਵੱਖ ਮਨਜ਼ੂਰਸ਼ੁਦਾ ਕੁਲ ਗਿਣਤੀ ਕਿੰਨੀ ਹੈ ਅਤੇ ਖਾਲੀ ਅਸਾਮੀਆਂ ਦੀ ਸਕੂਲ ਵਾਰ ਵੱਖ-ਵੱਖ ਮੌਜੂਦਾ ਗਿਣਤੀ ਕਿੰਨੀ ਹੈ

**ਸਰਦਾਰ ਸਿਕੰਦਰ ਸਿੰਘ ਮਲੂਕਾ:** (ੳ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ 43 ਹੈ।

(ਅ) ਉਪਰੋਕਤ ਇਨ੍ਹਾਂ ਸਕੂਲਾਂ ਵਿੱਚ ਲੈਕਚਰਾਰਾਂ ਦੀਆਂ ਮਨਜੂਰ ਸ਼ੁਦਾ ਆਸਾਮੀਆਂ ਦੀ ਗਿਣਤੀ 349 ਅਤੇ ਖ਼ਾਲੀ ਆਸਾਮੀਆਂ ਦੀ ਗਿਣਤੀ 199 ਹੈ। ਮਾਸਟਰ/ਮਿਸਟ੍ਰੈਸ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ 460 ਅਤੇ ਖਾਲੀ ਅਸਾਮੀਆਂ ਦੀ ਗਿਣਤੀ 174 ਹੈ। ਸੀ.ਐਂਡ ਵੀ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ 62 ਅਤੇ ਖ਼ਾਲੀ ਆਸਾਮੀਆਂ ਦੀ ਗਿਣਤੀ 33 ਹੈ। ਸਕੂਲ ਵਾਰ ਵੇਰਵਾ ਅਨੁਲੱਗ ੳ ਅਨੁਸਾਰ ਸਦਨ ਦੀ ਮੇਜ ਤੇ ਰੱਖਿਆ ਜਾਂਦਾ ਹੈ।

* For starred Question No. 30 & reply thereto pl. see Appareling to this debates

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'
## ਸਕੂਲ ਵਾਰ ਅਧਿਆਪਕਾਂ ਦੀ ਗਿਣਤੀ

| | | ਲੈਕਚਰਾਰ | | | ਮਾਸਟਰ/ਮਿਸਟ੍ਰੈਸ | | | ਸੀ.ਐਂਡ ਵੀ | | |
|---|---|---|---|---|---|---|---|---|---|---|
| ਲੜੀ ਨੰ. | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 1. | ਸ.ਸ.ਸ.ਸ. ਚੱਕ ਬਿਲਗਾ (ਕੰ) | 13 | 07 | 06 | 09 | 05 | 04 | 01 | 01 | 0 |
| 2. | ਸ.ਸ.ਸ.ਸ. ਕਰੀਹਾ | 12 | 03 | 09 | 11 | 09 | 02 | 01 | 01 | 0 |
| 3. | ਸ.ਸ.ਸ.ਸ. ਮੜੋਆ | 12 | 0 | 12 | 12 | 10 | 02 | 02 | 01 | 01 |
| 4. | ਸ.ਸ.ਸ.ਸ. ਰੱਤੇਵਾਲ | 09 | 0 | 09 | 10 | 06 | 04 | 02 | 01 | 01 |
| 5. | ਸ.ਸ.ਸ.ਸ. ਬਹਿਲੂਰ ਕਲਾਂ | 12 | 0 | 12 | 11 | 04 | 07 | 01 | 01 | 0 |
| 6. | ਸ.ਸ.ਸ.ਸ. ਗੋਬਿੰਦਪੁਰ | 12 | 02 | 10 | 11 | 07 | 04 | 01 | 01 | 0 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| | | ਲੈਕਚਰਾਰ | | | ਮਾਸਟਰ/ਮਿਸਟ੍ਰੈਸ | | | ਸੀ.ਐਂਡ ਵੀ | | |
|---|---|---|---|---|---|---|---|---|---|---|
| ਲੜੀ ਨੰ. | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 7. | ਸ.ਸ.ਸ.ਸ. ਕਰਨਾਣਾ | 12 | 04 | 08 | 10 | 04 | 06 | 01 | 01 | 0 |
| 8. | ਸ.ਸ.ਸ.ਸ. ਜਾਡਲਾ | 11 | 07 | 04 | 10 | 06 | 04 | 02 | 02 | 0 |
| 9. | ਸ.ਸ.ਸ.ਸ. ਬਛੋੜੀ | 12 | 01 | 11 | 09 | 03 | 06 | 02 | 01 | 01 |
| 10. | ਸ.ਸ.ਸ.ਸ. ਭੱਦੀ | 07 | 05 | 02 | 08 | 03 | 05 | 01 | 0 | 01 |
| 11. | ਸ.ਸ.ਸ.ਸ. ਮੁਕੰਦਪੁਰ | 12 | 04 | 08 | 15 | 08 | 07 | 01 | 0 | 01 |
| 12. | ਸ.ਸ.ਸ.ਸ. ਮੁਸਾਪੁਰ | 05 | 01 | 04 | 11 | 08 | 03 | 02 | 02 | 0 |
| 13. | ਸ.ਸ.ਸ.ਸ. ਰਾਹੋਂ (ਕੰ) | 14 | 06 | 08 | 12 | 05 | 07 | 01 | 0 | 01 |

Original with;
Punjab Vidhan Sabha
Digitized by;
Panjab Digital Library

| | | ਲੈਕਚਰਾਰ | | | ਮਾਸਟਰ/ਮਿਸਟ੍ਰੈਸ | | | ਸੀ.ਐਂਡ ਵੀ | | |
|---|---|---|---|---|---|---|---|---|---|---|
| ਲੜੀ ਨੰ. | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 14. | ਸ.ਸ.ਸ.ਸ. ਬੰਗਾ (ਲੜਕੇ) | 12 | 09 | 03 | 11 | 08 | 03 | 01 | 0 | 01 |
| 15. | ਸ.ਸ.ਸ.ਸ. ਮੰਡਾਲੀ | 05 | 03 | 02 | 11 | 08 | 03 | 02 | 01 | 01 |
| 16. | ਸ.ਸ.ਸ.ਸ. ਫਰਾਲਾ | 05 | 02 | 03 | 10 | 07 | 03 | 01 | 0 | 01 |
| 17. | ਸ.ਸ.ਸ.ਸ. ਘੁੰਮਣ | 05 | 03 | 02 | 01 | 06 | 05 | 01 | 0 | 01 |
| 18. | ਸ.ਸ.ਸ.ਸ. ਸੁੰਡਮਕਸੂਦਪੁਰ | 05 | 01 | 04 | 07 | 01 | 06 | 01 | 0 | 01 |
| 19. | ਸ.ਸ.ਸ.ਸ. ਉਸਮਾਨਪੁਰ | 05 | 03 | 02 | 10 | 05 | 05 | 02 | 01 | 01 |
| 20. | ਸ.ਸ.ਸ.ਸ. ਰਟੈਂਡਾ | 05 | 02 | 03 | 10. | 05 | 05 | 01 | 0 | 01 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| | | ਲੈਕਚਰਾਰ | | | ਮਾਸਟਰ/ਮਿਸਟ੍ਰੈਸ | | | ਸੀ.ਐਂਡ ਵੀ | | |
|---|---|---|---|---|---|---|---|---|---|---|
| ਲੜੀ ਨੰ. | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 21. | ਸ.ਸ.ਸ.ਸ. ਔੜ | 11 | 07 | 04 | 08 | 07 | 01 | 02 | 0 | 02 |
| 22. | ਸ.ਸ.ਸ.ਸ. ਸਹਿਬਾ | 05 | 05 | 0 | 14 | 11 | 03 | 02 | 0 | 02 |
| 23. | ਸ.ਸ.ਸ.ਸ. ਲਗੜੋਆ | 08 | 05 | 03 | 13 | 09 | 04 | 02 | 01 | 01 |
| 24. | ਸ.ਸ.ਸ.ਸ. ਮਾਹਿਲ ਗਹਿਲਾਂ | 05 | 03 | 02 | 11 | 08 | 03 | 02 | 01 | 01 |
| 25. | ਸ.ਸ.ਸ.ਸ. ਸੰਧਵਾਂ | 05 | 01 | 04 | 12 | 05 | 07 | 01 | 0 | 01 |
| 26. | ਸ.ਸ.ਸ.ਸ. ਵਜੀਦਪੁਰ | 05 | 02 | 03 | 10 | 05 | 05 | 01 | 01 | 0 |
| 27. | ਸ.ਸ.ਸ.ਸ. ਹੇੜੀਆਂ | 08 | 03 | 05 | 08 | 05 | 03 | 01 | 0 | 01 |

Original with;
Punjab Vidhan Sabha
Digitized by;
Panjab Digital Library

| | | ਲੈਕਚਰਾਰ | | | ਮਾਸਟਰ/ਮਿਸਟ੍ਰੈਸ | | | ਸੀ.ਐਂਡ ਵੀ | | |
|---|---|---|---|---|---|---|---|---|---|---|
| ਲੜੀ ਨੰ. | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 28. | ਸ.ਸ.ਸ.ਸ. ਪੱਲੀ ਝਿੱਕੀ | 06 | 03 | 03 | 10 | 06 | 04 | 01 | 0 | 01 |
| 29 | ਸ.ਸ.ਸ.ਸ. ਬੱਕਾਪੁਰ | 05 | 03 | 02 | 11 | 10 | 01 | 01 | 01 | 0 |
| 30. | ਸ.ਸ.ਸ.ਸ. ਰਾਹੋਂ (ਲੜਕੇ) | 11 | 05 | 06 | 12 | 08 | 04 | 02 | 01 | 01 |
| 31. | ਸ.ਸ.ਸ.ਸ. ਲਧਾਣਾ ਝਿੱਕੀ | 04 | 02 | 02 | 10 | 08 | 02 | 0 | 0 | 0 |
| 32. | ਸ.ਸ.ਸ.ਸ. ਕਾਹਮਾ | 05 | 04 | 01 | 12 | 05 | 07 | 02 | 02 | 0 |
| 33. | ਸ.ਸ.ਸ.ਸ. ਹਿਆਲਾ | 05 | 02 | 03 | 10 | 08 | 02 | 02 | 01 | 01 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| | | ਲੈਕਚਰਾਰ | | | ਮਾਸਟਰ/ਮਿਸਟ੍ਰੈਸ | | | ਸੀ.ਐਂਡ ਵੀ | | |
|---|---|---|---|---|---|---|---|---|---|---|
| ਲੜੀ ਨੰ. | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 34. | ਸ.ਸ.ਸ.ਸ. ਬਲਾਚੋਰ (ਕੰ) | 14 | 09 | 05 | 14 | 07 | 07 | 03 | 01 | 02 |
| 35. | ਸ.ਸ.ਸ.ਸ. ਥੋਪੀਆਂ | 05 | 02 | 03 | 10 | 09 | 01 | 02 | 01 | 01 |
| 36. | ਸ.ਸ.ਸ. ਨੌਰਾ (ਕੰ) | 05 | 02 | 03 | 06 | 05 | 01 | 01 | 01 | 0 |
| 37. | ਸ.ਸ.ਸ.ਸ. ਭਾਰਟਾ ਕਲਾਂ | 05 | 01 | 04 | 09 | 04 | 05 | 01 | 0 | 01 |
| 38. | ਸ.ਸ.ਸ.ਸ. ਦੌਲਤਪੁਰ (ਕੰ) | 05 | 02 | 03 | 08 | 07 | 01 | 01 | 01 | 0 |
| 39. | ਸ.ਸ.ਸ.ਸ. ਸਾਹਲੋਂ | 05 | 03 | 02 | 14 | 09 | 05 | 02 | 0 | 02 |
| 40. | ਸ.ਸ.ਸ.ਸ. ਬਾਗੋਵਾਲ | 06 | 02 | 04 | 11 | 08 | 03 | 01 | 0 | 01 |

Original with;
Punjab Vidhan Sabha
Digitized by;
Panjab Digital Library

| | | ਲੈਕਚਰਾਰ | | | ਮਾਸਟਰ/ਮਿਸਟ੍ਰੈਸ | | | ਸੀ.ਐਂਡ ਵੀ | | |
|---|---|---|---|---|---|---|---|---|---|---|
| ਲੜੀ ਨੰ. | ਸਕੂਲ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 41. | ਸ.ਸ.ਸ.ਸ. ਨਵਾਂ ਸ਼ਹਿਰ | 19 | 12 | 07 | 16 | 06 | 10 | 02 | 0 | 02 |
| 42. | ਸ.ਸ.ਸ.ਸ. ਚੌਨਗਰਾ | 05 | 03 | 02 | 08 | 08 | 0 | 02 | 02 | 0 |
| 43. | ਸ.ਸ.ਸ.ਸ. ਬੰਗਾਂ (ਕੰ) | 12 | 06 | 06 | 14 | 10 | 04 | 01 | 01 | 0 |
| | ਜੋੜ | 349 | 150 | 199 | 460 | 286 | 174 | 62 | 29 | 33 |

Original with;
Punjab Vidhan Sabha
Digitized by;
Panjab Digital Library

## 2. ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਦੀ ਗਿਣਤੀ

**ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਪੁਲਿਸ ਦੇ ਵੱਖ-ਵੱਖ ਅਧਿਕਾਰੀਆਂ/ਕਰਮਚਾਰੀਆਂ ਦੀ ਜ਼ਿਲ੍ਹਾਵਾਰ ਅਤੇ ਪੁਲਿਸ ਸਟੇਸ਼ਨ ਵਾਰ ਗਿਣਤੀ ਕਿੰਨੀ ਹੈ?

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ):** ਪੰਜਾਬ ਪੁਲਿਸ ਦੇ ਵੱਖ-ਵੱਖ ਅਧਿਕਾਰੀਆਂ/ਕਰਮਚਾਰੀਆਂ ਦੀ ਜ਼ਿਲ੍ਹਾਵਾਰ ਅਤੇ ਪੁਲਿਸ ਸਟੇਸ਼ਨ ਵਾਰ ਗਿਣਤੀ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਕ੍ਰਮਵਾਰ ***ਅਨੁਲੱਗ 'ੳ'** ਅਤੇ ***ਅਨੁਲੱਗ 'ਅ'** ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

---

## ਸੈਨੀਟੇਸ਼ਨ ਟ੍ਰੀਟਮੈਂਟ ਪਲਾਂਟਾਂ ਲਈ ਕੇਂਦਰੀ ਗ੍ਰਾਂਟ

3. **ਸ਼੍ਰੀ ਤਰਲੋਚਨ ਸਿੰਘ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਅਪ੍ਰੈਲ 2007 ਤੋਂ ਮਾਰਚ 2012 ਦੌਰਾਨ ਸੈਨੀਟੇਸ਼ਨ ਟ੍ਰੀਟਮੈਂਟ ਪਲਾਂਟਾਂ ਵਾਸਤੇ ਕੇਂਦਰ ਸਰਕਾਰ ਤੋਂ ਵਿੱਤੀ ਸਾਲ-ਵਾਰ ਕੁੱਲ ਕਿੰਨੇ ਫੰਡ ਪ੍ਰਾਪਤ ਹੋਏ ਸਨ;

(ਅ) ਉਪਰੋਕਤ ਦਰਸਾਏ ਗਏ ਫੰਡਾਂ ਦੀ ਸ਼ਹਿਰ-ਵਾਰ ਵਰਤੋਂ ਦੇ ਵੇਰਵੇ ਕੀ ਹਨ ਅਤੇ ਇਸ ਵਿੱਚ ਰਾਜ ਸਰਕਾਰ ਦੀ ਕਿੰਨੀ ਹਿੱਸੇਦਾਰੀ ਸੀ?

**ਸ਼੍ਰੀ ਚੂਨੀ ਲਾਲ ਭਗਤ:** (ੳ) ਅਤੇ

(ਅ) ਲੋੜੀਂਦੀ ਸੂਚਨਾ ਅਨੁਲੱਗ-1 ਤੇ ਅਨੁਲੱਗ-2 ਵਿੱਚ ਦਿੱਤੀ ਗਈ ਹੈ।

### ਅਨੁਲੱਗ '1'

### ਅਪ੍ਰੈਲ, 2007 ਤੋਂ ਮਾਰਚ, 2012 ਤੱਕ ਭਾਰਤ ਸਰਕਾਰ ਤੋਂ ਸੀਵਰੇਜ ਅਤੇ ਸੀਵਰੇਜ ਟਰੀਟਮੈਂਟ ਪਲਾਟਾਂ ਲਈ ਪ੍ਰਾਪਤ ਫੰਡ (ਸਾਲ ਵਾਰ)

| ਲੜੀ ਨੰ: | ਸਕੀਮ ਦਾ ਨਾਂ | 2007-08 | 2008-09 | 2009-10 | 2010-11 | 2011-12 |
|---|---|---|---|---|---|---|
| 1. | ਜੇ.ਐਨ.ਐਨ.ਯੂ. ਆਰ.ਐਮ.(JNNURM) | 266.05 | 1422.00 | 2675.37 | - | - |
| 2. | ਯੂ.ਆਈ.ਡੀ.ਐਸ.ਐਸ ਐਮ.ਟੀ (UIDSSMT) | - | 867.84 | 8446.29 | 4672.55 | - |
| 3. | ਐਨ.ਆਰ.ਸੀ.ਪੀ (NRCP) | - | - | - | 3836.00 | 5492.00 |
| | ਕੁੱਲ | 266.05 | 2289.84 | 11121.66 | 8508.55 | 5492.00 |

* Placed in the Revisor's Branch.

Original with;
Punjab Vidhan Sabha
Digitized by;
Panjab Digital Library

## ਅਨੁਲੱਗ '2'

## ਅਪ੍ਰੈਲ 2007 ਤੋਂ ਮਾਰਚ 2012 ਤੱਕ ਪ੍ਰਾਪਤ ਹੋਏ ਫੰਡਾਂ ਦਾ ਵੇਰਵਾ ਅਤੇ ਭਾਰਤ ਸਰਕਾਰ ਤੇ ਰਾਜ ਸਰਕਾਰ ਦਾ ਹਿੱਸਾ ਅਤੇ ਉਸਦੀ ਸ਼ਹਿਰ-ਵਾਰ ਵਰਤੋਂ

| ਲੜੀ ਨੰ: | ਸ਼ਹਿਰ | ਭਾਰਤ ਸਰਕਾਰ | ਪੰਜਾਬ ਸਰਕਾਰ | ਕੁੱਲ | ਖਰਚਾ |
|---|---|---|---|---|---|
| 1. | ਅੰਮ੍ਰਿਤਸਰ | 400.80 | 163.00 | 563.80 | 352.00 |
| 2. | ਲੁਧਿਆਣਾ | 3046.09 | 13191.00 | 16237.09 | 16835.00 |
| 3. | ਮਲੋਟ | 929.26 | 1392.00 | 2321.26 | 1313.03 |
| 4. | ਜਲੰਧਰ | 5843.00 | 3378.94 | 9221.94 | 9221.94 |
| 5. | ਪਠਾਨਕੋਟ | 1945.49 | 1392.00 | 3337.49 | 2750.53 |
| 6. | ਜ਼ੀਰਕਪੁਰ | 1692.93 | 960.00 | 2652.93 | 2300.65 |
| 7. | ਪਟਿਆਲਾ | 3576.00 | 931.00 | 4507.00 | 4586.41 |
| 8. | ਫਗਵਾੜਾ | 1120.00 | 500.00 | 1620.00 | 1310.52 |
| 9. | ਫਿਲੌਰ | 424.00 | 479.00 | 903.00 | 315.19 |
| 10. | ਬੰਗਾ | 474.00 | 666.00 | 1140.00 | 684.98 |
| 11. | ਨਵਾਂ ਸ਼ਹਿਰ | 716.00 | 576.00 | 1292.00 | 940.19 |
| 12. | ਭੁਲੱਥ | 540.00 | 165.00 | 705.00 | 498.36 |
| 13. | ਟਾਂਡਾ | 800.00 | 340.00 | 1140.00 | 873.07 |
| 14. | ਮੁਕੇਰੀਆਂ | 514.00 | 80.00 | 594.00 | 390.37 |
| 15. | ਦਸੂਹਾ | 395.00 | 285.00 | 680.00 | 680.55 |
| 16. | ਮੋਗਾ | 1737.00 | 795.00 | 2532.00 | 2671.01 |
| 17. | ਹੁਸ਼ਿਆਰਪੁਰ | 2608.00 | 2600.00 | 5208.00 | 3286.54 |

## ਮਾਰਬਲ/ਗਰੇਨਾਈਟ ਦੀ ਵਿਕਰੀ ਤੋਂ ਵੈਟ ਦੀ ਉਗਰਾਹੀ

**4. ਸਰਦਾਰ ਅਜਾਇਬ ਸਿੰਘ ਭੱਟੀ:** ਕੀ ਉੱਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਭੁੱਚੋ ਮੰਡੀ ਮਾਰਬਲ ਅਤੇ ਗ੍ਰੇਨਾਈਟ ਦਾ ਕਾਰੋਬਾਰ ਕਰਨ ਵਾਲੀਆਂ ਇਕਾਈਆਂ ਦੀ ਕੁੱਲ ਗਿਣਤੀ ਕਿੰਨੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਭੱਟੀ]

(ਅ) ਸਾਲ 2010-11 ਅਤੇ 2011-12 ਦੌਰਾਨ ਉਪਰੋਕਤ ਵਰਣਿਤ ਦੋਵੇ ਮੱਦਾਂ ਦੀ ਵੱਖ-ਵੱਖ ਕੁੱਲ ਵਿਕਰੀ ਕਿੰਨੀ ਹੈ।

(ੲ) ਉਪਰੋਕਤ ਭਾਗ (ਅ) ਵਿੱਚ ਵਰਣਿਤ ਸਮੇਂ ਦੌਰਾਨ ਸਰਕਾਰ ਦੁਆਰਾ ਉਕਤ ਇਕਾਈਆਂ ਤੋਂ ਇਕਾਈ-ਵਾਰ ਕੁੱਲ ਕਿੰਨਾ ਵਿਕਰੀ ਕਰ ਵੈਟ ਇਕੱਤਰ ਕੀਤਾ ਗਿਆ ਹੈ।

**ਸਰਦਾਰ ਸੁਖਬੀਰ ਸਿੰਘ ਬਾਦਲ:** (ੳ) ਤਸਦੀਕ ਕੀਤਾ ਜਾਂਦਾ ਹੈ ਕਿ ਹਲਕਾ ਭੁੱਚੋ ਮੰਡੀ ਵਿੱਚ ਮਾਰਬਲ ਅਤੇ ਗਰੇਨਾਈਟ ਦਾ ਕਾਰੋਬਾਰ ਕਰਨ ਵਾਲੀਆਂ ਇਕਾਈਆਂ ਦੀ ਕੁੱਲ ਗਿਣਤੀ 62 (ਬਾਹਠ) ਹੈ।

(ਅ) ਉਪਰੋਕਤ ਦਰਸਾਏ ਡੀਲਰਾਂ ਵਲੋਂ ਸਾਲ 2010-11 ਦੌਰਾਨ ਉਪਰੋਕਤ ਮੱਦਾਂ ਦੀ ਕੁਲ ਵਿਕਰੀ 25, 92, 86, 333/- ਰੁਪਏ ਅਤੇ ਸਾਲ 2011-12 ਦੌਰਾਨ ਕੁੱਲ ਵਿਕਰੀ 36, 73, 37, 188/- ਰੁਪਏ ਕੀਤੀ ਗਈ ।

(ੲ) ਉਪਰੋਕਤ ਡੀਲਰਾਂ ਤੋਂ ਸਾਲ 2010-11 ਦੌਰਾਨ ਵੈਟ 3, 51, 71, 949/- ਰੁਪਏ ਅਤੇ ਸਾਲ 2011-12 ਦੌਰਾਨ ਵੈਟ 4, 24, 47, 196/- ਰੁਪਏ ਦੀ ਉਗਰਾਹੀ ਕੀਤੀ ਗਈ।

---

## ਸੜਕਾਂ ਦੀ ਮੁਰੰਮਤ ਉੱਤੇ ਖਰਚਾ

5. **ਸ਼੍ਰੀਮਤੀ ਚਰਨਜੀਤ ਕੌਰ ਬਾਜਵਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2011-12 ਦੇ ਸਮੇਂ ਦੌਰਾਨ ਕਾਦੀਆਂ ਹਲਕੇ ਵਿੱਚ ਮੌਜੂਦਾ ਸੜਕਾਂ ਦੀ ਮੁਰੰਮਤ ਅਤੇ ਸੰਭਾਲ ਲਈ ਕਿੰਨੇ ਫੰਡ ਖਰਚ ਕੀਤੇ ਗਏ ਹਨ;

(ਅ) ਸਾਲ 2011-12 ਦੇ ਸਮੇਂ ਦੌਰਾਨ ਹਲਕਾ ਕਾਦੀਆਂ ਵਿੱਚ ਨਵੀਆਂ ਲਿੰਕ ਸੜਕਾਂ ਨੂੰ ਬਣਾਉਣ ਲਈ ਕਿੰਨੇ ਫੰਡ ਖਰਚ ਕੀਤੇ ਗਏ ਹਨ?

**ਸਰਦਾਰ ਪਰਕਾਸ਼ ਸਿੰਘ ਬਾਦਲ:** (ੳ) ਸਾਲ 2011-12 ਦੇ ਸਮੇਂ ਦੌਰਾਨ ਕਾਦੀਆਂ ਹਲਕੇ ਵਿੱਚ ਮੌਜੂਦਾ ਸੜਕਾਂ ਦੀ ਮੁਰੰਮਤ ਅਤੇ ਸੰਭਾਲ ਲਈ 1599.74 ਲੱਖ ਰੁਪਏ ਖਰਚ ਕੀਤੇ ਗਏ ਹਨ।

Original with;
Punjab Vidhan Sabha
Digitized by;
Panjab Digital Library

(ਅ) ਸਾਲ 2011-12 ਦੇ ਸਮੇਂ ਦੌਰਾਨ ਹਲਕਾ ਕਾਦੀਆਂ ਵਿੱਚ ਨਵੀਆਂ ਲਿੰਕ ਸੜਕਾਂ ਨੂੰ ਬਣਾਉਣ ਲਈ 141.47 ਲੱਖ ਰੁਪਏ ਖ਼ਰਚ ਕੀਤੇ ਗਏ ਹਨ।

---

## ਪ੍ਰਾਇਮਰੀ ਸਿੱਖਿਆ ਦਾ ਮਿਆਰ

**6. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਨੇ ਪ੍ਰਾਇਮਰੀ ਸਿੱਖਿਆ ਖੇਤਰ ਵਿੱਚ ਬੱਚਿਆਂ ਵਿੱਚ ਸਿੱਖਿਆ ਪ੍ਰਤੀ ਨਿਰਾਸ਼ਤਾ ਨੂੰ ਗੰਭੀਰਤਾ ਨਾਲ ਲਿਆ ਹੈ;

(ਅ) ਸਰਕਾਰ ਦੁਆਰਾ ਸਿੱਖਿਆ ਦੀ ਕੁਆਲਟੀ ਸੁਧਾਰਨ ਅਤੇ ਬੱਚਿਆਂ ਦੀ ਯਾਦ-ਸ਼ਕਤੀ ਨੂੰ ਵਧਾਉਣ ਲਈ ਕੀ ਕਦਮ ਚੁੱਕੇ ਗਏ ਹਨ;

(ੲ) ਕੀ ਅਧਿਆਪਕਾਂ ਦੀ ਗੈਰ-ਹਾਜ਼ਰੀ ਦਰ ਨਿਸ਼ਚਿਤ ਪੱਧਰ ਤੋਂ ਜ਼ਿਆਦਾ ਹੈ, ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਨ ਕੀ ਹਨ ਅਤੇ ਕੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

**ਸਰਦਾਰ ਸਿਕੰਦਰ ਸਿੰਘ ਮਲੂਕਾ:** (ੳ) ਹਾਂ ਜੀ, ਸਰਕਾਰ ਗੰਭੀਰ ਹੈ।

(ਅ) ਸਰਕਾਰ ਦੁਆਰਾ ਸਿੱਖਿਆ ਦੀ ਕੁਆਲਟੀ ਨੂੰ ਸੁਧਾਰਨ ਅਤੇ ਬੱਚਿਆਂ ਦੀ ਯਾਦ ਸ਼ਕਤੀ ਨੂੰ ਵਧਾਉਣ ਲਈ ਹੁਣ ਵਿਦਿਆਰਥੀਆਂ ਨੂੰ ਖੇਡ ਵਿਧੀ, ਕੰਮ ਅਧਾਰਿਤ ਸਿੱਖਿਆ ਅਤੇ ਕਰੋ ਤੇ ਸਿੱਖੋ ਵਿਧੀਆਂ ਰਾਹੀਂ ਪੜ੍ਹਾਇਆ ਜਾ ਰਿਹਾ ਹੈ। ਸਿੱਖਿਆ ਦੀ ਕੁਆਲਟੀ ਸੁਧਾਰਨ ਲਈ ਵਿਦਿਆਰਥੀਆਂ ਨੂੰ ਦਿਲਚਸਪ ਅਤੇ ਰੰਗਦਾਰ ਵਧੀਆ ਕੰਨਟੈਂਟ ਵਾਲਾ ਸਪਲੀਮੈਂਟਰੀ ਰੀਡਿੰਗ ਮਟੀਰੀਅਲ ਉਪਲਬਧ ਕਰਵਾਇਆ ਜਾ ਰਿਹਾ ਹੈ। ਗਣਿਤ ਨੂੰ ਪ੍ਰੈਕਟੀਕਲ ਰੂਪ ਵਿੱਚ ਸਿਖਾਉਣ ਲਈ ਹਰੇਕ ਪ੍ਰਾਇਮਰੀ ਸਕੂਲ ਅੰਦਰ ਮੈਥ ਕਾਰਨਰ ਸਥਾਪਿਤ ਕੀਤੇ ਗਏ ਹਨ। ਹਰੇਕ ਪ੍ਰਾਇਮਰੀ ਸਕੂਲ ਵਿੱਚ ਬੱਚਿਆਂ ਵਿੱਚ ਪੜ੍ਹਨ ਦੀ ਰੁਚੀ ਪੈਦਾ ਕਰਨ, ਸਾਹਿਤ ਅਤੇ ਵਿਰਸੇ ਨਾਲ ਜੋੜਨ ਲਈ ਰੀਡਿੰਗ ਸੈੱਲ ਸਥਾਪਿਤ ਕੀਤੇ ਗਏ ਹਨ। ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਵਿੱਦਿਅਕ ਮੁਕਾਬਲੇ ਕਰਵਾਏ ਜਾਂਦੇ ਹਨ।

(ੲ) ਅਧਿਆਪਕਾਂ ਦੀ ਗੈਰ-ਹਾਜ਼ਰੀ ਨੂੰ ਸਰਕਾਰ ਬਹੁਤ ਹੀ ਗੰਭੀਰਤਾ ਨਾਲ ਲੈ ਰਹੀ ਹੈ। ਜਿਹੜੇ ਅਧਿਆਪਕ ਲੰਬੇ ਸਮੇਂ ਤੋਂ ਗੈਰ-ਹਾਜ਼ਰ ਚਲੇ ਆ ਰਹੇ ਹਨ, ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਅਰੰਭੀ ਹੋਈ ਹੈ।

---

Original with;
Punjab Vidhan Sabha
Digitized by;
Panjab Digital Library

## ਸਰਹੱਦੀ ਇਲਾਕੇ ਵਿੱਚ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ

**7. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਨੇ ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਦੁਰਦਸ਼ਾ ਨੂੰ ਗੰਭੀਰਤਾ ਨਾਲ ਲਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਅਜਿਹੇ ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਸੀਵਰੇਜ਼, ਪੀਣ ਵਾਲਾ ਪਾਣੀ ਅਤੇ ਹੋਰ ਸਕੀਮਾਂ ਸਰਕਾਰ ਦੁਆਰਾ ਸ਼ੁਰੂ ਕਰ ਦਿੱਤੀਆਂ ਗਈਆਂ ਹਨ;

(ਅ) ਕੀ ਸਰਕਾਰ ਅਜਿਹੇ ਖੇਤਰਾਂ ਵਿੱਚ ਵਿਕਾਸ ਅਤੇ ਉਦਯੋਗੀਕਰਨ ਦੀ ਘਾਟ ਨੂੰ ਧਿਆਨ ਵਿੱਚ ਰੱਖਦੇ ਹੋਏ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਸੁਰਜੀਤ ਸਿੰਘ ਰੱਖੜਾ:** ਸ਼੍ਰੀਮਾਨ ਜੀ,

(ੳ) ਹਾਂ ਜੀ, ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਸਰਕਾਰ ਵਲੋਂ ਸੀਵਰੇਜ਼, ਪੀਣ ਵਾਲਾ ਪਾਣੀ ਅਤੇ ਹੋਰ ਸਕੀਮਾਂ ਚਲਾਈਆਂ ਜਾ ਰਹੀਆਂ ਹਨ।

(ਅ) ਸਰਹੱਦੀ ਖੇਤਰਾਂ ਵਿੱਚ ਵਿਕਾਸ ਅਤੇ ਉਦਯੋਗੀਕਰਨ ਦੀ ਘਾਟ ਨੂੰ ਮੁੱਖ ਰੱਖਦੇ ਹੋਏ ਪ੍ਰਧਾਨ ਮੰਤਰੀ ਇੰਪਲਾਈਮੈਂਟ ਜੈਨਰੇਸ਼ਨ ਪ੍ਰੋਗਰਾਮ ਅਧੀਨ ਬੇਰੋਜ਼ਗਾਰ ਲੋਕਾਂ ਨੂੰ ਛੋਟੀਆਂ ਰਿਪੇਅਰ ਵਰਕਸ਼ਾਪਾਂ ਅਤੇ ਨਵੇਂ ਉਦਯੋਗ ਲਗਾਉਣ ਲਈ ਬੈਂਕਾਂ ਪਾਸੋਂ ਲੋਨ ਮੁਹੱਈਆ ਕਰਵਾਏ ਜਾਂਦੇ ਹਨ। ਮਨਰੇਗਾ ਸਕੀਮ ਅਧੀਨ ਨੌਜਵਾਨ ਸਕਿਲਡ ਅਤੇ ਅਣ ਸਕਿਲਡ ਉਦਮੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਡੇਅਰੀ ਵਿਕਾਸ ਵਿਭਾਗ, ਪੰਜਾਬ ਵਲੋਂ ਪੜ੍ਹੇ ਲਿਖੇ ਬੇਰੁਜ਼ਗਾਰ ਅਤੇ ਇਸਤਰੀਆਂ ਨੂੰ ਜਿਨ੍ਹਾਂ ਦੀ ਉਮਰ 18-45 ਸਾਲ ਹੋਵੇ ਨੂੰ ਸਿਖਲਾਈ ਮੁਹੱਈਆ ਕਰਵਾ ਕੇ ਡੇਅਰੀ ਯੂਨਿਟ ਸਥਾਪਿਤ ਕਰਵਾਏ ਜਾਂਦੇ ਹਨ। ਬੈਂਕ ਫ਼ਿੰਕੋ ਵਲੋਂ 18-55 ਸਾਲ ਦੇ ਵਿਅਕਤੀਆਂ ਨੂੰ ਕੰਮ ਕਰਨ ਲਈ 1,000,00/- ਰੁਪਏ ਤੱਕ ਦਾ ਕਰਜ਼ਾ 6% ਵਿਆਜ਼ ਦੀ ਦਰ ਨਾਲ ਅਤੇ ਪੰਜਾਬ ਐਸ.ਸੀ.ਕਾਰਪੋਰੇਸ਼ਨ ਵਲੋਂ 18-55 ਸਾਲ ਦੇ ਵਿਅਕਤੀਆਂ ਨੂੰ 5,00,000/- ਰੁਪਏ ਤੱਕ ਦਾ ਕਰਜ਼ਾ 8% ਵਿਆਜ਼ ਦੀ ਦਰ ਨਾਲ ਕਾਰੋਬਾਰ ਸ਼ੁਰੂ ਕਰਨ ਲਈ ਮੁਹੱਈਆ ਕਰਵਾਇਆ ਜਾਂਦਾ ਹੈ।

---

Original with;
Punjab Vidhan Sabha
Digitized by;
Panjab Digital Library

## ਸਿੱਖਿਆ ਅਭਿਆਨ ਅਧੀਨ ਫੰਡਾਂ ਦੀ ਪ੍ਰਾਪਤੀ

8. **ਸ਼੍ਰੀਮਤੀ ਚਰਨਜੀਤ ਕੌਰ ਬਾਜਵਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪਿਛਲੇ ਦੋ ਸਾਲ ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਕੇਂਦਰ ਸਰਕਾਰ ਵੱਲੋਂ ਰਾਜ ਲਈ ਮਨਜ਼ੂਰ ਕੀਤੇ ਅਤੇ ਦਿੱਤੇ ਗਏ ਫੰਡ ਕਿੰਨੇ ਹਨ;

(ਅ) ਰਾਜ ਦੁਆਰਾ ਅਸਲ ਵਿੱਚ ਵਰਤੇ ਗਏ ਫੰਡ ਅਤੇ ਦਿੱਤੇ ਗਏ ਫੰਡਾਂ ਦੀ ਵਰਤੋਂ ਨਾ ਕਰਨ ਦੇ ਕਾਰਣ ਕੀ ਹਨ;

(ੲ) ਰਾਜ ਵਿੱਚ ਸਰਵ-ਸਿੱਖਿਆ ਅਭਿਆਨ ਅਧੀਨ ਫੰਡਾਂ ਦੀ ਦੁਰਵਰਤੋਂ/ਗਬਨ ਸਬੰਧੀ ਕੋਈ ਸ਼ਿਕਾਇਤ ਸਰਕਾਰ ਦੇ ਧਿਆਨ ਵਿੱਚ ਆਈ ਹੈ; ਜੇਕਰ ਅਜਿਹਾ ਹੋਵੇ ਤਾਂ ਫੰਡਾਂ ਦੀ ਦੁਰ-ਵਰਤੋਂ ਰੋਕਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੇ ਵੇਰਵੇ ਕੀ ਹਨ?

**ਸਰਦਾਰ ਸਿਕੰਦਰ ਸਿੰਘ ਮਲੂਕਾ:** (ੳ) ਪਿਛਲੇ ਸਾਲ ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਕੇਂਦਰ ਸਰਕਾਰ ਵੱਲੋਂ ਰਾਜ ਲਈ ਮਨਜ਼ੂਰ ਕੀਤੇ ਅਤੇ ਦਿੱਤੇ ਗਏ ਫੰਡਾਂ ਦਾ ਵੇਰਵਾ **ਅਨੁਲੱਗ 'ੳ'** ਤੇ ਹੈ।

(ਅ) ਸਾਲ 2010-11 ਅਤੇ 2011-12 ਦੌਰਾਨ ਸਰਵ ਸਿੱਖਿਆ ਅਭਿਆਨ ਅਥਾਰਟੀ ਨੂੰ ਭਾਰਤ ਸਰਕਾਰ ਅਤੇ ਰਾਜ ਸਰਕਾਰ ਤੋਂ 65:35 ਦੀ ਰੇਸ਼ੋ ਵਿੱਚ ਫੰਡਜ਼ ਪ੍ਰਾਪਤ ਹੋਏ ਹਨ। ਰਾਜ ਸਰਕਾਰ ਦੁਆਰਾ ਅਸਲ ਵਿੱਚ ਵਰਤੇ ਗਏ ਫੰਡ ਅਤੇ ਦਿੱਤੇ ਗਏ ਫੰਡਾਂ ਦੀ ਵਰਤੋਂ ਦਾ ਵੇਰਵਾ **ਅਨੁਲੱਗ 'ਅ'** ਤੇ ਹੈ।

(ੲ) ਰਾਜ ਸਰਕਾਰ ਨੂੰ ਫੰਡਾਂ ਦੀ ਦੁਰਵਰਤੋਂ ਕਰਨ ਸਬੰਧੀ ਜ਼ਿਲ੍ਹਾ ਗੁਰਦਾਸਪੁਰ ਤੋਂ ਵਰਦੀਆਂ ਦੀ ਖਰੀਦ ਕਰਨ ਵਿੱਚ ਇੱਕ ਸ਼ਿਕਾਇਤ ਪ੍ਰਾਪਤ ਹੋਈ ਸੀ ਜਿਸ ਸਬੰਧੀ ਵੇਰਵਾ **ਅਨੁਲੱਗ 'ੲ'** ਤੇ ਨੱਥੀ ਹੈ।

ਸਰਵ ਸਿੱਖਿਆ ਅਭਿਆਨ, ਅਥਾਰਿਟੀ ਪੰਜਾਬ ਵੱਲੋਂ ਫੰਡਾਂ ਦੀ ਵੰਡ ਭਾਰਤ ਸਰਕਾਰ ਵੱਲੋਂ ਦਿੱਤੇ ਵਿੱਤੀ ਨਿਯਮਾਂ ਅਨੁਸਾਰ ਕੀਤੀ ਜਾਂਦੀ ਹੈ ਅਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਮੇਂ-ਸਮੇਂ ਤੇ ਫੰਡਾਂ ਦੀ ਵਰਤੋਂ ਉਤੇ ਵਿਭਾਗੀ ਪਾਲੀਸੀਆਂ/ਫੈਸਲਿਆਂ ਸਬੰਧੀ ਟਰੇਨਿੰਗ ਆਯੋਜਿਤ ਕਰਕੇ ਜਾਣੂ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਹੀ ਗਠਿਤ ਇੰਸਪੈਕਸ਼ਨ ਟੀਮਾਂ ਰਾਹੀਂ ਲੋੜੀਂਦੀ ਮੋਨੀਟਰਿੰਗ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਕਰਵਾਈ ਜਾ ਰਹੀ ਹੈ। ਕਸੂਰਵਾਰ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਪੰਜਾਬ ਸਿਵਲ ਸਰਵਿਸ ਅਧੀਨ (ਦੰਡ ਅਤੇ ਅਪੀਲ) ਦੇ ਨਿਯਮਾਂ ਤਹਿਤ ਕਾਰਵਾਈ ਕੀਤੀ ਜਾਂਦੀ ਹੈ।

## ਅਨੁਲੱਗ – 'ੳ'

## ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਨੂੰ ਭਾਰਤ ਸਰਕਾਰ ਤੋਂ ਪ੍ਰਾਪਤ ਹੋਈ ਰਾਸ਼ੀ ਦਾ ਵੇਰਵਾ

| ਲੜੀ ਨੰ: | ਸਾਲ | ਪ੍ਰਵਾਨਤ ਬਜਟ ਅਨੁਸਾਰ ਭਾਰਤ ਸਰਕਾਰ 65% ਡਿਊਸ਼ੇਅਰ | ਪ੍ਰਾਪਤ ਰਾਸ਼ੀ |
|---|---|---|---|
| 1. | 2010-11 | 44781.97 | 39612.74 |
| 2. | 2011-12 | 65712.13 | 48112.44 |

## ਅਨੁਲੱਗ– 'ਅ'

## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿੱਚ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਦੁਆਰਾ ਪ੍ਰਾਪਤ ਹੋਏ ਫੰਡ ਅਤੇ ਵਰਤੇ ਗਏ ਫੰਡਾਂ ਦਾ ਵੇਰਵਾ

(ਰਾਸ਼ੀ ਲੱਖਾਂ ਵਿੱਚ)

| ਲੜੀ ਨੰ: | ਸਾਲ | ਰਾਜ ਸਰਕਾਰ ਨੂੰ ਕੇਂਦਰ ਸਰਕਾਰ ਦੁਆਰਾ ਪ੍ਰਾਪਤ ਫੰਡ | ਵਰਤੇ ਗਏ ਫੰਡ | ਵਿਸ਼ੇਸ਼ ਕਥਨ |
|---|---|---|---|---|
| 1. | 2010-11 | 39612.74 | 39612.74 | ਕੇਂਦਰ ਸਰਕਾਰ ਰਾਜ ਸਰਕਾਰ ਨੂੰ ਦਿੱਤੇ ਗਏ ਫੰਡਜ਼ ਪੂਰੀ ਤਰ੍ਹਾਂ ਨਾਲ ਵਰਤ ਲਏ ਗਏ ਹਨ। |
| 2. | 2011-12 | 48112.44 | 48112.44 | -ਉਹੀ- |

Original with;
Punjab Vidhan Sabha
Digitized by;
Panjab Digital Library

# ਅਨੁਲੱਗ 'ੲ'

## ਵਰਦੀਆਂ ਸਬੰਧੀ ਸ਼ਿਕਾਇਤ

ਰਾਜ ਸਰਕਾਰ ਨੂੰ ਫੰਡਾਂ ਦੀ ਦੁਰਵਰਤੋਂ ਕਰਨ ਸਬੰਧੀ ਜ਼ਿਲ੍ਹਾ ਗੁਰਦਾਸਪੁਰ ਤੋਂ ਇੱਕ ਸ਼ਿਕਾਇਤ ਮਿਤੀ: 23.09.2011 ਨੂੰ ਟੀਚਰ ਯੂਨੀਅਨ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪ੍ਰਾਪਤ ਹੋਈ ਸੀ, ਜਿਸ ਵਿੱਚ ਇਸ ਜ਼ਿਲ੍ਹੇ ਵਿੱਚ-ਵੰਡੀਆਂ ਗਈਆਂ ਵਰਦੀਆਂ ਬਹੁਤ ਹੀ ਘੱਟੀਆਂ ਗੈਰ ਮਿਆਰ ਅਤੇ ਬੱਚਿਆਂ ਦੇ ਮਾਪ ਅਨੁਸਾਰ ਨਹੀਂ ਸਨ, ਜਿਸ ਕਰਕੇ ਆਮ ਲੋਕਾਂ ਅਤੇ ਅਧਿਆਪਕਾਂ ਦਾ ਵਰਦੀਆਂ ਵੰਡਣ ਸਮੇਂ ਆਪਸੀ ਤਕਰਾਰ ਹੋਇਆ ਅਤੇ ਅਧਿਆਪਕਾਂ ਦੇ ਮਾਨ ਸਨਮਾਨ ਨੂੰ ਠੇਸ ਪੁੱਜੀ। ਇਸ ਸ਼ਿਕਾਇਤ ਸਬੰਧੀ ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ, ਦਫ਼ਤਰ ਸਰਵ ਸਿੱਖਿਆ ਅਭਿਆਨ, ਪੰਜਾਬ, ਚੰਡੀਗੜ੍ਹ ਵੱਲੋਂ ਮਿਤੀ 27/02/12 ਅਤੇ 28/02/12 ਨੂੰ ਮੁੱਢਲੀ ਪੜਤਾਲ ਕਰਵਾਈ ਗਈ। ਮੁੱਢਲੀ ਪੜਤਾਲ ਰਿਪੋਰਟ ਦੇ ਸਿੱਟੇ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਗੁਰਦਾਸਪੁਰ ਵੱਲੋਂ ਜ਼ਿਲ੍ਹੇ ਵਿੱਚ ਕਿਸੇ ਵੀ ਬੱਚੇ ਨੂੰ ਗਰਮ ਸਵੈਟਰ, ਗਰਮ ਟੋਪੀ ਅਤੇ ਲੜਕੀਆਂ ਨੂੰ ਵਰਦੀ ਸਿਲਵਾ ਕੇ ਨਹੀਂ ਦਿੱਤੀ ਗਈ। ਵਰਦੀਆਂ ਦੀ ਖਰੀਦ ਸੰਬੰਧਤ ਪੇਂਡੂ ਸਿੱਖਿਆ ਵਿਕਾਸ ਕਮੇਟੀ (ਪਸਵਕ) ਪੱਧਰ ਤੇ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਤਹਿਤ ਟੈਂਡਰ ਜਾਂ ਕੁਟੇਸ਼ਨ ਕਾਲ ਕਰਕੇ ਨਹੀਂ ਕੀਤੀ ਜਿਸ ਕਰਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਅ.ਸਿ.) ਗੁਰਦਾਸਪੁਰ ਅਤੇ ਹੋਰਨਾਂ ਦੇ ਪੱਧਰ ਤੇ ਨਿਯਮਾਂ ਦੀ ਘੋਰ ਉਲੰਘਣਾ ਕੀਤੀ ਨਜ਼ਰ ਆਉਂਦੀ ਹੈ। ਰਿਪੋਰਟ ਨੂੰ ਘੋਖਣ ਉਪਰੰਤ ਸਰਕਾਰ ਦੁਆਰਾ ਪੱਤਰ ਮਿਤੀ: 03.04.2012 ਰਾਹੀਂ ਸ਼੍ਰੀਮਤੀ ਛਿੰਦੋਂ ਸਾਹਨੀ, ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਗੁਰਦਾਸਪੁਰ, ਸ਼੍ਰੀ ਰਾਮ ਲੁਭਾਇਆ ਡੀ.ਆਰ.ਪੀ. (ਸ.ਸ.ਅ), ਸ਼੍ਰੀ ਪਵਨ ਮਹਾਜਨ ਏ.ਪੀ.ਸੀ. ਜਨਰਲ (ਸ.ਸ.ਅ), ਸ਼੍ਰੀ ਨਰਿੰਦਰ ਕੁਮਾਰ ਕਲਰਕ, ਨੂੰ ਮੁਅੱਤਲ ਕਰਨ ਦੇ ਨਾਲ ਇਨ੍ਹਾਂ ਨੂੰ ਦੋਸ਼ ਸੂਚੀਆਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਸ਼੍ਰੀ ਦਲਬੀਰ ਸਿੰਘ, ਜੈਂਡਰ ਕੋ-ਆਰਡੀਨੇਟਰ, ਸ਼੍ਰੀ ਮੁਨਸ਼ੀ ਰਾਮ, ਡੀ.ਪੀ.ਸੀ., (ਸ.ਸ.ਅ.), ਸ਼੍ਰੀ ਵਿਕਰਮ ਅਗਰਵਾਲ, ਏ.ਪੀ.ਸੀ. (ਵਿੱਤ), ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਤੇ ਸ਼੍ਰੀ ਰਾਜ ਕੁਮਾਰ, ਜੈਂਡਰ ਕੋ-ਆਰਡੀਨੇਟਰ ਦਫ਼ਤਰ: ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ.), ਗੁਰਦਾਸਪੁਰ ਦੇ ਵਿਰੁੱਧ ਵੀ (ਸਜ਼ਾ ਅਤੇ ਅਪੀਲ) ਨਿਯਮਾਂਵਲੀ-1970 ਦੇ ਨਿਯਮ, 8 ਅਤੇ 12 ਅਧੀਨ ਸਾਂਝੀ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਕਾਰਵਾਈ ਕਰਦੇ ਹੋਏ, ਵੱਡੀਆਂ ਸਜ਼ਾਵਾਂ ਦੇਣ ਲਈ ਦੋਸ਼ ਸੂਚੀਆਂ ਪੱਤਰ ਨੰ: 4/94/2012-4ਸਿ.4/3993-4036 ਮਿਤੀ 20.06.12 ਰਾਹੀਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

---

## STATEMENT BY THE CHIEF MINISTER REGARDING HOLDING OF ENQUIRY IN THE VENDETTA CASES

**ਮਾਨਯੋਗ ਸਪੀਕਰ:** ਹੁਣ ਅਸੀਂ ਅਜੰਡੇ ਦੀ ਅਗਲੀ ਆਈਟਮ ਲਵਾਂਗੇ। ਮੁੱਖ ਮੰਤਰੀ ਜੀ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ):** ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਸੁਨੀਲ ਜਾਖੜ ਜੀ ਨੇ ਜਦੋਂ ਦੀ ਨਵੀਂ ਸਰਕਾਰ ਬਣੀ ਹੈ, ਸਭ ਤੋਂ ਜ਼ਿਆਦਾ ਇਸ ਗੱਲ ਵੱਲ ਜ਼ੋਰ ਦਿੱਤਾ ਹੈ ਕਿ ਕਾਂਗਰਸੀ ਵਰਕਰਜ਼ ਨਾਲ ਜਾਂ ਲੀਡਰਜ਼ ਨਾਲ ਬੜਾ ਵੈਨਡੇਟਾ ਹੋ ਰਿਹਾ ਹੈ ਅਤੇ ਬੜੇ ਝੂਠੇ ਕੇਸ ਬਣ ਰਹੇ ਹਨ। ਇਨ੍ਹਾਂ ਤੋਂ ਪਹਿਲਾਂ ਵੀ ਪਿਛਲੇ 5 ਸਾਲਾਂ ਵਿੱਚ ਸਰਦਾਰ ਅਮਰਿੰਦਰ ਸਿੰਘ ਜੀ, ਉਨ੍ਹਾਂ ਨੇ ਵੀ ਬਹੁਤ ਹੀ ਵੈਨਡੇਟਾ ਜਾਂ ਝੂਠੇ ਕੇਸਾਂ ਦਾ ਜ਼ਿਕਰ ਕੀਤਾ ਅਤੇ ਇੱਥੋਂ ਤੱਕ ਅਖ਼ਬਾਰਾਂ ਵਿੱਚ ਆਇਆ ਕਿ ਕਾਂਗਰਸ ਦੇ 20,000 ਵਰਕਰਾਂ ਤੇ ਝੂਠੇ ਕੇਸ ਬਣਾਏ ਗਏ ਹਨ। ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਦਾ ਰਿਹਾ ਕਿ ਕੈਪਟਨ ਸਾਹਿਬ ਮੇਰੇ ਧਿਆਨ ਵਿੱਚ ਲਿਆਓ, ਜਿਨ੍ਹਾਂ ਤੇ ਸ਼੍ਰੋਮਣੀ ਅਕਾਲੀ ਦਲ ਜਾਂ ਭਾਰਤੀ ਜਨਤਾ ਪਾਟੀ ਦੀ ਸਰਕਾਰ ਵੇਲੇ ਝੂਠੇ ਕੇਸ ਬਣਾਏ ਗਏ ਹਨ ਜਾਂ ਜਿਨ੍ਹਾਂ ਨਾਲ ਵੈਨਡੇਟਾ ਹੋਇਆ ਹੈ, ਦੱਸਿਆ ਕੋਈ ਨਹੀਂ। ਫਿਰ ਜਾਖੜ ਸਾਹਿਬ ਨੂੰ ਜਦੋਂ ਮਾਣ ਮਿਲਿਆ ਅਤੇ ਇਸ ਕੁਰਸੀ ਤੇ ਬੈਠੇ ਤਾਂ ਮੇਰਾ ਖ਼ਿਆਲ ਸੀ ਕਿ ਪਾਲਿਸੀ ਵਿੱਚ ਕੋਈ ਤਬਦੀਲੀ ਆਈ ਹੈ ਅਤੇ ਜਾਖੜ ਸਾਹਿਬ ਮੇਰੇ ਕੋਲ ਉਹ ਗੱਲ ਕਰਨਗੇ, ਜਿਨ੍ਹਾਂ ਦੀ ਇਨ੍ਹਾਂ ਨੇ ਆਪ ਘੋਖ ਕੀਤੀ ਹੋਵੇ ਜਾਂ ਇਨ੍ਹਾਂ ਨੂੰ ਲੱਗਿਆ ਹੋਵੇ ਕਿ ਕੋਈ ਗੱਲ ਗਲਤ ਹੋਈ ਹੈ। ਇਨ੍ਹਾਂ ਨੇ ਵੀ ਅਖ਼ਬਾਰਾਂ ਵਿੱਚ ਕਹਿਣਾ ਸ਼ੁਰੂ ਕਰ ਦਿੱਤਾ ਕਿ ਹਜ਼ਾਰਾਂ ਕਾਂਗਰਸੀ ਵਰਕਰਾਂ ਤੇ ਝੂਠੇ ਕੇਸ ਬਣਾਏ ਗਏ ਹਨ। ਦੇਖੋ ਮੇਰੀ ਆਤਮਾ ਤੇ ਸਭ ਤੋਂ ਵੱਧ ਦੁੱਖ ਉਦੋਂ ਹੁੰਦਾ ਹੈ ਜਦੋਂ ਮੈਨੂੰ ਜਾਂ ਸਾਡੀ ਸਰਕਾਰ ਨੂੰ ਇਹ ਕਹੇ ਕਿ ਇਨਸਾਫ ਨਹੀਂ ਕਰਦੇ ਜਾਂ ਗਲਤ ਗੱਲ ਕਰਦੇ ਹਨ। ਹੋਰ ਭਾਵੇਂ ਕੋਈ ਤੋਹਮਤ ਲਗਾ ਦੇਵੋ, ਇਹ

Original with;
Punjab Vidhan Sabha
Digitized by;
Panjab Digital Library

ਤੋਹਮਤ ਮੈਨੂੰ ਬਹੁਤ ਦੁਖਦੀ ਹੈ। ਮੈਂ ਜਾਖੜ ਸਾਹਿਬ ਨੂੰ ਬੇਨਤੀ ਕੀਤੀ ਕਿ ਜਾਖੜ ਸਾਹਿਬ, ਮੈਂ ਤਾਂ ਆਪੋਜ਼ੀਸ਼ਨ ਦਾ ਬੜਾ ਸਤਿਕਾਰ ਕਰਦਾ ਹਾਂ ਅਤੇ ਤੁਹਾਡਾ ਤਾਂ ਬਹੁਤ ਜ਼ਿਆਦਾ ਸਤਿਕਾਰ ਕਰਦਾ ਹਾਂ। ਤੁਸੀਂ ਮੈਨੂੰ ਦੱਸ ਦੇਵੋ ਕਿ ਕਿੰਨੇ ਕੇਸ ਅਜਿਹੇ ਹਨ। ਇਹ ਵੀ ਅਖਬਾਰਾਂ ਵਿੱਚ ਆਇਆ ਹੈ। ਇਨ੍ਹਾਂ ਨੇ ਹੈਲਪ ਲਾਈਨ ਵਰਕਰਾਂ ਲਈ ਸ਼ੁਰੂ ਕੀਤੀ ਕਿ ਦੱਸੋ ਕਿਹੜੇ ਕਿਹੜੇ ਕੇਸ ਬਣੇ ਅਤੇ ਆਪਣੇ ਜ਼ਿਲ੍ਹਿਆਂ ਦੀਆਂ ਕਮੇਟੀਆਂ ਜਾਂ ਹੋਰਾਂ ਨੂੰ ਵੀ ਕਿਹਾ ਕਿ ਦੱਸੋ ਕਿੰਨੇ ਕੇਸ ਬਣੇ। ਅਖੀਰ ਜਿਹੜੀ ਸਾਰੀ ਮੇਰੇ ਕੋਲ ਲਿਸਟ ਆਈ ਭਾਵੇਂ ਚੌਧਰੀ ਸਾਹਿਬ ਨੇ ਦਿੱਤੀ, ਭਾਵੇਂ ਕੈਪਟਨ ਅਮਰਿੰਦਰ ਸਿੰਘ ਜੀ ਦੇ ਮੇਨ ਐਡਵਾਈਜ ਸੋਢੀ ਸਾਹਿਬ ਨੇ ਦਿੱਤੀ (ਸਦਨ ਵਿੱਚ ਹਾਸਾ), 39 ਕੇਸਾਂ ਦੀ ਦਿੱਤੀ ਹੈ। ਸਪੀਕਰ ਸਾਹਿਬ, ਇਹ ਨਹੀਂ ਕਿ ਮੈਨੂੰ ਆਪੋਜ਼ੀਸ਼ਨ ਪਾਰਟੀ ਵਲੋਂ ਕੋਈ ਅਜਿਹੀ ਗੱਲ ਆਵੇ ਅਤੇ ਮੈਂ ਉਸਦੀ ਤਸੱਲੀ ਨਾ ਕਰਾਂ। ਮੈਂ ਇਹ ਨਹੀਂ ਸਮਝਿਆ ਕਿ ਮੈਂ ਇਨ੍ਹਾਂ ਦੀ ਕੋਈ ਇਨਕੁਆਇਰੀ ਥਾਣੇਦਾਰ ਤੋਂ ਜਾਂ ਡੀ.ਐਸ.ਪੀ. ਤੋਂ ਜਾਂ ਐਸ.ਐਸ.ਪੀ. ਤੋਂ ਕਰਵਾਉਣੀ ਹੈ, ਮੈਂ ਡੀ.ਜੀ.ਪੀ. ਸਾਹਿਬ ਨੂੰ ਹਦਾਇਤ ਕਰ ਦਿੱਤੀ ਕਿ ਇਹ ਜਿਹੜੇ 39 ਕੇਸ ਆਏ ਹਨ, ਇਨ੍ਹਾਂ ਦੀ ਜਿਹੜੀ ਇਨਕੁਆਇਰੀ ਹੈ ਜਾਂ ਤਸੱਲੀ ਹੈ ਜਾਂ ਵੈਰੀਫਿਕੇਸ਼ਨ ਹੈ, ਉਹ ਘੱਟੋ-ਘੱਟ ਡੀ.ਆਈ.ਜੀ. ਤੋਂ ਕੀਤੀ ਜਾਵੇ ਔਰ ਨਾਲ ਆਈ.ਜੀ. (ਕਰਾਈਮ) ਦੀ ਨਿਗਰਾਨੀ ਹੇਠ ਇਹ ਇਨਕੁਆਰੀ ਹੋਵੇ। ਮੇਰਾ ਖਿਆਲ ਹੈ ਕਿ ਹਿਸਟਰੀ ਵਿੱਚ ਪਹਿਲੀ ਵਾਰ ਹੋਵੇਗਾ ਕਿ ਆਪੋਜ਼ੀਸ਼ਨ ਨੇ ਜੋ ਕਿਹਾ ਹੈ, ਉਸ ਦੇ ਤਹਿਤ ਇੰਨਾ ਸਰਕਾਰ ਨੇ ਅਸਰ ਕੀਤਾ ਕਿ ਦੁੱਧੋਂ ਪਾਣੀ ਛਾਂਟਿਆ ਜਾਵੇ ਔਰ ਛੋਟੇ ਅਫਸਰਾਂ ਦੇ ਨਹੀਂ ਬਲਕਿ ਵੱਡੇ ਅਫਸਰਾਂ ਦੇ ਜ਼ੁੰਮੇ ਜ਼ੁੰਮੇਵਾਰੀ ਲਗਾਈ ਜਾਵੇ। ਇਹ ਸਾਰੀ ਇਨਕੁਆਇਰੀ ਡੀ.ਆਈ.ਜੀ. ਦੀ ਨਿਗਰਾਨੀ ਹੇਠ ਹੋਈ। ਇਸ ਦੇ ਰਿਜ਼ਲਟਸ ਕੀ ਨਿਕਲੇ? ਮੇਰੇ ਕੋਲ ਸਾਰਾ ਰਿਕਾਰਡ ਹੈ। ਮੈਂ ਚੌਧਰੀ ਸਾਹਿਬ ਨੂੰ ਦੇ ਦਿਆਂਗਾ ਤੇ ਜੇ ਕੇਸ ਸਦਨ ਦੀ ਮੇਜ਼ ਤੇ ਰੱਖਣੇ ਹਨ ਤੇ ਉਹ ਵੀ ਰੱਖ ਦਿਆਂਗਾ। 24 ਕੇਸ ਤਾਂ ਇਹੋ ਜਿਹੇ ਪਾਏ ਗਏ ਜਿਹੜੇ ਬਿਲਕੁਲ ਠੀਕ ਰਜਿਸਟਰਡ ਹੋਏ। 12 ਕੇਸ ਇਹੋ ਜਿਹੇ ਲੱਭੇ ਜਿਨ੍ਹਾਂ ਵਿੱਚ ਕੇਸ ਤਾਂ ਠੀਕ ਰਜਿਸਟਰਡ ਹੋਏ ਪਰ ਉਨ੍ਹਾਂ ਵਿੱਚ ਜਿਹੜੇ ਸਹੀ ਬੰਦੇ ਸੀ, ਉਨ੍ਹਾਂ ਨਾਲੋਂ ਜ਼ਿਆਦਾ ਬੰਦੇ ਪਾਏ ਗਏ। ਉਹ ਜੋ ਵੱਧ ਬੰਦੇ ਪਾਏ ਗਏ, ਉਹ ਛੱਡ ਦਿੱਤੇ ਗਏ। ਤਿੰਨ ਕੇਸ ਝੂਠੇ ਰਜਿਸਟਰਡ ਹੋਏ, ਉਹ ਕੈਂਸਲ ਕਰ ਦਿੱਤੇ ਗਏ ਔਰ ਜਿਹੜੇ ਝੂਠੇ ਤਿੰਨ ਕੇਸ ਪਾਏ ਸਨ, ਉਹ ਪੁਲੀਟੀਕਲੀ ਨਹੀਂ ਸਨ ਪਰ ਸਧਾਰਨ ਕਿਸਮ ਦੇ ਸਨ। ਸਪੀਕਰ ਸਾਹਿਬ, ਹੁਣ ਮੈਂ ਤੁਹਾਡੇ ਕੋਲ ਬੇਨਤੀ ਕਰਨੀ ਚਾਹੁੰਦਾ ਹਾਂ ਤੇ ਉਨ੍ਹਾਂ ਕੇਸਾਂ ਦੀ ਗੱਲ ਕਰਨੀ ਚਾਹੁੰਦਾ ਹਾਂ। ਸਭ ਤੋਂ ਵੱਡਾ ਰੌਲਾ ਜੋ ਪਿਆ ਹੈ, ਉਹ ਦਿਆਲਪੁਰੇ ਕੇਸ ਦਾ ਰੌਲਾ ਪਿਆ ਸੀ, ਜਿਹੜਾ ਰਾਮਪੁਰੇ ਹਲਕੇ ਵਿੱਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕੇਸ ਹੋਇਆ। ਉਸ ਵਿੱਚ ਉਥੋਂ ਦੇ ਸਰਪੰਚ ਸੁਖਦੇਵ ਸਿੰਘ ਨੇ ਕੇਸ ਰਜਿਸਟਰਡ ਕਰਵਾਇਆ। ਕੇਸ ਕੀ ਹੈ? ਉਨ੍ਹਾਂ ਨੇ ਕਿਹਾ ਕਿ ਮਲੂਕਾ ਸਾਹਿਬ ਸ਼੍ਰੋਮਣੀ ਅਕਾਲੀ ਦਲ ਵੱਲੋਂ ਖੜ੍ਹੇ ਸਨ ਤੇ ਕਾਂਗੜ ਸਾਹਿਬ ਕਾਂਗਰਸ ਵੱਲੋਂ ਖੜ੍ਹੇ ਸਨ। ਕੇਸ ਹੋਇਆ ਕਿ ਮਲੂਕਾ ਸਾਹਿਬ ਦਾ ਲੜਕਾ ਦਿਆਲਪੁਰੇ ਪਿੰਡ ਵਿੱਚ ਕਿਸੇ ਫੰਕਸ਼ਨ ਤੇ ਗਿਆ ਸੀ ਔਰ ਉੱਥੇ ਜਦੋਂ ਉਹ ਫੰਕਸ਼ਨ ਕਰਕੇ ਪਿੰਡ ਵਿੱਚੋਂ ਬਾਹਰ ਨਿਕਲਿਆ ਤਾਂ ਕਾਂਗੜ ਸਾਹਿਬ ਦੇ ਹਮਾਇਤੀਆਂ ਦੀਆਂ ਵੱਡੀਆਂ ਗੱਡੀਆਂ ਆ ਗਈਆਂ ਤੇ ਮਲੂਕਾ ਸਾਹਿਬ ਦੇ ਲੜਕੇ ਨੂੰ ਘੇਰ ਲਿਆ। ਅਜੇ ਘੇਰੀ ਰੱਖਿਆ, ਕਾਫੀ ਚਿਰ ਤੇ ਫਿਰ ਗੁਰਪ੍ਰੀਤ ਸਿੰਘ ਕਾਂਗੜ ਆਪਣੇ ਗੰਨਮੈਨਾਂ ਤੇ ਅਸਲੇ ਸਮੇਤ ਹੋਰ ਬੰਦੇ ਨਾਲ ਲੈ ਆਇਆ। ਉਹ ਉਥੇ ਪਹੁੰਚ ਗਏ ਤੇ ਉਸ ਨੂੰ ਹੋਰ ਘੇਰਾ ਪਾ ਲਿਆ। ਮੇਰੇ ਕੋਲ ਫੋਟੋ ਹੈ। ਮੈਂ ਸਦਨ ਦੀ ਮੇਜ਼ ਤੇ ਵੀ ਰੱਖ ਦਿਆਂਗਾ। ਉਸ ਦੀਆਂ ਗੱਡੀਆਂ ਭੰਨ ਦਿੱਤੀਆਂ। ਉਹ ਨੌਜਵਾਨ ਬੱਚਾ ਕਾਰ ਵਿੱਚ ਬੈਠਾ ਰਿਹਾ ਤੇ ਉਸ ਨੂੰ ਚਾਰ-ਚੁਫੇਰੇ ਤੋਂ ਘੇਰੀ ਰੱਖਿਆ। ਬੜੀ ਵੱਡੀ ਕਾਨਸਪੀਰੇਸੀ ਸੀ। ਇੱਥੋਂ ਤੱਕ ਇਲੈਕਸ਼ਨ ਕਮਿਸ਼ਨ ਦਾ ਜਿਹੜਾ ਫਲਾਇੰਗ ਸੁਕੈਅਡ ਵੀ ਪਹੁੰਚ ਗਿਆ। ਡੀ.ਸੀ. ਵੀ ਪਹੁੰਚ ਗਿਆ। ਐਸ.ਐਸ.ਪੀ. ਵੀ ਪਹੁੰਚ ਗਿਆ। ਰਿਟਰਨਿੰਗ ਅਫਸਰ ਵੀ ਪਹੁੰਚ ਗਿਆ। ਔਰ ਇਨ੍ਹਾਂ ਨੇ ਇਲੈਕਸ਼ਨ ਕਮਿਸ਼ਨ ਨਾਲ ਕੀ ਸਾਜ਼ਿਸ਼ ਕੀਤੀ ਸੀ ਕਿ ਅਸੀਂ ਇਸ ਦੀ ਗੱਡੀ ਵਿੱਚ ਪੈਸੇ ਰੱਖ ਦਿਆਂਗੇ ਜਾਂ ਅਸਲਾ ਰੱਖ ਦਿਆਂਗੇ, ਤੁਸੀਂ ਫਲਾਇੰਗ ਸੁਕੈਅਡ ਵਾਲਿਓ ਆ ਜਾਓ ਤੇ ਉਥੇ ਉਸ ਤੇ ਸੰਗੀਨ ਜੁਰਮ ਅਦਾ ਕਰ ਦਿਆਂਗੇ। ਇਹ ਸਾਰੇ ਆਏ ਉਨ੍ਹਾਂ ਨੇ ਮਲੂਕਾ ਸਾਹਿਬ ਦੇ ਬੇਟੇ ਦੀ ਕਾਰ ਵਿੱਚ ਤਲਾਸ਼ੀ ਵੀ ਲਈ ਤੇ ਕੋਈ ਪੈਸਾ ਨਹੀਂ ਲੱਭਿਆ ਤੇ ਕੋਈ ਅਸਲਾ ਨਹੀਂ ਲੱਭਿਆ। ਇੱਥੋਂ ਤੱਕ ਕਿ ਇਲੈਕਸ਼ਨ ਕਮਿਸ਼ਨ ਦੀ ਰਿਪੋਰਟ ਵੀ ਹੈ। ਉਨ੍ਹਾਂ ਦੱਸਿਆ ਕਿ ਰਾਮਪੁਰਾ ਫੂਲ ਦੇ ਪਿੰਡ ਦਿਆਲਪੁਰਾ ਭਾਈਕਾ ਵਿੱਚ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਪੈਸੇ ਵੰਡਣ ਦੀ ਸ਼ਿਕਾਇਤ ਜਾਂਚ ਪਿੱਛੋਂ ਝੂਠੀ ਪਾਈ ਗਈ। ਮਤਲਬ ਹੈ ਕਿ ਕਿਸੇ ਮਕਸਦ ਲਈ ਇਹ ਸਾਰਾ ਕੁਝ ਕੀਤਾ ਗਿਆ। ਇਹ ਕੇਸ ਉਦੋਂ ਹੋਇਆ ਜਦੋਂ ਕੋਡ ਲੱਗਾ ਸੀ। ਤੁਸੀਂ ਵੀ ਜਾਣਦੇ ਹੋ ਕਿ ਜਦੋਂ ਕੋਡ ਲੱਗਾ ਸੀ ਉਦੋਂ ਤਕਰੀਬਨ ਇੱਥੇ ਕਾਂਗਰਸ ਦਾ ਹੀ ਰਾਜ ਸੀ। ਸਾਨੂੰ ਤਾਂ ਅਫ਼ਸਰ ਫਤਹਿ ਬੁਲਾਉਣ ਤੋਂ ਵੀ ਹੱਟ ਗਏ ਸਨ। ਟੈਲੀਫੂਨ ਸੁਣਨ ਤੋਂ ਵੀ ਹੱਟ ਗਏ ਸਨ। ਉਨ੍ਹਾਂ ਦਿਨਾਂ ਵਿੱਚ ਤਾਂ ਬਾਦਸ਼ਾਹੀ ਤੁਹਾਡੀ ਸੀ। ਤੁਸੀਂ ਦੱਸੋ ਕਿ ਉਦੋਂ ਅਫ਼ਸਰਾਂ ਨੇ ਆ ਕੇ ਰਿਪੋਰਟ ਪੜ੍ਹੀ। ਚਾਹੀਦਾ ਤਾਂ ਇਹ ਸੀ ਕਿ ਜਿਹੜੇ ਅਗਰੈਸਰ ਹਨ, ਕਾਂਗੜ ਸਾਹਿਬ ਦੇ ਬੰਦਿਆਂ ਜਾਂ ਕਾਂਗੜ ਸਾਹਿਬ ਤੇ ਐਕਸ਼ਨ ਲਿਆ ਜਾਂਦਾ ਪਰ ਕੋਈ ਐਕਸ਼ਨ ਨਹੀਂ ਲਿਆ। ਫਿਰਦੇ ਰਹੇ, ਇਲੈਕਸ਼ਨ ਵੀ ਚਲਦੇ ਰਹੇ। ਸਪੀਕਰ ਸਾਹਿਬ, ਫਿਰ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਹੋ ਗਈਆਂ। ਕਾਂਗੜ ਸਾਹਿਬ ਦੀ ਆਪਣੀ

Original with;
Punjab Vidhan Sabha
Digitized by;
Panjab Digital Library

ਜ਼ਮਾਨਤ ਨਹੀਂ ਹੋਈ। ਸੈਸ਼ਨ ਜੱਜ ਨੇ ਨਹੀਂ ਕੀਤੀ ਕਿਉਂਕਿ ਉਨ੍ਹਾਂ ਨੇ ਸਮਝਿਆ ਸੀ ਕਿ ਪਰਾਈਮਾ ਫੇਸੀ ਇਹ ਕੇਸ ਠੀਕ ਲੱਗਦਾ ਹੈ। ਹੁਣ ਹਾਈ ਕੋਰਟ ਵਿੱਚੋਂ ਹੋਈ ਹੈ। ਮੇਰਾ ਮਤਲਬ ਹੈ, ਜਾਖੜ ਸਾਹਿਬ, ਮੈਂ ਤੁਹਾਨੂੰ ਇਸੇ ਕੇਸ ਵਿੱਚ ਜੱਜ ਮੁਕੱਰਰ ਕਰਦਾ ਹਾਂ। ਤੁਸੀਂ ਆਪ ਜਾ ਕੇ ਇਸ ਕੇਸ ਦੀ ਇਨਕੁਆਇਰੀ ਕਰ ਆਓ। ਮੈਂ ਤੁਹਾਨੂੰ ਜੱਜ ਮੰਨਦਾ ਹਾਂ ਪਰ ਤੁਸੀਂ ਇਸ ਕੇਸ ਨੂੰ ਆਪਣੀ ਲਿਸਟ ਵਿੱਚ ਪਾਇਆ ਹੈ ਕਿ ਸਾਡੇ ਨਾਲ ਜ਼ਿਆਦਤੀ ਹੋਈ ਹੈ। ਹੁਣ ਦੱਸੋ ਕਿ ਜ਼ਿਆਦਤੀ ਕਾਂਗਰਸ ਵਾਲਿਆਂ ਨੇ ਕੀਤੀ ਹੈ ਜਾਂ ਅਕਾਲੀ ਦਲ ਨੇ ਕੀਤੀ ਹੈ। ਮੈਂ ਹੋਰਾਂ ਤੇ ਨਹੀਂ ਛੱਡਦਾ। ਇਹ ਆਪਣੀ ਤਸਦੀਕ ਕਰ ਆਉਣ। ਪ੍ਰਾਈਵੇਟਲੀ ਜਾ ਕੇ ਕਰ ਆਉਣ ਅਤੇ ਮੈਨੂੰ ਆ ਕੇ ਦੱਸ ਦੇਣ, ਫਿਰ ਜੋ ਆਖੋਗੇ ਮੈਂ ਕਰਨ ਨੂੰ ਤਿਆਰ ਹਾਂ ਪਰ ਲਫਜ਼ ਹੈ - ਉਲਟਾ ਚੋਰ ਕੋਤਵਾਲ ਕੋ ਡਾਂਟੇ। ਕਿਸੇ ਨੇ ਐਗਰੈਸ਼ਨ ਕੀਤਾ, ਕਿਸੇ ਨੇ ਤਸ਼ੱਦਦ ਕੀਤਾ ਅਤੇ ਬੋਝ ਸਾਰਾ ਸਾਡੇ ਤੇ ਪਾਇਆ ਹੈ। ਮੈਂ ਕਹਿੰਦਾ ਹਾਂ ਕਿ ਇਹ ਸਾਡੀ ਲਿਸਟ ਵਿੱਚ ਹੋਣਾ ਚਾਹੀਦਾ ਸੀ, ਇਨ੍ਹਾਂ ਦੀ ਲਿਸਟ ਵਿੱਚ ਨਹੀਂ। ਦੂਸਰਾ ਇੱਕ ਸੋਢੀ ਸਾਹਿਬ ਦਾ ਕੇਸ ਹੈ। ਮੈਂ ਦੋ-ਚਾਰ ਹੀ ਦੱਸਾਂਗਾ। ਮੈਂ ਥੋੜ੍ਹੇ ਥੋੜ੍ਹੇ ਨਮੂਨੇ ਹੀ ਦੇਵਾਂਗਾ। 39 ਕੇਸਾਂ ਦਾ ਜਵਾਬ ਦੇਣ ਲਈ ਤਾਂ ਦੋ ਘੰਟੇ ਲੱਗ ਜਾਣਗੇ। ਮੈਂ ਦੇ ਤਾਂ ਸਕਦਾ ਹਾਂ ਪਰ ਉਹ ਬੋਰਿੰਗ ਹੋ ਜਾਵੇਗਾ ਕਿ ਐਵੇਂ ਕੇਸਾਂ ਦੀ ਗੱਲ ਕਰੀ ਜਾਓ। ਸੋਢੀ ਸਾਹਿਬ ਦੇ ਹਲਕੇ ਵਿੱਚ ਇੱਕ ਕੇਸ ਹੋਇਆ। ਅਕਾਲੀ ਦਲ ਨੇ ਇਨ੍ਹਾਂ ਦੇ ਖਿਲਾਫ ਕੀਤਾ। ਸੋਢੀ ਸਾਹਿਬ ਤੇ ਮੇਰਾ ਖਿਆਲ ਹੈ ਆਪਣੇ ਤੇ ਹੋਇਆ ਹੈ। ਦੂਜੇ ਪਾਸੇ ਇਨ੍ਹਾਂ ਨੇ ਅਕਾਲੀ ਦਲ ਦੇ ਕੈਂਡੀਡੇਟ ਤੇ ਕੀਤਾ ਹੈ। ਇਹ ਕਰਾਸ ਕੇਸ ਹੋਇਆ ਹੈ। ਉਸ ਦੇ ਵਿੱਚ ਹੁਣ ਇਨਵੈਸਟੀਗੇਸ਼ਨ ਹੋ ਗਈ ਹੈ ਅਤੇ ਉਹ ਕੇਸ ਗਲਤ ਪਾਇਆ ਗਿਆ ਔਰ ਦੋਨੋਂ ਪਾਸਿਓਂ ਕੈਂਸਲ ਕਰ ਦਿੱਤਾ ਹੈ। ਡੀ.ਜੀ.ਪੀ. ਸਾਹਿਬ ਨੂੰ ਮੈਂ ਆਪ ਕਿਹਾ ਕਿ ਡੀ.ਜੀ.ਪੀ. ਸਾਹਿਬ ਜੇਕਰ ਕਿਸੇ ਕਾਂਗਰਸ ਦੇ ਐਮ.ਐਲ.ਏ. ਨਾਲ ਜ਼ਿਆਦਤੀ ਹੋਈ ਹੈ ਤਾਂ ਤੁਸੀਂ ਆਪ ਉਸ ਨਾਲ ਗੱਲ ਕਰਨੀ ਹੈ ਕਿ ਤੁਸੀਂ ਜਿਹੜੀਆਂ ਇਹ ਸ਼ਿਕਾਇਤਾਂ ਦਿੱਤੀਆਂ ਹਨ, ਉਸ ਦੇ ਵਿੱਚ ਕੋਈ ਤੱਤ ਹੈ ਕਿ ਨਹੀਂ। ਸੋਢੀ ਸਾਹਿਬ, ਤੁਸੀਂ ਦੱਸੋ ਤੁਹਾਨੂੰ ਡੀ.ਜੀ.ਪੀ. ਸਾਹਿਬ ਦਾ ਟੈਲੀਫੋਨ ਗਿਆ।

**ਰਾਣਾ ਗੁਰਮੀਤ ਸਿੰਘ ਸੋਢੀ:** ਟੈਲੀਫੋਨ ਆਇਆ ਪਰ ਕੇਸ ਤਾਂ ਗਲਤ ਰਜਿਸਟਰ ਹੋਇਆ ਸੀ।

**ਮੁੱਖ ਮੰਤਰੀ:** ਜਦੋਂ ਤੁਹਾਡਾ ਰਾਜ ਸੀ, ਉਦੋਂ ਕੋਈ ਡੀ.ਜੀ.ਪੀ. ਪੁੱਛਦਾ ਸੀ ਕਿ ਬਾਦਲ ਸਾਹਿਬ ਤੁਹਾਡੇ ਤੇ ਗਲਤ ਕੇਸ ਤਾਂ ਦਰਜ ਨਹੀਂ ਹੋਇਆ। ਤੁਸੀਂ ਦੱਸੋ ਫੋਨ ਆਇਆ ਸੀ?

Original with;
Punjab Vidhan Sabha
Digitized by;
Panjab Digital Library

**ਰਾਣਾ ਗੁਰਮੀਤ ਸਿੰਘ ਸੋਢੀ (ਬੈਠੇ-ਬੈਠੇ):** ਆਇਆ ਸੀ।

**ਮੁੱਖ ਮੰਤਰੀ:** ਚੌਧਰੀ ਸਾਹਿਬ, ਇਨ੍ਹਾਂ ਨੂੰ ਫੋਨ ਆਇਆ। ਮੈਂ ਕੱਲ੍ਹ ਕਿਹਾ ਸੀ ਕਿ ਇਨ੍ਹਾਂ ਦਾ ਤਾਂ ਮੈਂ ਜ਼ਿਆਦਾ ਧੰਨਵਾਦੀ ਹਾਂ। ਇਨ੍ਹਾਂ ਦੀ ਫੋਟੋ ਵੀ ਮੈਨੂੰ ਚਾਹੀਦੀ ਹੈ...... (ਵਿਘਨ).... ਮੇਰੀ ਗੱਲ ਸੁਣੋ, ਮੈਂ ਕੋਈ ਬੋਲਿਆ ਨਹੀਂ..... (ਵਿਘਨ)

**ਰਾਣਾ ਗੁਰਮੀਤ ਸਿੰਘ ਸੋਢੀ:** ਦੇਖੋ, ਤੁਸੀਂ ਜਿਹੜੇ ਇਹ ਰੈਫਰੈਂਸ ਦੇ ਰਹੇ ਹੋ। ਤੁਸੀਂ ਠੀਕ ਰੈਫਰੈਂਸ ਮੇਰੇ ਹਲਕੇ ਦੇ ਬਾਰੇ ਦਿੱਤਾ ਹੈ ਲੇਕਿਨ ਮੇਰੀ ਪਹਿਲੇ ਦਿਨ ਤੋਂ ਗੁਜ਼ਾਰਿਸ਼ ਸੀ ਕਿ ਇਹ ਕੇਸ ਝੂਠੇ ਰਜਿਸਟਰ ਹੋ ਰਹੇ ਹਨ। ਇਹ ਤਾਂ ਹੀ ਇਨਵੈਸਟੀਗੇਸ਼ਨ ਵਿੱਚ ਫਾਈਂਡ ਆਊਟ ਹੋਇਆ ਹੈ ਕਿ ਕੇਸ ਝੂਠਾ ਸੀ। ਇਸੇ ਤਰ੍ਹਾਂ ਹੀ ਹੋਰ ਬਹੁਤ ਸਾਰੇ ਕੇਸ ਹਨ। ਡੀ.ਜੀ.ਪੀ. ਨੇ ਮੈਨੂੰ ਟੈਲੀਫੋਨ ਕੀਤਾ, ਉਨ੍ਹਾਂ ਨੇ ਮੈਨੂੰ ਗੱਲ ਦੱਸੀ। ਮੈਂ ਉਨ੍ਹਾਂ ਦੇ ਨੋਟਿਸ ਵਿੱਚ ਹੋਰ ਵੀ ਚੀਜ਼ਾਂ ਲਿਆਂਦੀਆਂ। ਇੱਕ ਹੋਰ ਥੋੜ੍ਹੇ ਦਿਨ ਪਹਿਲਾਂ ਦੀ ਗੱਲ ਹੈ। ਪੰਜ ਦਿਨ ਪਹਿਲਾਂ ਦੀ ਗੱਲ ਹੈ। ਮੈਂ ਕੱਲ੍ਹ ਵੀ ਤੁਹਾਨੂੰ ਇਸ ਦੇ ਬਾਰੇ ਇਨਫਾਰਮ ਕਰ ਰਿਹਾ ਸੀ ਕਿ ਤਿੰਨ ਭਰਾ ਹਨ, ਤਿੰਨ ਵਿੱਚੋਂ ਇੱਕ.....(ਵਿਘਨ)...... (ਆਵਾਜ਼ : ਲੋਕ ਤਾਂ ਲੜਦੇ ਹੀ ਰਹਿੰਦੇ ਹਨ।) ਲੜਦੇ ਨਹੀਂ ਰਹਿੰਦੇ ਜੀ......(ਵਿਘਨ).......

**ਮੁੱਖ ਮੰਤਰੀ:** ਮੈਂ ਚੌਧਰੀ ਸਾਹਿਬ ਨੂੰ ਅਪੀਲ ਕਰਾਂਗਾ ਕਿ ਮੈਂ ਕਦੇ ਦਖਲ ਨਹੀਂ ਦਿੱਤਾ, ਇਹ ਮੈਨੂੰ ਟਾਈਮ ਦੇਣ ਕਿਉਂਕਿ ਮੇਰੇ ਤੇ ਬੋਝ ਹੈ, ਮੈਂ ਆਪਣਾ ਮਨ ਹਲਕਾ ਕਰਨਾ ਹੈ। .......(ਵਿਘਨ)...... ਸੋਢੀ ਸਾਹਿਬ, ਮੈਂ ਤਸੱਲੀ ਕਰਾਵਾਂਗਾ। ਦੇਖੋ ਮੈਂ ਸਾਰਿਆਂ ਦੀ ਤਸੱਲੀ ਤਾਂ ਨਹੀਂ ਕਰਵਾ ਸਕਦਾ, ਚੌਧਰੀ ਸਾਹਿਬ ਦੀ ਕਰਵਾ ਸਕਦਾ ਹਾਂ। .....(ਹਾਸਾ).... ਦੇਖੋ ਇਹ ਤਾਂ ਇਹ ਮੰਨਦੇ ਹਨ ਕਿ ਦੋਵਾਂ ਪਾਸਿਆਂ ਤੋਂ ਗਲਤ ਕੇਸ ਰਜਿਸਟਰ ਹੋਏ ਹਨ। ਇਹ ਆਪ ਮੰਨਦੇ ਹਨ। ਹੁਣ ਤੁਹਾਡੇ ਸਾਹਮਣੇ ਮੰਨਿਆ ਹੈ। ਇਨ੍ਹਾਂ ਦੀ ਸ਼ਿਕਾਇਤ ਹੈ ਕਿ ਸਾਡੇ ਤੇ ਝੂਠੇ ਕੇਸ ਦਰਜ ਹੋਏ ਹਨ। ਝੂਠੇ ਕੇਸ ਉਦੋਂ ਦਰਜ ਹੋਏ ਹਨ ਜਦੋਂ ਤੁਹਾਡਾ ਰਾਜ ਸੀ, ਜਦੋਂ ਕੋਡ ਲੱਗਿਆ ਸੀ। ਉਦੋਂ ਹੀ ਹੋਏ ਹਨ ਨਾ, ਮੈਂ ਤੁਹਾਡੇ ਤੋਂ ਹੀ ਪੁੱਛ ਲੈਂਦਾ ਹਾਂ। ਜਦੋਂ ਸਾਡਾ ਰਾਜ ਆਇਆ, ਇਹ ਤਾਂ ਰਾਮ ਰਾਜ ਹੈ। (ਥੰਪਿੰਗ) (ਹਾਸਾ) ਆਵਾਜ਼ਾਂ: ਕਿਆ ਬਾਤ ਹੈ।) ਮੇਰੀ ਅਰਜ਼ ਹੈ ਅਤੇ ਮੈਂ ਬੇਨਤੀ ਕਰਾਂਗਾ ਕਿ ਮੇਰੀ ਗੱਲ ਸੁਣ ਲਵੋ।

**Mr. Speaker:** Silence please.

**ਮੁੱਖ ਮੰਤਰੀ:** ਫਿਰ ਜੇ ਤੁਸੀਂ ਆਪ ਸੁਣਦੇ ਨਹੀਂ ਹੋ ਤਾਂ ਮੈਂ ਚੁੱਪ ਕਰਕੇ ਬੈਠ ਜਾਂਦਾ ਹਾਂ, ਮੈਂ ਕਿਉਂ ਸੁਣਾਉਣਾ ਹੈ। ਦੋ ਕੇਸ ਮੈਂ ਤੁਹਾਨੂੰ ਦੱਸੇ ਸਨ ਅਤੇ ਸੋਢੀ

Original with;
Punjab Vidhan Sabha
Digitized by;
Panjab Digital Library

ਸਾਹਿਬ ਮੰਨੇ ਹਨ ਕਿ ਇਹ ਗਲਤ ਕੇਸ ਸੀ, ਇਨ੍ਹਾਂ ਨੇ ਵੀ, ਮੇਰੀ ਅਰਜ਼ ਸੁਣ ਲਵੋ, ਮੇਰੀ ਬੇਨਤੀ ਹੈ ਕਿ ਅੱਗੇ ਇਲੈਕਸ਼ਨਾਂ ਦੇ ਵਿੱਚ ਤਾਂ ਖੂਹ ਦੇ ਵਿੱਚ ਡਿੱਗ ਪਏ, ਮੇਰੀ ਗੱਲ ਸੁਣ ਲਵੋ, ਹੁਣ ਤਾਂ ਭੱਜ ਕੇ ਖੂਹ ਨੂੰ ਨਾ ਜਾਇਓ। ਮੇਰੀ ਇਹ ਅਰਜ਼ ਹੈ ਕਿ ਚਲੋ, ਇੱਕ ਸੋਢੀ ਸਾਹਿਬ ਮੰਨ ਗਏ ਹਨ ਕਿ ਦੋਵੇਂ ਕੇਸ ਗਲਤ ਸਨ......

**ਰਾਣਾ ਗੁਰਮੀਤ ਸਿੰਘ ਸੋਢੀ (ਬੈਠੇ-ਬੈਠੇ):** ਮੇਰੇ ਵਾਲਾ ਕੇਸ ਗਲਤ ਸੀ ......(ਵਿਘਨ)........

**ਮੁੱਖ ਮੰਤਰੀ:** ਚਲੋ ਕੋਈ ਹੋਇਆ। ਮੇਰੀ ਬੇਨਤੀ ਹੈ ਕਿ ਕੈਂਸਲ ਕਿਸ ਨੇ ਕੀਤੇ, ਇਹ ਜਦੋਂ ਆਪਣੀ ਸਰਕਾਰ ਆਈ (ਥੰਪਿੰਗ) ਜੇਕਰ ਕਿਤੇ ਇਸ ਤਰ੍ਹਾਂ ਉਲਟਾ ਹੁੰਦਾ ਤੇ ਸਾਡਾ ਫਸਿਆ ਹੁੰਦਾ ਤੇ ਤੁਹਾਡਾ ਰਾਜ ਹੁੰਦਾ ਤਾਂ ਕੈਂਸਲ ਨਹੀਂ ਸੀ ਹੋਣੇ, ਇਹ ਸ਼੍ਰੋਮਣੀ ਅਕਾਲੀ ਦਲ ਨੂੰ ਕਰੈਡਿਟ ਜਾਂਦਾ ਹੈ ਕਿ ਜੇ ਗਲਤ ਹੈ ਤਾਂ ਉਸ ਤੇ ਅਸਰ ਕੋਈ ਨਹੀਂ। ਇੱਕ ਫਿਰ ਸੋਢੀ ਸਾਹਿਬ ਦਾ ਕੇਸ ਹੈ। ਸੌਰੀ, ਮੈਨੂੰ ਇਥੇ ਚਾਰੇ ਕੇਸ ਉਹ ਹੀ ਲੱਭ ਗਏ, ਇੱਕ ਹੋਰ ਕੇਸ ਹੋਇਆ, ਇਹ ਵੀ ਝੋਕਮੋਹਰੇ ਦਾ ਕੇਸ ਹੈ। ਉਥੋਂ ਦੇ ਸਰਪੰਚ ਨੇ ਕੇਸ ਕੀਤਾ ਸੀ ਕਿ ਉਹ ਆਪਣੇ ਇਲੈਕਸ਼ਨ ਵਾਲੇ ਦਿਨ ਉੱਥੇ ਇਲੈਕਸ਼ਨ ਦਾ ਅਰੇਂਜਮੈਂਟ ਚੈੱਕ ਕਰਨ ਜਾ ਰਿਹਾ ਸੀ ਤੇ ਸਰਦਾਰ ਕਾਕਾ ਹੀਰਾ ਸਿੰਘ ਸੋਢੀ ਜਿਹੜੇ ਇਨ੍ਹਾਂ ਦੇ (ਰਾਣਾ ਗੁਰਮੀਤ ਸਿੰਘ ਸੋਢੀ ਦੇ) ਸਪੁੱਤਰ ਹਨ ਤੇ ਕੁਝ ਬੰਦੇ ਹੋਰ ਸਨ, ਉਨ੍ਹਾਂ ਨੂੰ ਘੇਰ ਲਿਆ। ਉਸ ਦਾ ਹੋਇਆ ਕੀ, ਉਸ ਦੀ ਜਿਹੜੀ ਇਨਕੁਆਰੀ ਹੋਈ ਹੈ, ਉਸ ਦੇ ਵਿੱਚ ਬਿਲਕੁਲ ਸਾਬਤ ਹੋਇਆ ਹੈ ਕਿ ਇਨ੍ਹਾਂ ਦਾ ਸਪੁੱਤਰ ਆਪ ਨਹੀਂ ਸੀ (ਥੰਪਿੰਗ) ਸਾਡੀ ਗੌਰਮਿੰਟ ਨੇ ਉਨ੍ਹਾਂ ਨੂੰ ਛੱਡ ਦਿੱਤਾ ਹੈ। ਜੇ ਗਲਤ ਹੈ ਛੱਡ ਦਿੱਤਾ, ਇਵਨ ਇਨ੍ਹਾਂ ਵੱਲੋਂ ਕੋਈ ਰਿਪਰੈਜ਼ੈਂਟੇਸ਼ਨ ਨਹੀਂ ਆਈ ਸੀ। ਸੋਢੀ ਸਾਹਿਬ ਤੁਸੀਂ ਕਿਸੇ ਐਸ.ਐਸ.ਪੀ. ਨੂੰ ਦੱਸਿਆ ਸੀ ਕਿ ਇਹ ਸਾਡੇ ਤੇ ਗਲਤ ਕੇਸ ਹੋਇਆ ਹੈ।

**ਰਾਣਾ ਗੁਰਮੀਤ ਸਿੰਘ ਸੋਢੀ (ਬੈਠੇ-ਬੈਠੇ):** ਮੈਂ ਐਸ.ਐਸ.ਪੀ. ਦੇ ਨੋਟਿਸ ਵਿੱਚ ਲਿਆਂਦਾ ਸੀ.........

**ਮਾਲ ਤੇ ਮੁੜ ਵਸੇਬਾ ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) (ਬੈਠੇ-ਬੈਠੇ):** ਤੁਸੀਂ ਇਧਰ (ਮੁੱਖ ਮੰਤਰੀ) ਵੱਧ ਗੱਲ ਕਰਦੇ ਹੋ, ਐਸ.ਐਸ.ਪੀ. ਨਾਲ ਘੱਟ ਕਰਦੇ ਹੋ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ:** ਮੇਰੀ ਅਰਜ਼ ਹੈ ਕਿ ਤੁਸੀਂ ਕਾਹਤੋਂ ਬੋਲਦੇ ਹੋ! ਤੀਸਰਾ ਕੇਸ ਵੀ ਮੇਰੇ ਬੜੇ ਪਿਆਰ ਵਾਲਾ ਹੈ ਤੇ ਮੈਨੂੰ ਉਸ ਦੇ ਵਿੱਚ ਸੰਗ ਵੀ ਆਉਂਦੀ ਹੈ। ਇਹ ਸਦਰ ਫਿਰੋਜ਼ਪੁਰ ਦਾ ਕੇਸ ਹੋਇਆ ਹੈ, ਕੰਪਲੇਨੈਂਟ ਕੋਈ ਮਿਸਟਰ ਸ਼ਰਮਾ ਹੈ। ਉਸ ਨੇ ਕੇਸ ਕੀਤਾ ਕਿ ਪਿੱਪਲ ਸਿੰਘ ਤੇ ਅੱਠ ਹੋਰ ਆਦਮੀ, ਦੋ-ਚਾਰ ਕੇਸ ਹਨ ਜਿਨ੍ਹਾਂ ਦੇ ਵਿੱਚ ਥੋੜ੍ਹਾ ਜਿਹਾ ਪੁਲੀਟੀਕਲ ਹੈ, ਬਾਕੀ ਤਾਂ ਐਵੇਂ ਹੀ ਹਨ। ਅੱਠ ਬੰਦੇ ਸਨ ਉਹ ਵਿਕਟਰੀ ਪ੍ਰੋਸੈਸਨ ਕੱਢੀ ਜਾਂਦੇ ਸਨ। ਉਨ੍ਹਾਂ ਦਾ ਬਲਬੀਰ ਸਿੰਘ ਨਾਮ ਦੇ ਬੰਦੇ ਨਾਲ ਤਕਰਾਰ ਹੋ ਗਿਆ ਜਿਹੜਾ ਅਕਾਲੀ ਦਲ ਦਾ ਸੀ। ਲੋਕਾਂ ਨੇ ਵਿੱਚ ਪੈ ਕੇ ਹਟਾ ਦਿੱਤਾ ਕਿ ਚਲੋ ਛੱਡੋ, ਖਹਿੜਾ ਛੱਡੋ। ਸ਼ਾਮ ਨੂੰ ਇਹ ਬੰਦੇ ਜਿਹੜੇ ਹਨ ਬਲਬੀਰ ਸਿੰਘ ਦੇ ਘਰੇ, ਉਸ ਦੇ ਰੈਲੇਟਿਵ ਜਿਹੜਾ ਸ਼ਰਮਾ ਹੈ ਜਿਸ ਨੇ ਕੇਸ ਰਜਿਸਟਰ ਕਰਵਾਇਆ ਹੈ, ਉਸ ਦੇ ਘਰੇ ਗਏ ਅਤੇ ਉਨ੍ਹਾਂ ਤੇ ਹਮਲਾ ਕੀਤਾ ਤੇ ਕੇਸ 9 ਬੰਦਿਆਂ ਤੇ ਰਜਿਸਟਰ ਹੋਇਆ। ਇਸ ਦੀ ਐਸ.ਪੀ.ਹੈੱਡਕੁਆਰਟਰ ਨੇ ਇਨਕੁਆਰੀ ਕੀਤੀ ਤੇ ਉਸ ਦੇ ਵਿੱਚ ਤਿੰਨ ਬੇਗੁਨਾਹ ਪਾਏ ਗਏ ਤੇ ਤਿੰਨਾਂ ਨੂੰ ਛੱਡ ਦਿੱਤਾ ਗਿਆ। ਇਹ ਵੀ ਹੋ ਗਿਆ ਜੀ। ਇਸ ਤੋਂ ਇਲਾਵਾ, ਵੇਖੋ ਹੈਰਾਨੀ ਦੀ ਗੱਲ ਹੁੰਦੀ ਹੈ, ਨਵੇਂ ਮੈਂਬਰ ਸਾਹਿਬਾਨ ਵੀ ਆਏ ਹਨ ਅਤੇ ਪੁਰਾਣੇ ਤਾਂ ਮੰਨਦੇ ਹੀ ਨਹੀਂ ਹੁੰਦੇ, ਨਵਿਆਂ ਨੂੰ ਖਾਸ ਕਰਕੇ ਦੱਸਦਾ ਹਾਂ ਕਿ ਸਰਦਾਰ ਅਮਰਿੰਦਰ ਸਿੰਘ ਦੇ 20000 ਕੇਸਾਂ ਵਿੱਚੋਂ ਜਿਹੜੇ ਖਾਸ 39 ਕੇਸ ਮੇਰੇ ਕੋਲ ਆਏ, ਛਾਂਟ ਛਾਂਟ ਕੇ, ਇਸ ਤਰ੍ਹਾਂ ਨਿਚੋੜ ਕੱਢ ਕੇ ਆਏ ਕਿ ਇਹ ਤਾਂ ਸਾਬਤ ਹੋ ਹੀ ਜਾਣਗੇ। ਉਨ੍ਹਾਂ ਦੇ ਵਿੱਚੋਂ ਸਿਰਫ ਚਾਰ ਆਏ, 20000 ਦੇ ਵਿੱਚੋਂ ਚਾਰ। ਪਹਿਲਾਂ ਜਿਹੜਾ ਇਨ੍ਹਾਂ ਚਾਰਾਂ ਦੇ ਵਿੱਚੋਂ ਆਇਆ ਹੈ, ਚੌਧਰੀ ਸਾਹਿਬ ਤੁਸੀਂ ਪੜ੍ਹਿਆ ਨਹੀਂ ਹੋਣਾ, ਇੱਕ ਰੇਲ ਕੋਚ ਫੈਕਟਰੀ ਕਾਲੋਨੀ ਹੈ, ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਦੀ,ਉਸ ਦਾ ਕੇਸ ਹੈ। ਕੇਸ ਕੀ ਹੈ, ਜਿਹੜਾ ਤੁਸੀਂ ਆਖਿਆ ਕਿ ਕਾਂਗਰਸ ਦੇ ਵਰਕਰਾਂ ਤੇ ਬੜੀਆਂ ਜ਼ਿਆਦਤੀਆਂ ਹੋਈਆਂ ਹਨ, ਅਕਾਲੀ ਦਲ ਨੇ ਬੜੀ ਜ਼ਿਆਦਤੀ ਕੀਤੀ ਹੈ ਉਹ ਕੇਸ ਕੀ ਹੈ, ਜ਼ਰਾ ਲਾਲ ਸਿੰਘ ਜੀ, ਇਸ ਬਾਰੇ ਧਿਆਨ ਦੇਣਾ। ਇੱਕ ਪਲਵਿੰਦਰ ਸਿੰਘ ਨੇ ਦਰਖਾਸਤ ਦਿੱਤੀ ਕਿ ਮੇਰੀਆਂ ਦੋ ਲੜਕੀਆਂ ਬਿਊਟੀ ਪਾਰਲਰ ਦੇ ਵਿੱਚ ਗਈਆਂ ਸਨ ਤੇ ਉੱਥੋਂ ਕਿਸੇ ਨੇ ਅਬਡੈਕਟ ਕਰ ਲਈਆਂ ਔਰ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਿਹੜਾ ਬੰਦਾ ਸੀ, ਕੌਣ ਮੁਲਜ਼ਮ ਸੀ। ਉਨ੍ਹਾਂ ਨੇ ਕਿਹਾ ਕਿ ਮੇਰੀਆਂ ਦੋ ਲੜਕੀਆਂ ਅਬਡੈਕਟ ਹੋ ਗਈਆਂ। ਇਸ ਦੀ ਇਨਵੈਸਟੀਗੇਸ਼ਨ ਹੋਈ। ਉਸ ਦੇ ਵਿੱਚ ਪਤਾ ਲੱਗਾ ਕਿ ਲੜਕੀਆਂ ਨੇ ਆਪ ਮੈਜਿਸਟਰੇਟ, ਸੁਲਤਾਨਪੁਰ ਲੋਧੀ ਦੇ ਅੱਗੇ ਬਿਆਨ ਦਿੱਤਾ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਆਪਣੀ ਮਰਜ਼ੀ ਨਾਲ, ਕੋਈ ਦੀਪਾ ਹੈ, ਉਸ ਨਾਲ ਗਈਆਂ ਸੀ। ਇਸ ਗੱਲ ਵਿੱਚ ਕਾਂਗਰਸ ਅਤੇ ਅਕਾਲੀ ਕਿੱਥੇ ਆ ਗਏ। ਚੌਧਰੀ ਸਾਹਿਬ,

Original with;
Punjab Vidhan Sabha
Digitized by;
Panjab Digital Library

ਤੁਸੀਂ ਤਾਂ ਦੇਖ ਲੈਣਾ ਸੀ ਕਿ ਇਸ ਵਿੱਚ ਕਾਂਗਰਸ ਜਾਂ ਅਕਾਲੀ ਵਾਲੀ ਕਿਹੜੀ ਗੱਲ ਆ ਗਈ। ਕਿਸੇ ਦੀਆਂ ਲੜਕੀਆਂ, ਦੇਖੋ ਅਜਿਹਾ ਹੋਣਾ ਮਾੜੀ ਗੱਲ ਹੈ, ਮੈਂ ਇਸ ਪਾਸੇ ਜਾਣਾ ਨਹੀਂ ਚਾਹੁੰਦਾ। ਬਾਪ ਨਹੀਂ ਦੱਸ ਰਿਹਾ ਕਿ ਮੁਲਜ਼ਮ ਕੌਣ ਹੈ, ਲੜਕੀਆਂ ਕਹਿ ਰਹੀਆਂ ਹਨ ਕਿ ਅਸੀਂ ਆਪਣੀ ਮਰਜ਼ੀ ਨਾਲ ਗਈਆਂ ਅਤੇ ਗੁਨਾਹ ਸਾਡਾ ਹੋ ਗਿਆ। ਕਿੰਨੀ ਮਾੜੀ ਗੱਲ ਹੈ। ਬੀਬੀ ਜੀ ਇੱਥੇ ਬੈਠੇ ਹਨ ਜਿਹੜੇ ਮੁਕਤਸਰ ਤੋਂ ਆਏ ਹਨ, ਦੋ ਕੇਸ ਹਨ ਜਿਹੜੇ ਮੁਕਤਸਰ ਦੇ ਹਨ ਪਰ ਅਮਰਿੰਦਰ ਸਿੰਘ ਹੋਰਾਂ ਦੇ 20,000 ਕੇਸਾਂ ਵਿਚਲੇ 4 ਕੇਸ ਜਿਹੜੇ ਛਾਂਟੇ ਹਨ, ਉਨ੍ਹਾਂ ਵਿੱਚੋਂ ਹਨ। ਪਹਿਲਾ ਤਾਂ ਮੈਂ ਦੱਸ ਚੁੱਕਿਆ ਹਾਂ। ਦੂਜਾ ਇਹ ਹੈ। ਇਸ ਵਿੱਚ ਤਹਿਸੀਲਦਾਰ ਨੇ ਰਿਪੋਰਟ ਦਰਜ ਕੀਤੀ। ਹੋਇਆ ਕੀ ਸੀ ਕਿ ਲਾਈਨਮੈਨਾਂ ਨੇ ਕੋਰਟ ਕੰਪਲੈਕਸ ਵਿੱਚ ਧਰਨਾ ਲਾਇਆ ਸੀ ਅਤੇ ਰਾਊਡਿਜ਼ਮ ਕਰ ਰਹੇ ਸਨ। ਉਨ੍ਹਾਂ ਦੇ ਨਾਲ ਇੱਕ ਬੀਬੀ ਸੁਰਜੀਤ ਕੌਰ ਭਿੰਡਰ, ਜੋ ਕਿ ਲਾਈਨਮੈਨ ਨਹੀਂ ਸੀ, ਉਨ੍ਹਾਂ ਦੀ ਮੱਲੋਮੱਲੀ ਅਗਵਾਈ ਕਰ ਰਹੀ ਸੀ। ਉਸ ਨੇ ਕੀ ਕੀਤਾ, ਇੱਕ ਤਾਂ ਸਰਕਾਰੀ ਕੰਮਕਾਜ਼ ਵਿੱਚ ਦਖ਼ਲ ਦਿੱਤਾ। ਇਸ ਦੇ ਨਾਲ ਉਸ ਬੀਬੀ ਨੇ ਲੋਕਾਂ ਨੂੰ ਉਕਸਾਇਆ ਕਿ ਏ.ਡੀ.ਸੀ ਦੀ ਕਾਰ ਭੰਨ ਦਿਓ ਅਤੇ ਆਪ ਹੀ ਨਾਲ ਮਿਲ ਕੇ ਕਾਰ ਭੰਨੀ। ਇਸ ਵਿੱਚ ਦੱਸੋ, ਕਿੱਥੇ ਅਕਾਲੀ ਹੈ ਅਤੇ ਕਿੱਥੇ ਕਾਂਗਰਸ ਹੈ। ਤਹਿਸੀਲਦਾਰ ਨੇ ਕੇਸ ਰਜਿਸਟਰ ਕਰਵਾਇਆ ਹੈ ਅਤੇ ਤੁਸੀਂ ਕਹਿ ਰਹੇ ਹੋ ਕਿ ਬੜਾ ਅੱਤਿਆਚਾਰ ਹੋਇਆ ਹੈ। ਕਹਿਣ ਲੱਗੇ ਕਿ ਪੰਜਾਬ ਵਿੱਚ ਅਮਨ ਸ਼ਾਂਤੀ ਨਹੀਂ ਰਿਹਾ, ਕਾਂਗਰਸ ਵਿੱਚ ਹਾਹਾਕਾਰ ਮੱਚ ਗਈ। ਮੁਕਤਸਰ ਵਾਲੇ ਬੀਬੀ ਜੀ ਨੂੰ ਸ਼ਾਇਦ ਪਤਾ ਵੀ ਨਹੀਂ ਹੋਣਾ ਕਿ ਕੀ ਗੱਲ ਹੋਈ? ਅਸਲ ਗੱਲ ਇਹ ਹੈ। ਕਈਆਂ ਨੂੰ ਸ਼ੌਂਕ ਹੁੰਦਾ ਹੈ। ਇਹ ਜਿਹੜੀ ਬੀਬੀ ਦਾ ਮੈਂ ਨਾਂ ਲੈ ਰਿਹਾ ਹਾਂ ਇਸੇ ਦਾ ਹੀ ਇੱਕ ਹੋਰ ਕੇਸ ਹੈ। ਕਿਸੇ ਮਾਂ-ਪੁੱਤ ਦਾ ਝਗੜਾ ਪੈ ਗਿਆ। ਸੁੰਦਰ ਦੇਵੀ ਮਾਂ ਹੈ ਅਤੇ ਸੁਰਿੰਦਰ ਕੁਮਾਰ ਉਸ ਦਾ ਲੜਕਾ ਹੈ। ਲੜਕਾ ਅਜਿਹਾ ਸੀ ਕਿ ਉਸ ਨੇ ਆਪਣੀ ਮਾਂ ਨੂੰ ਘਰੋਂ ਕੱਢ ਦਿੱਤਾ। ਬੁੱਢੀ ਮਾਂ ਨੇ ਕੋਸ਼ਿਸ਼ ਕਰਕੇ ਪੁਲਿਸ ਨੂੰ ਕਹਿ ਕੇ ਕਚਹਿਰੀ ਦੀ ਮਦਦ ਲੈ ਕੇ ਇੱਕ ਕਮਰਾ ਆਪਣੇ ਪੁਰਾਣੇ ਘਰ ਵਿੱਚ ਲੈ ਲਿਆ। ਪੁਲਿਸ ਨੇ ਕਿਹਾ ਕਿ ਤੇਰੀ ਮਾਂ ਹੈ, ਇੱਥੇ ਰਹੇਗੀ। ਉਹ ਬੁੱਢੀ ਮਾਂ ਉੱਥੇ ਬਹਿ ਗਈ। ਹੋਇਆ ਕੀ ਕਿ ਇਹੋ ਜਿਹੀ ਕਚਹਿਰੀ ਵਾਲੀ ਬੀਬੀ ਸੁਰਜੀਤ ਕੌਰ ਭਿੰਡਰ ਸੀ, ਜਿਸ ਨੇ ਉੱਥੇ ਆਗੂ ਬਣ ਕੇ ਪੁਆੜਾ ਪਾਇਆ ਸੀ ਅਤੇ ਨਾਲ ਸੁਰਿੰਦਰ ਕੁਮਾਰ, ਬੁੱਢੀ ਔਰਤ ਦਾ ਲੜਕਾ ਜਿਸ ਨੇ ਮਾਂ ਨੂੰ ਘਰੋਂ ਕੱਢਿਆ ਸੀ ਅਤੇ ਇੱਕ-ਦੋ ਹੋਰਾਂ ਨੇ ਮਿਲ ਕੇ ਫੋਰਸੀਬਲੀ ਹਮਲਾ ਬੋਲਿਆ ਕਿ ਔਰਤ ਨੂੰ ਘਰੋਂ ਕੱਢਿਆ ਜਾਵੇ। ਇਹ ਲੋਕ ਅਰੈਸਟ ਹੋਏ ਹਨ ਅਤੇ ਚਲਾਨ ਹੋਇਆ ਹੈ। ਇਸ ਵਿੱਚ ਦੱਸੋ ਕਿੱਥੇ ਕਾਂਗਰਸ ਅਤੇ ਅਕਾਲੀ ਆ ਗਏ, ਇਹ ਤਾਂ ਮਾਂ-ਪੁੱਤ ਦਾ ਝਗੜਾ ਹੈ। ਚੌਧਰੀ ਸਾਹਿਬ,

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਤੁਸੀਂ ਇਹ ਦੇਖ ਤਾਂ ਲਿਆ ਕਰੋ, ਮਾਂ-ਪੁੱਤ ਦਾ ਝਗੜਾ ਅਤੇ ਉਹ ਬੀਬੀ, ਜਿਹੜੀ ਦੀ ਇਹ ਗੱਲ ਕਰਦੇ ਹਨ ਉਹ ਇੱਕ ਹੋਰ ਕੇਸ ਵਿੱਚ ਵੀ ਇਨਵਾਲਵਡ ਹੈ। ਉਸ ਤੇ ਹੋਰ ਜਿਹੜਾ ਕੇਸ ਚੱਲ ਰਿਹਾ ਹੈ ਉਹ ਹੈ, ਕੰਵਲਜੀਤ ਸਿੰਘ, ਸਿਵਲ ਜੱਜ, ਸਿਵਲ ਡਵੀਜ਼ਨ ਨੇ ਮੁਕਤਸਰ ਵਿਖੇ 5.3.11 ਨੂੰ ਅਦਾਲਤ ਲਗਾਈ ਸੀ। ਇਹ ਬੀਬੀ ਉਥੇ ਪੰਜ-ਛੇ ਬੰਦੇ ਲੈ ਕੇ ਪਹੁੰਚ ਗਈ। ਉਸ ਜੱਜ ਨੇ ਇਸ ਬੀਬੀ ਦੇ ਖਿਲਾਫ਼ ਕੰਟੈਂਪਟ ਆਫ਼ ਦਿ ਕੋਰਟ ਕੇਸ ਪਾਇਆ ਕਿਉਂਕਿ ਇਸ ਨੇ ਡੈਰੋਗੇਟਰੀ, ਮਾੜੇ ਸ਼ਬਦ ਅੰਦਰ ਜਾ ਕੇ ਵਰਤੇ। ਉਸ ਜੱਜ ਨੇ ਸੈਸ਼ਨ ਜੱਜ ਨੂੰ ਲਿਖਿਆ ਕਿ ਇਸ ਉਪਰ ਕੰਟੈਂਪਟ ਆਫ਼ ਦਿ ਕੋਰਟ ਪਾਈ ਜਾਵੇ ਅਤੇ ਸੈਸ਼ਨ ਜੱਜ ਨੇ ਹਾਈਕੋਰਟ ਵਿੱਚ ਰਿਕੁਮੈਂਡ ਕੀਤਾ ਕਿ ਇਸ ਦੇ ਖਿਲਾਫ਼ ਕੰਟੈਂਪਟ ਆਫ਼ ਕੋਰਟ ਲਾਉਣੀ ਚਾਹੀਦੀ ਹੈ। ਹੁਣ ਦੱਸੋ, ਇਹ ਕੋਈ ਕਾਂਗਰਸ ਤੇ ਅਕਾਲੀ ਦਲ ਦਾ ਝਗੜਾ ਹੋ ਗਿਆ। ਇੱਕ ਹੋਰ ਕੇਸ ਪਿੰਡ ਸੰਗਰਾਲਾ ਜਿਹੜਾ ਕਿ ਮੁਕਤਸਰ ਵਿੱਚ ਹੈ। ਅਮਰਿੰਦਰ ਸਿੰਘ ਜੀ ਦੇ ਪੰਜ ਸਾਲਾਂ ਦੇ 20,000 ਕੇਸਾਂ ਵਿੱਚੋਂ 4 ਕੇਸ ਛਾਂਟੇ ਹਨ ਜਿਨ੍ਹਾਂ ਵਿੱਚੋਂ ਤਿੰਨ ਮੁਕਤਸਰ ਦੇ ਹਨ। ਬਾਕੀ ਸਾਰੇ ਪੰਜਾਬ ਵਿੱਚ ਅਮਨ ਸ਼ਾਂਤੀ ਹੈ, ਮੁਕਤਸਰ ਵਿੱਚ ਹੀ ਸਭ ਕੁਝ ਹੁੰਦਾ ਹੈ। ਉੱਥੇ ਅਜਮੇਰ ਸਿੰਘ ਪਿੰਡ ਸੰਗਰਾਲਾ ਨੇ ਪੁਲਿਸ ਸਟੇਸ਼ਨ ਵਿੱਚ ਰਿਪੋਰਟ ਦਿੱਤੀ। ਝਗੜਾ ਕੀ ਸੀ? ਦੋ ਸਕੀਆਂ ਭੂਆ ਪੰਜਾਬ ਕੌਰ ਅਤੇ ਗੁਲਾਬ ਕੌਰ ਅਤੇ ਇਨ੍ਹਾਂ ਦਾ ਸਾਥੀ ਜੁਗਰਾਜ ਸਿੰਘ ਅਤੇ ਉਸ ਦੇ ਭਤੀਜਿਆਂ ਦਾ ਆਪਸ ਵਿੱਚ ਜ਼ਮੀਨ ਦਾ ਝਗੜਾ ਸੀ ਅਤੇ ਕਬਜ਼ਾ ਕਰਨਾ ਸੀ। 307 ਦਾ ਪਰਚਾ ਦਰਜ ਹੋਇਆ ਜੋ ਕਿ ਹਟਾ ਵੀ ਦਿੱਤਾ, ਇਨ੍ਹਾਂ ਵਿੱਚ ਇੱਕ ਨਜਾਇਜ਼ ਮੁਲਜ਼ਮ ਬਣਾਇਆ ਗਿਆ ਸੀ, ਉਸ ਨੂੰ ਵੀ ਕੱਢ ਦਿੱਤਾ। ਇਹ ਕੇਸ ਲੈਂਡ ਡਿਸਪਿਊਟ ਦਾ ਹੈ, ਇਸ ਵਿੱਚ ਦੱਸੋ ਅਕਾਲੀ ਕਾਂਗਰਸ ਕਿੱਥੇ ਹੈ। ਭੂਆ-ਭਤੀਜਿਆਂ ਦਾ ਝਗੜਾ ਹੈ। ਭੂਆ ਦੀ ਜ਼ਮੀਨ ਹੁੰਦੀ ਹੈ, ਘਰਾਂ ਵਿੱਚ ਤੁਸੀਂ ਜਾਣਦੇ ਹੋ। ਹੁਣ ਇਹ ਜਿਹੜੇ ਕੇਸ ਹਨ, ਜਿਹੜੇ ਮੈਂ ਹੁਣੇ 5-6 ਤੇ 7-8 ਕੇਸ ਦੱਸੇ ਹਨ, ਤੁਸੀਂ ਦੱਸੋ ਕਿ ਕੀ ਇਨ੍ਹਾਂ ਵਿੱਚ ਕਾਂਗਰਸ ਪਾਰਟੀ ਤੇ ਅਕਾਲੀ ਦਲ ਦਾ ਕੋਈ ਝਗੜਾ ਹੈ? ਜਾਂ ਕੀ ਕਿਸੇ ਕਾਂਗਰਸੀ ਤੇ ਕੋਈ ਜ਼ੁਲਮ ਹੋਇਆ ਹੈ? ਹੁਣ ਮੈਂ ਉਹ ਕੇਸ ਲੈਣੇ ਚਾਹੁੰਦਾ ਹਾਂ? ਜਾਂ ਜਿਹੜੇ ਚੌਧਰੀ ਸਾਹਿਬ ਨੇ ਦੱਸੇ ਹਨ। ਉਨ੍ਹਾਂ ਵਿੱਚੋਂ ਤਿੰਨ ਕੇਸ ਬਿਲਕੁਲ ਝੂਠੇ ਪਾਏ ਗਏ, ਉਹ ਗਲਤ ਰਜਿਸਟਰਡ ਹੋਏ ਹਨ। ਮੈਂ ਉਹ ਵੀ ਕਹਿੰਦਾ ਹਾਂ ਜਿਹੜੀ ਗੱਲ ਗਲਤ ਹੋਈ ਹੈ। ਇੱਕ ਤਾਂ ਪਿੰਡ ਖਾਲੜਾ, ਡਿਸਟ੍ਰਿਕਟ ਤਰਨਤਾਰਨ ਦਾ ਕੇਸ ਹੈ। ਇੱਕ ਗੁਰਜਿੰਦਰ ਸਿੰਘ ਪਿੰਡ ਨਾਰਲੀ ਨੇ ਇੱਕ ਕੇਸ ਰਜਿਸਟਰ ਕਰਵਾਇਆ ਸੀ, ਰਿਪੋਰਟ ਦਿੱਤੀ ਸੀ

Original with;
Punjab Vidhan Sabha
Digitized by;
Punjab Digital Library

ਕਿ ਵਲਟੋਹਾ ਦੇ ਇੰਦਰਜੀਤ ਸਿੰਘ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੇਰਾ ਲੜਕਾ ਅਸੀਂ ਬਾਹਰ ਭੇਜ ਦੇਵਾਂਗੇ ਅਤੇ 10 ਲੱਖ ਰੁਪਿਆ ਲਵਾਂਗੇ, ਸਾਡੇ ਕੋਲੋਂ ਸਾਢੇ ਪੰਜ ਲੱਖ ਰੁਪਿਆ ਲੈ ਲਿਆ ਅਤੇ ਨਾ ਲੜਕੇ ਨੂੰ ਬਾਹਰ ਭੇਜਦਾ ਹੈ ਅਤੇ ਨਾ ਹੀ ਮੇਰੇ ਪੈਸੇ ਮੋੜਦਾ ਹੈ। ਇਸ ਦੀ ਵੀ ਇਨਕੁਆਇਰੀ ਕਰਵਾਈ ਗਈ। ਇਹ ਸਾਬਤ ਹੋਇਆ ਹੈ ਕਿ ਐਸ.ਪੀ.ਟ੍ਰੈਫਿਕ ਨੇ ਕਿਹਾ ਕਿ ਇਹ ਬਿਲਕੁਲ ਝੂਠਾ ਕੇਸ ਹੈ ਤੇ ਅਸੀਂ ਕੈਂਸਲ ਕਰ ਦਿੱਤਾ। ਹੁਣ ਉਨ੍ਹਾਂ ਤੋਂ ਪੁੱਛ ਲੈਣਾ ਕਿ ਅਸੀਂ ਕੈਂਸਲ ਕੀਤਾ ਹੈ। ਜਿਹੜਾ ਝੂਠਾ ਕੇਸ ਸੀ, ਉਹ ਕੈਂਸਲ ਕਰ ਦਿੱਤਾ। ਇਸੇ ਤਰ੍ਹਾਂ ਚੌਧਰੀ ਸਾਹਿਬ ਤੁਹਾਡੇ ਹਲਕੇ ਦੇ ਵੀ ਦੋ ਕੇਸ ਮੇਰੇ ਕੋਲ ਭੇਜੇ ਹਨ, ਅਬੋਹਰ ਦੇ। ਇੱਕ ਤਾਂ ਕਾਂਤਾ ਰਾਣੀ ਹੈ, ਉਸ ਨੇ ਕਿਹਾ ਹੈ ਕਿ ਬਨਵਾਰੀ ਲਾਲ ਨਾਲ ਮੇਰਾ ਇੱਕ ਮਹੀਨਾ ਪਹਿਲਾਂ ਝਗੜਾ ਹੋਇਆ ਸੀ, ਕੋਈ ਬਨਵਾਰੀ ਲਾਲ ਹੈ, ਮੈਂ ਤਾਂ ਜਾਣਦਾ ਨਹੀਂ, ਤੁਸੀਂ ਜਾਣਦੇ ਹੋਵੋਗੇ। ਹੁਣ ਉਸ ਨੇ ਕਿਹਾ ਹੈ ਕਿ ਬਨਵਾਰੀ ਲਾਲ ਤੇ ਮੁਕੇਸ਼ ਕੁਮਾਰ ਸਾਡੇ ਧਾਰਮਿਕਤਾ ਦੀ ਗੱਲ ਹੈ, ਉਨ੍ਹਾਂ ਨੇ ਐਸ.ਸੀ.ਐਕਟ ਤਹਿਤ ਉਨ੍ਹਾਂ ਤੇ ਕੇਸ ਦਰਜ ਕੀਤਾ। ਇਹ ਮਾੜੀ ਗੱਲ ਹੋਈ। ਤੁਸੀਂ ਵੀ ਮੇਰੇ ਨੋਟਿਸ ਵਿੱਚ ਲਿਆਂਦਾ। ਮੈਂ ਐਸ.ਐਸ.ਪੀ. ਨੂੰ ਕਿਹਾ। ਇਹ ਤੁਸੀਂ ਦੱਸੋ ਕਿ ਕੇਸ ਕੈਂਸਲ ਹੋਇਆ ਕਿ ਨਹੀਂ। ਮੇਰੀ ਅਰਜ਼ ਹੈ ਕਿ ਜਿਹੜੇ ਕੇਸ ਹੋਏ ਹਨ, ਇਹ ਕਦੋਂ ਦੇ ਦਰਜ ਹੋਏ ਹਨ, ਇਹ ਵੀ ਛੱਡ ਦਿੱਤਾ। ਇੱਕ ਕੇਸ ਹੋਰ ਅਬੋਹਰ ਹਲਕੇ ਦਾ ਹੈ, ਖਰਾਇਤੀ ਲਾਲ ਤੇ ਸੁਰਿੰਦਰ ਕੁਮਾਰ, ਇਹ ਦੋਵੇਂ ਸਕੇ ਭਰਾ ਹਨ, ਔਰ ਉਨ੍ਹਾਂ ਦਾ ਕੋਈ ਪ੍ਰਾਪਰਟੀ ਦਾ ਝਗੜਾ ਹੈ। ਇੱਕ ਭਰਾ ਨੂੰ ਭੂਆ ਨੇ ਪਾਵਰ ਆਫ ਅਟਾਰਨੀ ਦੇ ਦਿੱਤੀ, ਉਨ੍ਹਾਂ ਦਾ ਆਪਸੀ ਝਗੜਾ ਸੀ ਤੇ ਕੇਸ ਦਰਜ ਹੋ ਗਿਆ। ਉਹ ਜਿਹੜਾ ਕੇਸ ਦਰਜ ਹੋਇਆ, ਉਹ ਝੂਠਾ ਦਰਜ ਹੋਇਆ, ਮੈਂ ਨਹੀਂ ਕਹਿੰਦਾ ਕਿ ਸੱਚਾ ਹੋਇਆ। ਉਸ ਕੇਸ ਵਿੱਚ ਅਸੀਂ ਡੀ.ਐਸ.ਪੀ., ਬਲੂਆਣਾ ਤੋਂ ਇਨਕੁਆਰੀ ਕਰਵਾਈ ਔਰ ਇਹ ਪਤਾ ਲੱਗਾ ਕਿ ਇਹ ਕੇਸ ਤਾਂ ਉਹੀ ਹੈ ਜਿਹੜਾ ਤੁਸੀਂ ਕਿਹਾ ਹੈ। ਤੁਹਾਡੇ ਹੀ ਜਿਹੜੇ ਕੇਸ ਭੇਜੇ ਸਨ, ਉਹ ਦੋ ਮੈਂ ਠੀਕ ਸਮਝਦਾ ਹਾਂ। ਉਹ ਪੁਲੀਟੀਕਲ ਤੌਰ ਤੇ ਨਹੀਂ ਦਰਜ ਹੋਏ, ਇਨ੍ਹਾਂ ਵਿੱਚ ਪੁਲੀਟੀਕਲ ਵੈਨਡੇਟੇ ਦੀ ਕੋਈ ਗੱਲ ਨਹੀਂ ਹੈ। ਉਨ੍ਹਾਂ ਨੇ ਕੱਲ੍ਹ ਵੀ ਕਿਹਾ ਹੈ, ਇੱਕ ਤਾਂ ਭੂਆ ਦਾ ਝਗੜਾ ਹੈ, ਇੱਹ ਕੇਸ ਵਿੱਚ ਕਿਸੇ ਹੋਰ ਦਾ ਝਗੜਾ ਆਖਿਆ ਹੈ। ਉਹ ਦੋਵੇਂ ਜਿਹੜੇ ਕੇਸ ਹਨ, ਉਹ ਕੈਂਸਲ ਕਰ ਦਿੱਤੇ ਗਏ।

ਸਪੀਕਰ ਸਾਹਿਬ, ਮੈਂ ਤਿੰਨ-ਚਾਰ ਕੇਸ ਹੋਰ ਦੱਸਾਂਗਾ। ਇੱਕ ਵੀ ਕੇਸ ਇਹੋ ਜਿਹਾ ਨਹੀਂ ਜਿਸ ਵਿੱਚ ਕਿਹਾ ਜਾ ਸਕੇ ਕਿ ਪੁਲੀਟੀਕਲ ਵੈਨਡੇਟਾ ਹੋਇਆ ਹੈ ਜਾਂ ਕਾਂਗਰਸੀਆਂ ਦੇ ਖਿਲਾਫ ਕੋਈ ਕੀਤਾ ਹੈ। ਹੁਣ ਇੱਕ ਹੋਰ ਕੇਸ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਗੁਰੂ ਹਰਸਹਾਇ ਦਾ ਹੈ। ਇਹ ਕੋਈ ਮੁਨੀਸ਼ ਕੁਮਾਰ ਹੈ। ਇਹ ਸੋਢੀ ਸਾਹਿਬ ਤੁਹਾਡੇ ਹਲਕੇ ਦਾ ਹੈ ਮੁਨੀਸ਼ ਕੁਮਾਰ। ਉਸ ਨੇ ਕਿਹਾ ਹੈ ਕਿ ਚਾਰ ਅਨਆਈਡੈਂਟੀਫਾਈਡ ਪਰਸਨ ਸਾਡੇ ਘਰੇ ਆਏ ਔਰ ਉਹ ਫੋਰਸੀਬਲੀ ਸਾਡੇ ਘਰ ਵਿੱਚ ਐਂਟਰ ਹੋਏ। ਉਨ੍ਹਾਂ ਨੇ ਸਾਨੂੰ ਚੈਲਿੰਜ ਵੀ ਕੀਤਾ ਅਤੇ ਚਾਰੇ ਬੰਦੇ ਭੱਜ ਵੀ ਗਏ। ਉਸ ਦਾ ਕਿਸੇ ਨਾਲ ਤੁਅਲੱਕ ਨਹੀਂ ਹੈ। ਉਹ ਕੋਈ ਅਕਾਲੀ ਦਲ ਦੇ ਤਾਂ ਨਹੀਂ ਸਨ। ਉਹ ਮਾੜੇ ਬੰਦੇ ਸਨ। ਉਨ੍ਹਾਂ ਨੂੰ ਡਾਕੂ ਸਮਝ ਲਵੋ ਜਾਂ ਲੁਟੇਰੇ ਸਨ, ਉਹ ਕੋਟ ਭਾਈ ਵਿੱਚ, ਆਪਣੇ ਰਾਜਾ ਸਾਹਿਬ ਬੈਠੇ ਹਨ, ਉਹ ਸਾਰੇ ਉੱਥੇ ਫੜ੍ਹ ਲਏ ਗਏ ਸਨ ਔਰ ਉਨ੍ਹਾਂ ਕੋਲ ਜਿਹੜੀ ਕਾਰ ਸੀ, ਉਹ ਵੀ ਫੜ੍ਹ ਲਈ ਕਿਉਂਕਿ ਉਹ ਫਿਰੋਜ਼ਪੁਰ ਗਏ ਸਨ।ਉਨ੍ਹਾਂ ਕੋਲੋਂ ਕਾਫ਼ੀ ਹਥਿਆਰ ਵੀ ਫੜ੍ਹੇ ਗਏ। ਉਨ੍ਹਾਂ ਦੇ ਖਿਲਾਫ ਸੱਤ ਕੇਸ ਹੋਰ ਦਰਜ ਸਨ। ਉਨ੍ਹਾਂ ਨੇ ਫਿਰੋਜ਼ਪੁਰ ਵਿੱਚ ਜੁਡੀਸ਼ੀਅਲ ਰਿਕਾਰਡ ਵੀ ਬਰਨ ਕੀਤਾ ਹੈ। ਉਹ ਇੰਨੇ ਵੱਡੇ ਕਰੀਮੀਨਲ ਹਨ। ਹੁਣ ਦੱਸੋ ਕਿ ਉਹ ਕਰੀਮੀਨਲ ਉਥੇ ਗਏ ਹਨ, ਇਹ ਕੋਈ ਅਕਾਲੀ ਦਲ ਨੇ ਤਾਂ ਨਹੀਂ ਕੀਤਾ ਅਤੇ ਉਹ ਫੜ੍ਹ ਵੀ ਲਏ ਗਏ। ਇਨ੍ਹਾਂ ਚੀਜ਼ਾਂ ਨਾਲ ਅਕਾਲੀ ਦਲ ਦਾ ਤੇ ਵੈਨਡੇਟੇ ਦਾ ਕੋਈ ਤੁਅਲੱਕ ਨਹੀਂ ਹੈ। ਕੋਈ ਵੀ ਇਸ ਦੇ ਨਾਲ ਤੁਅਲੱਕ ਨਹੀਂ ਹੈ। ਇਸੇ ਤਰ੍ਹਾਂ ਫਤਹਿਗੜ੍ਹ ਸਾਹਿਬ ਦਾ ਵੀ ਇੱਕ ਕੇਸ ਇੱਥੇ ਆਇਆ ਹੈ। ਮੈਂ ਤਾਂ ਐਨ ਬਾਰੀਕੀ ਨਾਲ ਘੋਖਿਆ ਹੈ, ਮੇਰਾ ਖਿਆਲ ਹੈ ਕਿ ਤਕਰੀਬਨ 10 ਮੀਟਿੰਗਾਂ ਕੀਤੀਆਂ ਹਨ, ਮੈਂ ਕਿਹਾ ਹੈ ਕਿ ਚੌਧਰੀ ਸਾਹਿਬ ਦਾ ਮੈਨੂੰ ਕੋਈ ਉਲਾਂਭਾ ਨਾ ਆ ਜਾਵੇ। ਇਹ ਕੇਸ ਭਦੌਈ ਕਲਾਂ ਦਾ ਹੈ। ਫਤਹਿਗੜ੍ਹ ਸਾਹਿਬ ਦੇ ਐਮ.ਐਲ.ਏ. ਸਾਹਿਬ ਵੀ ਇੱਥੇ ਬੈਠੇ ਹਨ, ਉਹ ਥੋੜ੍ਹਾ ਜਿਹਾ ਧਿਆਨ ਵਿੱਚ ਰੱਖ ਲੈਣ। ਉਦੋਂ ਵੀ ਇਲੈਕਸ਼ਨ ਕੋਡ ਲੱਗਿਆ ਸੀ। ਇਸਦੇ ਵਿੱਚ ਕੰਪਲੇਨੈਂਟ ਅਵਤਾਰ ਸਿੰਘ ਹੈ, ਉਹ ਕੋਈ ਕਾਂਗਰਸ ਦਾ ਜਾਂ ਅਕਾਲੀ ਦਲ ਦਾ ਵਰਕਰ ਨਹੀਂ ਹੈ।

ਵੋਡਾਫੋਨ ਜਿਹੜੀ ਕੰਪਨੀ ਹੈ, ਜਿਸਦੇ ਇਹ ਟਾਵਰ ਲੱਗੇ ਹੁੰਦੇ ਹਨ ਇਸਦਾ ਸਿਕਿਓਰਟੀ ਸੁਪਰਵਾਈਜ਼ਰ ਸੀ। ਉੱਥੇ ਇਸ ਕੰਪਨੀ ਦਾ ਟਾਵਰ ਲੱਗਿਆ ਸੀ ਔਰ ਟਾਵਰ ਵਿੱਚ ਹੁੰਦਾ ਹੈ ਕਿ ਕੋਈ ਛੇੜਖਾਨੀ ਕਰੇ ਤਾਂ ਪਤਾ ਲੱਗ ਜਾਂਦਾ ਹੈ। ਜਿਸਦੇ ਘਰ ਵਿੱਚ, ਜਿਸਦੀ ਜ਼ਮੀਨ ਵਿੱਚ ਉਹ ਟਾਵਰ ਲੱਗਿਆ ਸੀ,ਉਸਨੇ ਕੋਈ ਛੇੜਖਾਨੀ ਕੀਤੀ ਹੋਣੀ ਹੈ, ਪਤਾ ਨਹੀਂ ਕੀਤੀ ਕਿ ਨਹੀਂ ਕੀਤੀ। ਉਹ ਅਵਤਾਰ ਸਿੰਘ ਜਿਹੜਾ ਸੀ, ਸਿਕਿਓਰਟੀ ਸੁਪਰਵਾਈਜ਼ਰ ਨਾਲ ਇੱਕ ਦੋ ਬੰਦੇ ਲੈ ਕੇ ਆਇਆ ਕਿ ਵੇਖੀਏ ਤਾਂ ਸਹੀ ਕਿ ਟਾਵਰ ਨੂੰ ਕੀ ਹੋ ਗਿਆ ਹੈ। ਉਹ ਦੇਖਣ ਲਈ ਕਿ ਟਾਵਰ ਨੂੰ ਕੀ ਹੋ ਗਿਆ ਹੈ ਉਹ ਉੱਥੇ

Original with;
Punjab Vidhan Sabha
Digitized by;
Panjab Digital Library

ਆਇਆ। ਹੋਇਆ ਕੀ ਕਿ ਉਸ ਬੰਦੇ ਨੇ, ਜਿਸ ਨੂੰ ਇਹ ਆਖਦੇ ਹਨ ਕਿ ਕਾਂਗਰਸ ਪਾਰਟੀ ਦਾ ਸੀ, ਜਿਸ ਦੇ ਨਾਲ ਜਿਆਦਤੀ ਹੋਈ, ਉਸ ਨੂੰ ਉਨ੍ਹਾਂ ਨੇ ਫੜ੍ਹ ਲਿਆ ਤੇ ਘਰ ਲੈ ਗਏ, ਸ਼ਰਾਬ ਵੀ ਪੀਤੀ ਹੋਣੀ ਹੈ। ਚਲੋ ਮੈਂ ਉਸ ਗੱਲ ਵਿੱਚ ਨਹੀਂ ਜਾਣਾ ਚਾਹੁੰਦਾ ਤੇ ਉੱਥੇ ਜਾ ਕੇ ਫਿਰ ਉਸ ਤੋਂ ਖਾਲੀ ਕਾਗਜ਼ ਤੇ ਦਸਖਤ ਕਰਵਾਏ, ਫਿਰ ਉਸ ਨੂੰ ਛੱਡਿਆ। ਤੁਸੀਂ ਦੱਸੋ ਫਤਿਹਗੜ੍ਹ ਸਾਹਿਬ ਵਾਲੇ ਐਮ.ਐਲ.ਏ. ਸਾਹਿਬ ਕਿ ਇਸਦਾ ਅਕਾਲੀ ਦਲ ਅਤੇ ਕਾਂਗਰਸ ਨਾਲ ਕੋਈ ਤਾਅਲੁੱਕ ਹੈ, ਰੱਤੀ ਭਰ ਵੀ ਤਾਅਲੁੱਕ ਹੈ ਤਾਂ ਮੈਨੂੰ ਦੱਸ ਦਿਓ, ਨਹੀਂ ਤਾਂ ਮੈਂ ਤਾਂ ਦੱਸ ਦਿੰਦਾ ਹਾਂ। ਇਸੇ ਤਰ੍ਹਾਂ ਇੱਕ ਹੋਰ ਰਾਜਪੁਰੇ ਦਾ ਕੇਸ ਹੈ। ਉੱਥੇ ਬੀ.ਡੀ.ਓ ਨੇ ਪਰਚਾ ਦਿੱਤਾ ਹੈ। ਬੀ.ਡੀ.ਓ. ਨੇ ਸੁਖਦਰਸ਼ਨ ਸਿੰਘ ਸੋਢੀ ਅਤੇ ਗੁਰਦੀਪ ਸਿੰਘ 2 ਬੰਦਿਆਂ ਦੇ ਅਗੈਂਸਟ ਪਰਚਾ ਦਿੱਤਾ ਹੈ। ਇਸ ਵਿੱਚ ਹੈਡਲਾਈਨ ਹੈ ਕਿ false implication of congress workers. ਸੁਖਦਰਸ਼ਨ ਸਿੰਘ ਸੋਢੀ ਅਤੇ ਗੁਰਦੀਪ ਸਿੰਘ ਬਾਰੇ ਬੀ.ਡੀ.ਓ ਨੇ ਕਿਹਾ ਹੈ ਕਿ ਇਹ ਛੱਪੜ ਰੋਕਦੇ ਹਨ, ਉਨ੍ਹਾਂ ਤੇ ਕੇਸ ਰਜਿਸਟਰ ਕੀਤਾ। ਇਸ ਵਿੱਚ ਪੰਚਾਇਤ ਨੇ ਕਿਹਾ ਅਤੇ ਉਨ੍ਹਾਂ ਨੂੰ ਪਹਿਲਾਂ ਬੇਨਤੀ ਵੀ ਕੀਤੀ ਕਿ ਛੱਪੜ ਨਾ ਰੋਕੋ ਜੀ ਪਰ ਉਹ ਨਾ ਰੁਕੇ ਅਤੇ ਤਾਂ ਉਨ੍ਹਾਂ ਨੇ ਬੀ.ਡੀ.ਓ ਨੂੰ ਸ਼ਿਕਾਇਤ ਕੀਤੀ ਤੇ ਬੀ.ਡੀ.ਓ. ਨੇ ਇਹ ਕੇਸ ਰਜਿਸਟਰ ਕਰਵਾਇਆ। ਇਹ ਦੱਸੋ ਹੁਣ।

**ਸਰਦਾਰ ਹਰਦਿਆਲ ਸਿੰਘ ਕੰਬੋਜ:** ਸਪੀਕਰ ਸਾਹਿਬ, ਮਾਨਯੋਗ ਸੀ.ਐਮ ਸਾਹਿਬ ਨੇ ਜਿਹੜਾ ਧਮੋਲੀ ਦਾ ਕੇਸ ਸੀ, ਉਸ ਦਾ ਜ਼ਿਕਰ ਕੀਤਾ ਹੈ। ਇਹ ਇਸ ਤਰ੍ਹਾਂ ਹੈ ਕਿ ਜਾਂ ਤਾਂ ਤੁਹਾਨੂੰ ਸਬੰਧਿਤ ਅਧਿਕਾਰੀਆਂ ਵੱਲੋਂ ਗਲਤ ਰਿਪੋਰਟ ਪੇਸ਼ ਕੀਤੀ ਗਈ ਹੈ। ਮੈਂ ਮਾਨਯੋਗ ਸਪੀਕਰ ਸਾਹਿਬ ਰਾਹੀਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਟੋਭਾ ਹੈ ਪਿੰਡ ਧਮੋਲੀ ਦੇ ਅੰਦਰ ਜਿੱਥੇ 12 ਨਜਾਇਜ਼ ਘਰ ਵਿਅਕਤੀਆਂ ਵੱਲੋਂ ਪਾਏ ਗਏ ਹਨ। ਇਸ ਗੁਰਦੀਪ ਸਿੰਘ ਨੇ ਸਰਪੰਚ ਨੂੰ ਜਾ ਕੇ ਕਿਹਾ ਕਿ ਤੁਸੀਂ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਰੁਕਵਾਓ। ਉਨ੍ਹਾਂ 12 ਬੰਦਿਆਂ ਤੇ ਐਕਸ਼ਨ ਕਰਨ ਦੀ ਬਜਾਇ, ਨਾਲ ਜਿਹੜੇ ਸੱਜਣ ਸੀ ਮੈਂ ਉਨ੍ਹਾਂ ਦਾ ਨਾਂ ਨਹੀਂ ਲਵਾਂਗਾ, ਉਨ੍ਹਾਂ ਨੇ ਉਲਟਾ ਗੁਰਦੀਪ ਸਿੰਘ ਤੇ ਕੇਸ ਦਰਜ ਕਰਵਾ ਦਿੱਤਾ। ਇਨਕੁਆਰੀ ਹੋਈ, ਡੀ.ਆਈ.ਜੀ ਪਟਿਆਲਾ ਨੇ ਇਨਕੁਆਰੀ ਕੀਤੀ। ਮੇਰੇ ਕੋਲ ਇਹ ਰਿਕਾਰਡ ਹੈ। ਇਹ ਗੁਰਦੀਪ ਸਿੰਘ ਪਿੰਡ ਚਮਾਰੂ ਦਾ ਹੈ ਕੋਈ। ਉਸ ਦਾ ਲਿਖ ਕੇ ਭੇਜ ਦਿੱਤਾ ਕਿ ਇਸ ਤੇ ਪਹਿਲਾਂ ਵੀ ਜਿਹੜੇ ਕੇਸ ਹਨ, ਉਹ ਕੋਰਟ ਵਿੱਚ ਚਲਦੇ ਹਨ। ਸੋ, ਮੈਂ ਇਹ ਬੇਨਤੀ ਕਰਾਂਗਾ ਸੀ.ਐਮ. ਸਾਹਿਬ ਨੂੰ ਕਿ ਜਿਹੜੀ ਇਹ ਰਿਪੋਰਟ ਹੈ, ਇਹ ਤੁਹਾਨੂੰ ਬਿਲਕੁਲ ਠੀਕ ਪੇਸ਼ ਨਹੀਂ ਕੀਤੀ ਗਈ। ਕਈ ਵਾਰ ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਦਿਆਲ ਸਿੰਘ ਕੰਬੋਜ]

ਹੁੰਦਾ ਹੈ ਕਿ ਸਾਨੂੰ ਨਿਚਲੇ ਪੱਧਰ ਤੋਂ ਹੀ ਮਿਸਗਾਈਡ ਕੀਤਾ ਜਾਂਦਾ ਹੈ। ਸੋ, ਮੇਰੀ ਬੇਨਤੀ ਹੈ ਕਿ ਇਸ ਦੀ ਇਨਕੁਆਰੀ ਦੁਬਾਰਾ ਕਰਵਾਈ ਜਾਵੇ ਔਰ ਜੇਕਰ ਵਿਚ ਸਾਨੂੰ ਵੀ ਸ਼ਾਮਲ ਤਫਤੀਸ਼ ਕੀਤਾ ਜਾਵੇ ਤਾਂ ਮੈਂ ਜਿਹੜੇ ਬਿਲਕੁਲ ਕਲੀਅਰ ਫੈਕਟਸ ਹਨ, ਉਹ ਸਾਹਮਣੇ ਰਖਵਾ ਦਿਆਂਗਾ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ, ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠਿਆ) (ਬੈਠੇ-ਬੈਠੇ):** ਨਜਾਇਜ਼ ਕਬਜ਼ੇ ਤੁਸੀਂ ਢੁਹਾਉਣਾ ਚਾਹੁੰਦੇ ਹੋ, ਜਿਹੜੇ ਗਰੀਬਾਂ ਦੇ ਘਰ ਹਨ, ਉਹ ਤੁਸੀਂ ਢੁਹਾਉਣਾ ਚਾਹੁੰਦੇ ਹੋ (ਵਿਘਨ, ਸ਼ੋਰ)

**ਸ਼੍ਰੀ ਰਾਕੇਸ਼ ਪਾਂਡੇ (ਬੈਠੇ-ਬੈਠੇ):** ਗਰੀਬਾਂ ਦੀ ਕਿਹੜੀ ਗੱਲ ਆ ਗਈ ਜੀ, ਨਜਾਇਜ਼ ਕਬਜ਼ਿਆਂ ਦੀ ਗੱਲ ਹੈ।

**ਮੁੱਖ ਮੰਤਰੀ:** ਇੱਕ ਮਿੰਟ ਜੀ, ਤੁਸੀਂ ਵਿੱਚ ਕਿਉਂ ਬੋਲਦੇ ਹੋ (ਸਰਦਾਰ ਬਿਕਰਮ ਸਿੰਘ ਮਜੀਠੀਆ) ਨੂੰ ਸੰਬੋਧਨ ਕਰਦੇ ਹੋਏ। ਦੇਖੋ ਮੇਰਾ ਮਤਲਬ ਹੈ ਕਿ ਇਨ੍ਹਾਂ ਨੇ ਆਬਜੈਕਸ਼ਨ ਕੀਤਾ ਹੈ। I will look into it. ਮੈਂ ਅੱਜ ਹੀ ਚੈੱਕ ਕਰਾਂਗਾ। ਮੈਂ ਇੱਥੇ ਤੱਕ ਕਹਿ ਸਕਦਾ ਹਾਂ ਕਿ ਕੋਈ ਹੋਰ ਮੇਰੇ ਤੇ ਤੋਹਮਤ ਲਾ ਦਿਓ, ਮੇਰੇ ਤੇ ਬਥੇਰੀਆਂ ਕਾਂਗਰਸ ਵਾਲਿਆਂ ਨੇ ਲਾਈਆਂ ਹਨ, ਇਹ ਜੇ ਆਖੋ ਮੈਂ ਪੱਖਪਾਤ ਕਰਦਾ ਹਾਂ ਜਾਂ ਮੈਂ ਬੇਇਨਸਾਫੀ ਕਰਦਾ ਹਾਂ, ਉਹ ਨਹੀਂ ਮੈਂ ਝੱਲ ਸਕਦਾ (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ)। ਇੱਕ ਗੁਰਦਾਸਪੁਰ ਵਿੱਚ ਲਾਹਣ ਫੜੀ ਗਈ, ਸ਼ਰਾਬ ਫੜੀ ਗਈ, ਉਸ ਵਿੱਚ ਵੀ ਕਾਂਗਰਸ ਅਕਾਲੀ ਦਲ ਦਾ ਕਾਹਦਾ ਤਾਅਲੁੱਕ ਹੈ। ਇਹ ਮੇਰੇ ਕੋਲ 39 ਕੇਸਾਂ ਦੀ ਲਿਸਟ ਹੈ। ਚੌਧਰੀ ਸਾਹਿਬ ਨੂੰ ਰਿਸਪੈਕਟਫੁੱਲੀ ਜੇ ਕਹੋ ਤਾਂ ਮੈਂ ਤੁਹਾਡੇ ਦਫ਼ਤਰ ਦੇ ਆਵਾਂਗਾ। ਜੇ ਹੁਣ ਕਹੋ ਤਾਂ ਹੁਣ ਦੇ ਦਿੰਦਾ ਹਾਂ ਤੁਹਾਨੂੰ। ਇਸ ਵਿੱਚ ਕਿਸੇ ਵੀ ਤਰ੍ਹਾਂ ਕੋਈ ਗੱਲ ਹੋਵੇ ਤਾਂ ਮੈਨੂੰ ਦੱਸੋ, ਮੈਂ ਤੁਹਾਨੂੰ ਫੜਾ ਦੇਵਾਂਗਾ।

**ਸਰਦਾਰ ਸੁਖਜਿੰਦਰ ਸਿੰਘ:** ਗੁਰਦਾਸਪੁਰ ਦਾ ਕੇਸ ਜਿਹੜਾ ਲਾਹਣ ਫੜੀ ਗਈ.....

**ਮਾਨਯੋਗ ਸਪੀਕਰ:** ਇੱਕ ਮਿੰਟ ਜੀ।

**ਸ਼੍ਰੀ ਸੁਨੀਲ ਜਾਖੜ:** ਚਲੋ, ਸੀ.ਐਮ ਸਾਹਿਬ ਇਹ ਹਾਲੇ ਤੁਹਾਨੂੰ ਡਿਸਟਰਬ ਨਹੀਂ ਕਰਦੇ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ:** ਦੇਖੋ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਇਹ ਨਹੀਂ ਕਿ ਕੋਈ ਔਲੀਆ ਹਾਂ। ਮੇਰਾ ਕੰਮ ਹੈ, ਮੁੱਖ ਮੰਤਰੀ ਦਾ ਕੰਮ ਹੈ ਕਿ ਵੱਡੇ ਤੋਂ ਵੱਡੇ ਦਫ਼ਤਰ ਤੋਂ ਇਨਕੁਆਇਰੀ ਕਰਵਾਓ। ਡੀ.ਆਈ.ਜੀ. ਨੇ ਕੀਤੀ, ਆਈ.ਜੀ. ਨੇ ਵੈਰੀਫਾਈ ਕੀਤਾ। ਜੇਕਰ ਇਸ ਤੋਂ ਵੱਧ ਵੀ ਕੋਈ ਹੋਏਗਾ ਤਾਂ ਮੈਂ ਡੀ.ਜੀ.ਪੀ. ਸਾਹਿਬ ਤੋਂ ਇਨਕੁਆਰੀ ਕਰਵਾ ਦਿਆਂਗਾ। ਮੈਂ ਤਾਂ ਇੱਕ ਇਹ ਕਰ ਸਕਦਾ ਹਾਂ ਕਿ ਮੈਂ ਤੁਹਾਡੇ ਕੋਲੋਂ 5 ਸਾਲ ਵਿੱਚ ਇੱਕ ਵੀ ਉਲਾਂਭਾ ਨਹੀਂ ਲੈਣਾ ਕਿ ਮੈਂ ਤੁਹਾਡੇ ਖਿਲਾਫ ਕੁਝ ਗਲਤ ਕਾਰਵਾਈ ਕਰ ਰਿਹਾ ਹਾਂ। ਇਹ ਲਾਹਣ ਦੀ ਗੱਲ ਕੀਤੀ ਗਈ ਹੈ ਜੀ। ਇਹ ਲਾਹਣ ਵਾਲਾ ਪਿੰਡ ਹੈਗਾ, ਸੁਦਾਗਰ ਮਸੀਹ ਏਥੇ ਫੜ੍ਹਿਆ ਗਿਆ ਹੈ। ਬਾਜਵਾ ਸਾਹਿਬ ਦੇ ਇਲਾਕੇ ਦਾ ਡੋਗਰ ਪਿੰਡ ਹੈ। ਮੈਨੂੰ ਤਾਂ ਇਸ ਬਾਰੇ ਪਤਾ ਨਹੀਂ, ਲੇਕਿਨ ਪਤਾ ਲੱਗਾ ਹੈ ਕਿ ਉੱਥੇ ਜ਼ਿਆਦਾ ਇਹੀ ਕੰਮ ਹੁੰਦਾ ਹੈ। ਸਪੀਕਰ ਸਾਹਿਬ, ਉੱਥੇ ਐਕਸਾਈਜ਼ ਵਾਲਿਆਂ ਨੇ ਛਾਪਾ ਮਾਰਿਆ। 6 ਡਿਸਟਿਲਰੀਆਂ ਸ਼ਰਾਬ ਦੀਆਂ ਪਕੜੀਆਂ। ਉੱਥੇ ਸੁਦਾਗਰ ਮਸੀਹ, ਜਿਸ ਦੇ ਬਾਰੇ ਇਹ ਕਹਿੰਦੇ ਹਨ ਕਿ ਕਾਂਗਰਸ ਦਾ ਹੋਣ ਕਰਕੇ false case ਵਿੱਚ implicate ਕੀਤਾ ਗਿਆ ਹੈ। ਇਸ ਦੇ ਨਾਲ 6 ਹੋਰ ਫੜ੍ਹੇ ਗਏ। ਇਹ ਨਹੀਂ ਕਿ ਉਸ ਦੇ ਨਾਲ ਫੜ੍ਹੇ ਗਏ ਹਨ। ਇਹ 6 ਅੱਡ ਅੱਡ ਫੜ੍ਹੇ ਗਏ ਹਨ। ਜਿਹੜੀ ਲਾਹਣ ਫੜ੍ਹੀ, ਉਹ 1950 ਕਿਲੋਗ੍ਰਾਮ ਫੜ੍ਹੀ ਗਈ ਜਦੋਂ ਇਹ ਸ਼ਰਾਬ ਕਢਦੇ ਸਨ। ਦੇਖੋ ਜੀ, ਜੇਕਰ ਕੋਈ ਲਾਹਣ ਫੜੇਗਾ ਤਾਂ ਆਪਾਂ ਕੀ ਕੋਈ ਸਰਟੀਫਿਕੇਟ ਦੇਣਾ ਹੈ ਕਿ ਅਕਾਲੀ ਪਾਰਟੀ ਵਾਲੇ ਦਾ ਜਾਂ ਕਾਂਗਰਸੀ ਪਾਰਟੀ ਵਾਲਿਆਂ ਦਾ ਹੈ। ......(ਵਿਘਨ)...... (ਇੱਕ ਆਵਾਜ਼: ਉੱਥੇ ਲਾਹਣ ਮਰੇ ਹੋਏ ਬੰਦੇ ਤੇ ਪਾਈ ਗਈ ਹੈ।) ਮੈਂ ਇਸ ਗੱਲ ਦਾ ਪਤਾ ਕਰ ਲਵਾਂਗਾ। ......(ਵਿਘਨ).... ਮੇਰੀ ਗੱਲ ਸਮਝੋ। ਮੇਰੀ ਗੱਲ ਦੇ ਵਿੱਚ ਕੋਈ 2-4% ਕਮੀ ਹੋ ਸਕਦੀ ਹੈ।

(ਇੱਕ ਆਵਾਜ਼: ਜਿਹੜੇ ਬੰਦੇ ਤੇ ਲਾਹਣ ਪਾਈ ਗਈ, ਉਹ ਤਾਂ ਪੰਜ ਸਾਲ ਪਹਿਲਾਂ ਹੀ ਮਰ ਗਿਆ ਸੀ।)

ਚੌਧਰੀ ਸਾਹਿਬ, ਮੇਰੀ ਗੱਲ ਸਮਝੋ, ਮੇਰੀ ਅਰਜ਼ ਸੁਣ ਲਓ ਕਿ ਉਸਦੇ ਵਿੱਚ ਕੋਈ ਹੋਰ ਨੁਕਸ ਹੋ ਸਕਦਾ ਹੈ ਪਰ ਮਰੇ ਪਏ ਬੰਦੇ ਤੇ ਕੇਸ ਪਾਉਣ ਨਾਲ ਕੀ ਵੈਨਡੈਟਾ ਹੋ ਸਕਦਾ ਹੈ।

**ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ):** ਇਸ ਦਾ ਜਵਾਬ ਮੈਂ ਬਾਅਦ ਵਿੱਚ ਦਿਆਂਗਾ ਕਿ ਕਿਉਂ ਕੇਸ ਪਾਇਆ ਗਿਆ।

**ਮੁੱਖ ਮੰਤਰੀ:** ਬਾਕੀ ਸਾਰੇ ਕੇਸ ਮੈਂ ਵੈਰੀਫਾਈ ਕੀਤੇ ਹਨ। ਕੋਈ ਝਗੜਾ ਹੈ, ਕਿਸੇ ਨੇ ਕਿਸੇ ਦੀ ਸਨੈਚਿੰਗ ਕਰ ਲਈ, ਕੋਈ ਰੋਬਰੀ ਕਰ ਲਈ, ਕੋਈ ਲੈਂਡ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਡਿਸਪਿਊਟ ਹੈ, ਭਰਾਵਾਂ ਦਾ ਝਗੜਾ ਹੈ, ਕਿਸੇ ਦੀ ਘਰਵਾਲੀ ਭੱਜ ਗਈ, illicit relationship ਹੋ ਗਏ। ਇਸ ਤਰ੍ਹਾਂ ਦੇ ਇਹ ਸਾਰੇ ਕੇਸਾਂ ਦੀ ਮੇਰੇ ਕੋਲ ਇਹ ਪੂਰੀ ਰਿਪੋਰਟ ਹੈ। ਮੈਂ ਇਹ ਚੌਧਰੀ ਸਾਹਿਬ ਨੂੰ ਦੇ ਦਿਆਂਗਾ। ਮੈਂ ਨਹੀਂ ਕਹਿੰਦਾ, ਇਸ ਦੇ ਵਿੱਚ ਕੋਈ ਗਲਤੀ ਵੀ ਹੋ ਸਕਦੀ ਹੈ। ਮੇਰੀ ਅਰਜ਼ ਸੁਣ ਲਓ।.....

**ਸ਼੍ਰੀਮਤੀ ਰਜਿੰਦਰ ਕੌਰ ਭੱਠਲ:** ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਏਥੇ ਬੜੇ ਲੂਣ ਮਿਰਚ ਮਸਾਲੇ ਲਾ ਲਾ ਕੇ ਦੱਸਿਆ ਹੈ। ਇਨ੍ਹਾਂ ਦੀਆਂ ਕਲੈਰੀਫਿਕੇਸ਼ਨਾਂ ਤਾਂ ਸਾਰੇ ਸਬੰਧਿਤ ਐਮ.ਐਲ.ਏ. ਸਾਹਿਬ ਹੀ ਇਨ੍ਹਾਂ ਤੋਂ ਲੈਣਗੇ। ਅਸੀਂ ਇਨ੍ਹਾਂ ਨੂੰ ਬੋਲਦੇ ਹੋਏ ਟੋਕਣਾ ਵਾਜਬ ਨਹੀਂ ਸਮਝਿਆ। ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਇਨ੍ਹਾਂ ਕੋਲੋ ਕਲੈਰੀਫਿਕੇਸ਼ਨ ਲੈਣਗੇ। ਹੁਣ ਤਕਰੀਬਨ ਇਨ੍ਹਾਂ ਨੇ ਸਮਅੱਪ ਕਰ ਲਿਆ ਹੈ, ਇਸ ਲਈ ਮੈਂ ਬੋਲਣ ਲਈ ਖੜ੍ਹੀ ਹੋਈ ਹਾਂ। ਬਾਕੀ ਨੁਕਤਿਆਂ ਬਾਰੇ ਸਾਡੇ ਮੈਂਬਰ ਸਾਹਿਬਾਨ ਆਪ ਕਲੈਰੀਫਿਕੇਸ਼ਨਾਂ ਲੈਣਗੇ। ਲੇਕਿਨ ਮੇਰੀ ਇੱਕ ਰਿਕੁਐਸਟ ਹੈ ਕਿ ਤੁਸੀਂ ਬਾਦਲ ਸਾਹਿਬ ਇਸ ਪੰਜ ਸਾਲ ਦੀ ਗੱਲ ਕਰਦੇ ਹੋ, ਤੁਹਾਡੇ ਪਿਛਲੇ ਪੰਜ ਸਾਲ ਵਿੱਚ ਜਿਹੜੇ ਮੈਂ ਕੇਸ ਰੱਖੇ, ਉਨ੍ਹਾਂ ਵਿੱਚੋਂ ਕੇਵਲ ਦੋ ਦਾ ਹੀ ਮੈਂ ਜ਼ਿਕਰ ਕਰਾਂਗੀ, ਜਿਨ੍ਹਾਂ ਦਾ ਅੱਜ ਤੱਕ ਜਵਾਬ ਨਹੀਂ ਆਇਆ। ਸਪੀਕਰ ਸਾਹਿਬ, ਇਸ ਟੇਬਲ ਤੇ ਥੱਬਾ ਰੱਖਿਆ ਸੀ। ਜਿਹੜਾ ਇਸ ਟੇਬਲ ਤੇ ਰੱਖਦੇ ਹਾਂ, ਮਾਨਯੋਗ ਮੁੱਖ ਮੰਤਰੀ ਜੀ ਨੂੰ ਸੰਬੋਧਨ ਕਰਕੇ, ਤੁਹਾਡੇ ਜ਼ਰੀਏ। ਉਸ ਕਾਗਜ਼ ਦੀ ਕੋਈ ਇੰਪਾਰਟੈਂਸ ਹੁੰਦੀ ਹੈ। ਸਪੀਕਰ ਸਾਹਿਬ, ਉਸ ਦੇ ਵਿੱਚੋਂ ਦੋ ਕੇਸ ਹਨ। ਇੱਕ ਕੇਸ ਪਿੰਡ ਮਨਿਆਣਾ, ਜਿਹੜਾ ਸਬ ਡਵੀਜ਼ਨ ਮੂਣਕ ਵਿੱਚ ਪੈਂਦਾ ਹੈ, ਉਸ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਉਥੇ ਪੰਚਾਇਤ ਵਾਲੇ ਪਾਸੇ ਸਾਡੀ ਕਾਂਗਰਸ ਕੋਲ ਮੈਜਾਰਿਟੀ ਸੀ। ਇਹ ਕਹਿੰਦੇ ਹਨ ਕਿ ਵੈਨਡੈਟਾ ਦਾ ਕੋਈ ਕੇਸ ਨਹੀਂ। ਉਸ ਵਿੱਚ ਇਹ ਸੀ ਕਿ ਕਾਂਗਰਸ ਕੋਲ ਮੈਜਾਰਿਟੀ ਸੀ, ਅਕਾਲੀ ਦਲ ਮਨਾਰਿਟੀ ਵਿੱਚ ਸੀ, ਉੱਥੋਂ ਦੇ ਸਰਪੰਚ ਨੇ 100 ਗੋਲੀਆਂ ਚਲਾਈਆਂ, ਫਾਇਰਿੰਗ ਕੀਤੀ। ਤੁਸੀਂ ਅੱਜ ਵੀ ਬੇਸ਼ੱਕ ਆਪ ਜਾ ਕੇ ਦੇਖ ਲਓ, ਚਾਹੇ ਤੁਸੀਂ ਆਪਣੇ ਅਫ਼ਸਰ ਸਾਹਿਬਾਨ ਨੂੰ ਭੇਜ ਕੇ ਚੈੱਕ ਕਰਵਾ ਲਓ। ਏਥੋਂ ਕਮੇਟੀ ਬਣਾ ਕੇ ਭੇਜ ਦਿਓ। ਅੱਜ ਵੀ ਉੱਥੇ ਕੰਧ ਵਿੱਚ ਗੋਲੀਆਂ ਚੱਲਣ ਦੇ ਨਿਸ਼ਾਨ ਪਏ ਹੋਏ ਹਨ। ਦਹਿਸ਼ਤ ਦੇ ਨਾਲ ਸਾਰੇ ਪਿੰਡ ਦੇ ਲੋਕ ਕੁੱਟ ਕੇ ਮਾਰ ਕੇ ਉਥੋਂ ਭਜਾਏ। ਮੈਨੂੰ ਪਤਾ ਲੱਗਾ ਹੈ ਕਿ ਉਹ ਚੂਲੜ ਪਿੰਡ ਚਲੇ ਗਏ ਅਤੇ ਉਥੇ ਜਾ ਕੇ ਗੋਲੀਆਂ ਫਿਰ ਚਲਾਈਆਂ, ਉਸ ਪਾਸੇ ਪੰਚਾਇਤ ਨੂੰ ਹਥਿਆਉਣ ਲਈ। ਇਸ ਟੇਬਲ ਤੇ ਕੇਸ ਰੱਖਿਆ ਸੀ, ਅੱਜ ਪੰਜ ਸਾਲ ਗੁਜ਼ਰ ਗਏ ਹਨ। ਇਨ੍ਹਾਂ ਦੀ ਮੁੜ ਕੇ ਸਰਕਾਰ ਆ ਗਈ ਹੈ ਲੇਕਿਨ

Original with;
Punjab Vidhan Sabha
Digitized by;
Panjab Digital Library

ਅੱਜ ਤੱਕ ਇਹ ਨਹੀਂ ਦੱਸ ਸਕੇ ਕਿ ਇਨ੍ਹਾਂ ਨੇ ਉਸ ਪੁਲੀਟੀਕਲ ਵੈਨਡੈਟੇ ਦੇ ਕੇਸ ਵਿੱਚ ਕੀ ਐਕਸ਼ਨ ਲਿਆ। ਕਿਉਂ ਉਸ ਸਰਪੰਚ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਹੋਈ? ਪਹਿਲਾ ਤਾਂ ਮੇਰਾ ਇਹ ਕੇਸ ਪੁਲੀਟੀਕਲ ਵੈਨਡੇਟਾ ਦਾ ਹੈ। ਦੂਸਰੀ ਗੱਲ ਇੱਕ ਸਾਡਾ ਹੋਰ ਪਿੰਡ ਹੈ। .....(ਵਿਘਨ)..... ਮੈਂ ਤਾਂ ਕੇਵਲ ਦੋ ਕੇਸਾਂ ਬਾਰੇ ਹੀ ਦੱਸਣਾ ਹੈ। ਬਾਕੀ ਬਾਰੇ ਤਾਂ ਸਾਡੇ ਜਾਖੜ ਸਾਹਿਬ ਦੱਸਣਗੇ। ਇੱਕ ਸਾਡੇ ਬਖੋਰਾ ਪਿੰਡ ਦੇ ਵਿੱਚ ......

**ਮਾਨਯੋਗ ਸਪੀਕਰ:** ਬੀਬੀ ਜੀ, ਤੁਸੀਂ ਮੈਨੂੰ ਲਿਖ ਕੇ ਦੇ ਦਿਓ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ:** ਨਾ ਜੀ, ਮੈਂ ਆਪਣੇ ਹੱਥ ਦਾ ਲਿਖਿਆ ਹੋਇਆ ਕਿਵੇਂ ਲਿਖ ਕੇ ਦੇ ਦਿਆਂ। ਤੁਹਾਡੇ ਕੋਲ ਤਾਂ ਸਾਰਾ ਰਿਕਾਰਡ ਹੈ। ਇਹ ਤਾਂ ਸਪੀਕਰ ਸਾਹਿਬ ਦੱਸਣਗੇ। ਬਖੋਰਾ ਪਿੰਡ ਵਿੱਚ।

**ਮਾਨਯੋਗ ਸਪੀਕਰ:** ਬੀਬੀ ਜੀ, ਤੁਸੀਂ ਦੁਬਾਰਾ ਲਿਖ ਕੇ ਦੇ ਦਿਓ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ:** ਨਹੀਂ ਜੀ, ਮੈਂ ਤਾਂ ਪੁੱਛਦੀ ਹਾਂ ਜਿਹੜਾ ਇਹ ਕਹਿੰਦੇ ਹਨ ਕਿ ਮੈਂ ਦੇਖਿਆ ਨਹੀਂ। ਦੁਬਾਰਾ ਤਾਂ ਲਿਖਣ ਦਾ ਮਤਲਬ ਇਹ ਹੋਇਆ ਕਿ ਪਹਿਲੇ ਤੇ ਕੋਈ ਐਕਸ਼ਨ ਨਹੀਂ ਹੋਇਆ। ਹੁਣ ਦੁਬਾਰੇ ਵਾਲੇ ਤੇ ਐਕਸ਼ਨ ਹੋਏਗਾ। ਉਸ ਸਮੇਂ ਮੈਂ ਸੀ.ਐਲ.ਪੀ. ਦੀ ਲੀਡਰ ਸੀ। ਮੈਂ ਸਾਰੇ ਕੇਸਾਂ ਦਾ ਜ਼ਿਕਰ ਕੀਤਾ ਸੀ। ਮੈਂ ਆਸ ਕਰਦੀ ਸੀ ਕਿ ਸ਼ਾਇਦ ਸਭ ਤੋਂ ਪਹਿਲਾਂ ਅੱਜ ਜ਼ਿਕਰ ਉਸੇ ਦਾ ਹੀ ਆਏਗਾ। ਸਪੀਕਰ ਸਾਹਿਬ, ਦੂਜਾ ਪਿੰਡ ਬਖੋਰਾ ਦੀ ਘਟਨਾ ਹੈ। ਉੱਥੇ ਸਾਡਾ ਕਾਂਗਰਸ ਦਾ ਫੰਕਸ਼ਨ ਹੋ ਰਿਹਾ ਸੀ। ਉੱਥੋਂ ਦਾ ਇੱਕ ਅਕਾਲੀ ਵਰਕਰ ਸ਼ਰਾਬ ਪੀ ਕੇ ਆਇਆ ਅਤੇ ਸਾਡੇ ਫੰਕਸ਼ਨ ਵਿੱਚ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਅਸੀਂ ਇੱਕ ਵਾਰ, ਦੋ ਵਾਰ-ਤਿੰਨ ਵਾਰ ਉਸ ਨੂੰ ਰੋਕਿਆ। ਜਦੋਂ ਉਹ ਨਾ ਰੁਕਿਆ ਤਾਂ ਸਾਡੇ ਮੁੰਡੇ ਉਸ ਨੂੰ ਘਰ ਛੱਡ ਆਏ। ਉਸ ਉੱਤੇ ਕੇਸ ਰਜਿਸਟਰ ਕਰਨ ਦੀ ਬਜਾਏ ਅੱਜ ਵੀ ਸਾਡੇ ਕਾਂਗਰਸੀਆਂ ਉੱਤੇ ਕੇਸ ਰਜਿਸਟਰ ਕੀਤਾ ਹੋਇਆ ਹੈ। ਜੇਕਰ ਅਸੀਂ ਚਾਹੁੰਦੇ ਤਾਂ ਤੁਹਾਡੇ ਵਾਂਗ ਅਸੀਂ ਵੀ ਉਸ ਨੂੰ ਕੁੱਟ ਸਕਦੇ ਸੀ ਪਰ ਅਸੀਂ ਉਸ ਨੂੰ ਕੁੱਟਿਆ-ਮਾਰਿਆ ਨਹੀਂ ਬਲਕਿ ਉਸ ਦੇ ਘਰ ਛੱਡ ਕੇ ਆਏ ਸੀ। ਇਨ੍ਹਾਂ ਦੋ ਕੇਸਾਂ ਬਾਰੇ ਇਹ ਦੱਸ ਦੇਣ, ਜਿਹੜਾ ਇਨ੍ਹਾਂ ਵਿੱਚ ਵੈਨਡੇਟਾ ਹੋਇਆ ਹੈ। ਦੋਸ਼ੀਆਂ ਨੂੰ ਬਿਲਕੁਲ ਹੱਥ ਵੀ ਨਹੀਂ ਲਗਾਇਆ।

**ਮੁੱਖ ਮੰਤਰੀ:** ਮੈਂ ਦੱਸਦਾ ਹਾਂ ਕਿ ਜੇਕਰ ਸਭ ਤੋਂ ਵੱਧ ਕਿਸੇ ਨਾਲ ਵੈਨਡੇਟਾ ਹੋਇਆ ਹੈ ਤਾਂ ਉਹ ਬੀਬੀ ਜੀ (ਸ਼੍ਰੀਮਤੀ ਰਜਿੰਦਰ ਕੌਰ ਭੱਠਲ) ਨਾਲ ਹੋਇਆ ਹੈ (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਸ੍ਰੀਮਤੀ ਰਜਿੰਦਰ ਕੌਰ ਭੱਠਲ (ਬੈਠੇ-ਬੈਠੇ):** ਇਹ ਵੀ ਰਲ ਕੇ ਹੀ ਕੀਤਾ ਹੈ।

**ਆਵਾਜ਼ਾਂ:** ਇਸ ਦੀ ਵੀ ਇਨਕੁਆਰੀ ਕਰਵਾ ਲਵੋ। ....(ਸ਼ੋਰ.....ਵਿਘਨ)...

**ਮੁੱਖ ਮੰਤਰੀ:** ਸੁਣੋ, ਜਦੋਂ ਮੈਂ ਇਹ ਗੱਲ ਆਖੀ ਹੈ ਤਾਂ ਬੀਬੀ ਜੀ ਦੇ ਚਿਹਰੇ ਉੱਤੇ ਰੌਣਕ ਆ ਗਈ ਹੈ (ਹਾਸਾ)

**ਸ੍ਰੀਮਤੀ ਰਜਿੰਦਰ ਕੌਰ ਭੱਠਲ (ਬੈਠੇ-ਬੈਠੇ):** ਸਾਨੂੰ ਤਾਂ ਰਜਵਾੜਿਆਂ ਅਤੇ ਜਗੀਰਦਾਰਾਂ ਨੇ ਹੀ ਮਾਰਿਆ ਹੈ।

**ਮੁੱਖ ਮੰਤਰੀ:** ਸੁਣੋ, ਜੇਕਰ ਅਸੀਂ ਵੈਨਡੇਟਾ ਕਰਨਾ ਹੈ, ਕੀ ਵਿਚਾਰੇ ਗਰੀਬ ਲੋਕਾਂ ਨਾਲ ਹੀ ਕਰਨਾ ਹੈ? ਇਹ ਹੋ ਸਕਦਾ ਹੈ ਕਿ 1-2 ਗਲਤੀਆਂ ਹੋ ਸਕਦੀਆਂ ਹਨ, ਉਹ ਵੀ ਅਫ਼ਸਰਾਂ ਕੋਲੋਂ ਹੋ ਸਕਦੀਆਂ ਹਨ। ਲੇਕਿਨ on the whole 95% ਤੋਂ 98% ਤੱਕ ਬਿਲਕੁਲ ਵੀ ਵੈਨਡੇਟਾ ਨਹੀਂ ਹੋਇਆ। ਬੀਬੀ ਜੀ, ਮੈਂ ਤਾਂ ਉਨ੍ਹਾਂ ਕੇਸਾਂ ਦੀ ਗੱਲ ਕਰ ਰਿਹਾ ਹਾਂ ਜਿਹੜੇ ਕਿ ਮੈਨੂੰ ਚੌਧਰੀ ਸਾਹਿਬ (ਸ੍ਰੀ ਸੁਨੀਲ ਜਾਖੜ) ਨੇ ਦੱਸੇ ਹਨ। ਇਨ੍ਹਾਂ ਕੇਸਾਂ ਵਿੱਚ ਥੋੜ੍ਹੀ-ਬਹੁਤ ਤਾਂ ਕਮੀ ਹੋ ਸਕਦੀ ਹੈ। ਇੱਕ-ਦੋ ਕੇਸ ਜਿਵੇਂ ਬਾਜਵਾ ਜੀ ਨੇ ਦੱਸਿਆ ਹੈ ਕਿ ਉਥੇ ਬੰਦਾ ਪਹਿਲਾਂ ਹੀ ਮਰ ਗਿਆ ਸੀ। ਮਰੇ ਹੋਏ ਉਤੇ ਅਸੀਂ ਕੀ ਕਬਰਾਂ ਵਿੱਚ ਜਾ ਕੇ ਵੈਨਡੇਟਾ ਕਰਨਾ ਸੀ? ਕਈ ਗੱਲਾਂ ਮੈਂ ਤੁਹਾਨੂੰ ਦੱਸੀਆਂ ਹਨ। ਜੇ ਵੈਨਡੇਟਾ ਕਰਨਾ ਹੁੰਦਾ ਤਾਂ ਤੁਹਾਡੇ ਕਿਸੇ ਨਾਲ ਕਰਦੇ। ਤੁਹਾਡਾ ਸਤਿਕਾਰ ਇਧਰ (ਟਰੈਜ਼ਰੀ ਬੈਂਚਾਂ) ਨਾਲੋਂ ਵੀ ਵੱਧ ਕਰਦੇ ਹਾਂ। ਕੋਈ ਇੱਕ ਵੀ ਮੈਨੂੰ ਦੱਸੋ ਕਿ ਤੁਹਾਡੇ ਨਾਲ ਕੋਈ ਵੈਨਡੇਟਾ ਹੋਇਆ ਹੈ।......(ਸ਼ੋਰ)....(ਵਿਘਨ) ਕਾਕਾ, ਇੱਕ ਮਿੰਟ ਮੈਨੂੰ ਬੋਲ ਲੈਣ ਦਿਉ। ਫਿਰ ਭਾਵੇਂ ਤੁਸੀਂ ਘੰਟਾ ਬੋਲੀ ਜਾਇਓ, ਮੈਨੂੰ ਕੀ ਇਤਰਾਜ਼ ਹੈ। ਹੁਣ ਇਹ ਸਿੱਕੇ ਦਾ ਦੂਜਾ ਪਾਸਾ ਹੈ। ਹੁਣ ਜੇ ਕਾਂਗਰਸ ਵਾਲੇ ਆਖਣਗੇ ਕਿ ਸਾਡੇ ਉੱਤੇ ਵੈਨਡੇਟਾ ਹੋਇਆ ਹੈ, ਮੈਂ ਸਾਰੀ ਤਸਵੀਰ ਤੁਹਾਡੇ ਸਾਹਮਣੇ ਰੱਖ ਦਿੱਤੀ ਹੈ। ਹੁਣ ਜਿਹੜਾ ਕੁਝ ਸਾਡੇ ਨਾਲ ਹੋਇਆ ਹੈ, ਉਹ ਤੁਹਾਨੂੰ ਚੌਧਰੀ ਸਾਹਿਬ, ਪਤਾ ਹੈ ਜਾਂ ਨਹੀਂ! .....(ਸ਼ੋਰ)... (ਵਿਘਨ)...... ਨਹੀਂ ਨਹੀਂ, ਮੇਰੀ ਗੱਲ ਤਾਂ ਸੁਣੋ। ਮੈਂ ਅਜੇ ਇੱਥੇ 10-20 ਸਾਲ ਬੈਠਣਾ ਹੈ। (ਹਾਸਾ--ਥੰਪਿੰਗ) ਮੈਂ ਆਪਣਿਆਂ ਨੂੰ ਵੀ ਆਖਦਾ ਹਾਂ ਕਿ ਜਿਹੜਾ ਵੀ ਕੋਈ ਵੈਨਡੇਟਾ ਕਰੇਗਾ, ਤਾਂ ਤੁਸੀਂ ਅਗਲੀ ਵਾਰ ਐਮ.ਐਲ.ਏ. ਨਹੀਂ ਬਣ ਸਕੋਗੇ। ਮੈਂ ਪਹਿਲਾਂ ਹੀ ਇਨ੍ਹਾਂ ਨੂੰ ਆਖਦਾ ਹਾਂ ਕਿ ਸਾਨੂੰ ਪ੍ਰਮਾਤਮਾ ਨੇ ਦੁਬਾਰਾ ਮਾਣ ਦਿੱਤਾ ਹੈ ਤਾਂ ਇਹ ਹੈ ਕਿ ਜਿਹੜਾ ਗਲਤ ਕੰਮ ਕਰੇਗਾ, ਦੇਖੋ, ਸਿਆਸਤ ਵਿੱਚ ਅਗਰ ਬੰਦਾ ਇੱਕ ਗਲਤੀ ਕਰ ਜਾਵੇ ਤਾਂ ਉਹ ਅਰਸ਼ ਤੋਂ ਫਰਸ਼ ਤੇ ਡਿੱਗ ਜਾਂਦਾ

Original with;
Punjab Vidhan Sabha
Digitized by;
Panjab Digital Library

ਹੈ। ਸਾਡੀ ਜਨਤਾ ਪਾਰਟੀ ਬਣੀ। ਬਹੁਤ ਮਜ਼ਬੂਤ ਸਰਕਾਰ ਹਿੰਦੁਸਤਾਨ ਵਿੱਚ ਬਣੀ। ਮੈਂ ਵੀ ਉਸ ਸਰਕਾਰ ਵਿੱਚ ਮੰਤਰੀ ਸੀ। ਉਹ ਇੱਕ ਗਲਤੀ ਕਰ ਗਈ ਕਿ ਇੰਦਰਾ ਗਾਂਧੀ ਨੂੰ ਫੜ੍ਹ ਲਿਆ। ਕਿੰਨੀ ਵੱਡੀ ਗਲਤੀ ਕੀਤੀ। ਫਿਰ ਲੋਕਾਂ ਨੇ ਉਸ ਨੂੰ ਹਰਾ ਦਿੱਤਾ। ਮੈਂ ਤਾਂ ਕਹਿੰਦਾ ਹਾਂ ਕਿ

ਭੈ ਕਾਹੂ ਕੋ ਦੇਤਿ ਨਹਿ, ਨਹਿ ਭੈ ਮਾਨਤ ਆਨ॥

ਮੈਂ ਪੰਜ ਵਾਰ ਮੁੱਖ ਮੰਤਰੀ ਬਣਿਆ ਹਾਂ। ਕੋਈ ਇੱਕ ਵਾਰ ਦੱਸ ਦੇਵੇ ਜੇ ਕਿਸੇ ਕਾਂਗਰਸੀ ਦੇ ਖਿਲਾਫ ਵੈਨਡੇਟਾ ਹੋਇਆ ਹੋਵੇ। ਸਾਡਾ ਤਾਂ ਬੜਾ ਗਹਿਰਾ ਤਾਅਲੁੱਕ ਹੈ। ਮੇਰੀ ਸਾਰੀ ਸਿਆਸੀ ਲੜਾਈ ਬਰਾੜ ਪਰਿਵਾਰ ਨਾਲ ਹੀ ਚਲਦੀ ਰਹੀ ਹੈ। ਮੈਂ ਇੱਥੋਂ ਤੱਕ ਕਹਿੰਦਾ ਹਾਂ ਕਿ ਇਨ੍ਹਾਂ ਨੇ ਕਦੇ ਮੇਰੇ ਪ੍ਰਤੀ ਮਾੜਾ ਲਫਜ਼ ਵੀ ਨਹੀਂ ਵਰਤਿਆ। ਨਾ ਸਰਦਾਰ ਹਰਚਰਨ ਸਿੰਘ ਬਰਾੜ ਨੇ, ਨਾ ਉਨ੍ਹਾਂ ਦੇ ਸਪੁੱਤਰ ਨੇ ਅਤੇ ਨਾ ਹੀ ਕਦੀ ਜਗਮੀਤ ਸਿੰਘ ਬਰਾੜ ਨੇ। ਉਹ ਵੀ ਮੇਰੇ ਨਾਲ ਇਲੈਕਸ਼ਨ ਲੜਦੇ ਰਹੇ ਹਨ। ਉਨ੍ਹਾਂ ਨੇ ਕਦੀ ਮੇਰੇ ਖਿਲਾਫ ਕੋਈ ਮਾੜੇ ਲਫਜ਼ ਨਹੀਂ ਵਰਤੇ। ਚੌਧਰੀ ਸਾਹਿਬ, ਤੁਸੀਂ ਤਾਂ ਗੁਆਂਢੀ ਹੋ। ਮੈਂ ਪੰਜ ਵਾਰੀ ਮੁੱਖ ਮੰਤਰੀ ਬਣਿਆ ਹਾਂ, ਕੋਈ ਇੱਕ ਮਿਸਾਲ ਦੇ ਦਿਉ। (ਇਸ ਸਮੇਂ ਸ਼੍ਰੀ ਜਗਮੋਹਨ ਸਿੰਘ ਕੰਗ ਬੋਲਣ ਲਈ ਖੜ੍ਹੇ ਹੋਏ।) ਕੰਗ ਜੀ, ਤੁਹਾਡੇ ਨਾਲ ਤਾਂ ਮੈਂ ਕਦੇ ਕੁਝ ਕੀਤਾ ਹੀ ਨਹੀਂ। ਤੁਹਾਡੇ ਨਾਲ ਕੀ ਕਰਨਾ ਸੀ, ਤੁਸੀਂ ਕਿੱਥੇ ਅਤੇ ਮੈਂ ਕਿੱਥੇ (ਹਾਸਾ)....(ਸ਼ੋਰ)...(ਵਿਘਨ).... (ਇਸ ਸਮੇਂ ਸ਼੍ਰੀਮਤੀ ਕਰਨ ਕੌਰ ਬਰਾੜ ਬੋਲਣ ਲਈ ਖੜ੍ਹੇ ਹੋਏ) ਭੈਣ ਜੀ ਦਾ ਤਾਂ ਮੈਂ ਸਤਿਕਾਰ ਕਰਦਾ ਹਾਂ।

**ਸ਼੍ਰੀਮਤੀ ਕਰਨ ਕੌਰ ਬਰਾੜ:** ਸਪੀਕਰ ਸਾਹਿਬ, ਮੈਂ ਇੱਥੇ ਇੱਕ ਗੱਲ ਦਾ ਜ਼ਰੂਰ ਜ਼ਿਕਰ ਕਰਨਾ ਹੈ ਜੀ, ਬਾਦਲ ਸਾਹਿਬ ਦੇ ਨਾਲ ਸਾਡਾ ਕਦੇ ਕੋਈ ਗਿਲਾ ਹੋ ਹੀ ਨਹੀਂ ਸਕਦਾ ਕਿਉਂਕਿ ਸਾਡੇ ਨਾਲ ਇਹ ਹਮੇਸ਼ਾ ਚੰਗੇ ਪੇਸ਼ ਆਏ ਹਨ (ਥੰਪਿੰਗ), ਮਗਰ ਇਨ੍ਹਾਂ ਦੇ ਨੀਚੇ ਜਿਹੜੇ ਇਨ੍ਹਾਂ ਦੇ ਅਕਾਲੀ ਹਨ, ਉਨ੍ਹਾਂ ਦੀ ਮੈਂ ਜ਼ਰੂਰ ਸ਼ਿਕਾਇਤ ਲਗਾਵਾਂਗੀ। ਪਿਛਲੀ ਸਾਡੀ ਇਲੈਕਸ਼ਨ ਬਰੀਵਾਲਾ ਮੰਡੀ ਦੇ ਵਿੱਚ ਹੋਈ ਸੀ। ਅਕਾਲੀ ਆਗੂ ਦੇ ਮੁੰਡੇ ਨੇ ਨਾਮੀਨੇਸ਼ਨ ਪੇਪਰ ਫੜ੍ਹ ਕੇ ਪਾੜੇ ਸੀ। (ਇੱਕ ਅਵਾਜ਼: ਤੁਸੀਂ ਸੀ.ਡੀ. ਵੀ ਦਿੱਤੀ ਸੀ) ਸੀ.ਡੀ. ਤਾਂ ਬਾਅਦ ਵਿੱਚ ਦਿੱਤੀ ਸੀ, ਮੈਂ ਸੁਖਬੀਰ ਬਾਦਲ ਜੀ ਨੂੰ ਆਪ ਜਾ ਕੇ ਸ਼ਿਕਾਇਤ ਲਾਈ ਪਰ ਉਸ ਤੇ ਅੱਜ ਤੱਕ ਕੋਈ ਐਕਸ਼ਨ ਨਹੀਂ ਹੋਇਆ। ਤੁਹਾਡੇ ਨਾਲ ਤਾਂ ਕੋਈ ਗਿਲਾ ਹੋ ਹੀ ਨਹੀਂ ਸਕਦਾ ਕਿਉਂਕਿ ਤੁਸੀਂ ਸਾਡੇ ਨਾਲ ਤਾਂ ਗੱਲ ਕਰਦੇ ਹੀ ਨਹੀਂ ਪਰ ਨਿਚਲੇ ਕਰਦੇ ਹਨ, ਉਨ੍ਹਾਂ ਨੂੰ ਤੁਸੀਂ ਜ਼ਰੂਰ ਖਿਚੋ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ:** ਦੇਖੋ, ਕਦੇ ਹੀ ਮੌਕਾ ਮਿਲਦਾ ਹੈ ਅਤੇ ਪੁਰਾਣੀਆਂ ਗੱਲਾਂ ਯਾਦ ਆ ਜਾਂਦੀਆਂ ਹਨ। ਮੈਂ ਤਾਂ ਕਦੇ ਕਿਸੇ ਸਿਆਸੀ ਬੰਦੇ ਦੇ ਖਿਲਾਫ ਤਾਂ ਕੀ ਕਰਨਾ ਮੈਂ ਤਾਂ ਕਿਸੇ ਅਫ਼ਸਰ ਦੇ ਖਿਲਾਫ, ਜਿਸ ਨੇ ਬਹੁਤ ਵੱਡਾ ਨੁਕਸਾਨ ਮੇਰਾ ਕੀਤਾ, ਮੈਂ ਉਸਦਾ ਨੁਕਸਾਨ ਤਾਂ ਕੀ ਕਰਨਾ ਸੀ, ਬਲਕਿ ਫਾਇਦਾ ਕੀਤਾ। ਮੈਂ ਉਸਦੀ ਮਿਸਾਲ ਦਿੰਦਾ ਹਾਂ। ਮੇਰੀ ਅਤੇ ਬਰਾੜ ਸਾਹਿਬ ਦੀ ਇਲੈਕਸ਼ਨ ਸੀ, ਬੜੀ ਪੁਰਾਣੀ ਗੱਲ ਹੈ, 1962 ਜਾਂ 1967 ਦੀ ਗੱਲ ਹੈ। ਹਾਊਸ ਵਿੱਚ ਬੀਬੀ ਜੀ ਮਾਈਂਡ ਨਾ ਕਰਨਾ, ਮੈਨੂੰ ਜ਼ਬਰਦਸਤੀ 35 ਵੋਟਾਂ ਤੇ ਹਰਾ ਦਿੱਤਾ। ਜਿਹੜਾ ਐਸ.ਡੀ.ਓ. ਰਿਟਰਨਿੰਗ ਅਫ਼ਸਰ ਸੀ, ਉਦੋਂ ਵਿਰਕ ਸਾਹਿਬ ਸਾਡੇ ਡੀ.ਸੀ. ਸੀ, ਮੈਂ ਉਸ ਗੱਲ ਵਿੱਚ ਨਹੀਂ ਜਾਣਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਅਫਸਰ ਨੇ 35 ਵੋਟਾਂ ਘਟਾ ਕੇ ਉਨ੍ਹਾਂ ਨੂੰ ਡਿਕਲੇਅਰ ਕਰ ਦਿੱਤਾ ਅਤੇ ਮੈਨੂੰ ਹਾਰਿਆ ਹੋਇਆ ਡਿਕਲੇਅਰ ਕਰ ਦਿੱਤਾ। ਦੋ ਸਾਲ ਬਾਅਦ ਮੈਂ ਮੁੱਖ ਮੰਤਰੀ ਬਣਿਆ, ਉਹ ਅੱਜ ਵੀ ਬੰਦਾ ਜਿਉਂਦਾ ਹੈ, ਉਸ ਦਾ ਲੜਕਾ ਅੱਜ ਆਈ.ਜੀ. ਹੈ, ਉਸਦਾ ਨਾਮ ਸਹੋਤਾ ਹੈ। ਮੈਂ 2 ਸਾਲ ਬਾਅਦ ਮੁੱਖ ਮੰਤਰੀ ਬਣ ਗਿਆ ਅਤੇ ਜਦੋਂ ਮੈਂ ਕਪੂਰਥਲਾ ਵਿਖੇ ਸੀ, ਜਦੋਂ ਸਾਰੇ ਅਫ਼ਸਰ ਚਲੇ ਗਏ ਤਾਂ ਉਹ ਇਕੱਲਾ ਮੇਰੇ ਸਾਹਮਣੇ ਹੱਥ ਬੰਨੇ। ਮੈਂ ਕਿਹਾ ਕਿ ਤੁਸੀਂ ਅਫ਼ਸਰ ਹੋ, ਹੱਥ ਨਹੀਂ ਬੰਨੀਦੇ, ਤੁਸੀਂ ਆਪਣਾ ਸਟੇਟਸ ਰੱਖੋ। ਉਹ ਕਹਿਣ ਲੱਗਿਆ ਕਿ ਮੈਨੂੰ ਬਖਸ਼ ਦਿਓ, ਮੈਂ ਕਿਹਾ ਕਿ ਕਾਕਾ ਤੈਨੂੰ ਕਾਹਦਾ ਬਖਸ਼ਣਾ। ਉਹ ਕਹਿਣ ਲੱਗਿਆ ਕਿ ਮੇਰੇ ਕੋਲੋਂ ਗਲਤੀ ਹੋ ਗਈ। ਮੈਂ ਕਿਹਾ ਕਿ ਗੱਲ ਸੁਣ ਗਲਤੀ ਤੈਥੋਂ ਹੋ ਗਈ ਪਰ ਤੈਨੂੰ ਕੋਈ ਫਾਇਦਾ ਹੋਇਆ ਤਾਂ ਕਹਿਣ ਲੱਗਿਆ ਕਿ ਮੈਨੂੰ ਤਾਂ ਕੋਈ ਫਾਇਦਾ ਨਹੀਂ ਹੋਇਆ। ਮੈਂ ਕਿਹਾ ਕਿ ਮੈਂ ਗਲਤੀ ਕਰਾਂਗਾ ਤਾਂ ਮੈਨੂੰ ਕੀ ਫਾਇਦਾ ਹੋਵੇਗਾ। (ਥੰਪਿੰਗ) ਪਰ ਜਿੰਨਾ ਚਿਰ ਮੈਂ ਮੁੱਖ ਮੰਤਰੀ ਹਾਂ, ਤੇਰੇ ਦਿਮਾਗ ਵਿੱਚ ਇਹ ਰਹੇਗਾ ਕਿ ਮੁੱਖ ਮੰਤਰੀ ਮੇਰੇ ਖਿਲਾਫ ਹੈ ਅਤੇ ਤੈਨੂੰ ਨੀਂਦ ਨਹੀਂ ਆਉਣੀ ਪਰ ਮੈਂ ਚਾਹੁੰਦਾ ਹਾਂ ਕਿ ਤੂੰ ਨੌਕਰੀ ਚੰਗੀ ਤਰ੍ਹਾਂ ਕਰ। ਮੈਂ ਉਸਨੂੰ ਕਿਹਾ ਕਿ ਤੂੰ ਮੈਨੂੰ ਅੱਜ ਹੀ ਦੱਸ ਕਿ ਪੰਜਾਬ ਵਿੱਚ ਸਭ ਤੋਂ ਚੰਗੀ ਪੋਸਟਿੰਗ ਕਿਹੜੀ ਹੈ, ਉਹ ਮੈਂ ਤੈਨੂੰ ਦੇ ਦਿੰਦਾ ਹਾਂ (ਥੰਪਿੰਗ) ਉਹ ਮੈਨੂੰ ਕਹਿੰਦਾ ਕਿ ਫਲਾਣੀ ਦੇ ਦਿਓ, ਤੁਸੀਂ ਉਸਨੂੰ ਜਾ ਕੇ ਪੁੱਛ ਲੈਣਾ। ਉਸਦੇ ਲੜਕੇ ਨੂੰ ਪੁੱਛ ਲੈਣਾ। ਉਸਨੂੰ ਅਗਲੇ ਦਿਨ ਹੀ ਉਹ ਪੋਸਟਿੰਗ ਦੇ ਦਿੱਤੀ। ਨਰੰਜਨ ਸਿੰਘ ਸਹੋਤਾ ਉਸਦਾ ਨਾਂ ਹੈ, ਮੈਂ ਆਪ ਉਸਨੂੰ ਜਲੰਧਰ ਵਿੱਚ ਮਿਲਦਾ ਰਹਿੰਦਾ ਹਾਂ। ਸਾਡੇ ਤਾਂ ਅਕਾਲੀਆਂ ਅਤੇ ਕਾਂਗਰਸੀਆਂ ਦਾ ਆਪਸ ਵਿੱਚ ਇੰਨਾ ਪਿਆਰ ਸੀ, ਇਹ ਤਾਂ ਹੁਣੇ ਹੀ ਥੋੜ੍ਹਾ ਰਿਵਾਜ ਹੋ ਗਿਆ। ਦੇਖੋ, ਮੈਂ ਉਹ ਗੱਲ ਹਾਊਸ ਵਿੱਚ ਨਹੀਂ ਸੀ ਕਰਨਾ ਚਾਹੁੰਦਾ ਲੇਕਿਨ ਜਿਹੜੀ ਗੱਲ ਮਨ ਵਿੱਚ ਅਮੋਸ਼ਨਲੀ ਆ ਗਈ, ਉਹ ਕਰਨੀ ਪੈਂਦੀ ਹੈ। ਜਨਤਾ ਪਾਰਟੀ ਦੀ ਹਕੂਮਤ ਬਣ ਗਈ, ਮੈਂ ਉਸਦੇ ਵਿੱਚ ਮਨਿਸਟਰ ਬਣ

Original with;
Punjab Vidhan Sabha
Digitized by;
Panjab Digital Library

ਗਿਆ ਅਤੇ ਬਰਾੜ ਸਾਹਿਬ ਉਸ ਵੇਲੇ ਉੜੀਸਾ ਵਿਖੇ ਗਵਰਨਰ ਸਨ, ਮੇਰੇ ਕੋਲ ਆਏ। ਹਾਲਾਂ ਕਿ ਅਸੀਂ ਆਪਸ ਵਿੱਚ ਸਿਆਸੀ ਲੜਾਈਆਂ ਲੜਦੇ ਸੀ ਅਤੇ ਕੋਈ ਸਿਆਸੀ ਬੰਦਾ ਇਸ ਤਰ੍ਹਾਂ ਦੀ ਗੱਲ ਨਹੀਂ ਕਰਦਾ। ਉਹ ਮੈਨੂੰ ਕਹਿਣ ਲੱਗੇ ਕਿ ਬਾਦਲ ਸਾਹਿਬ, ਉੜੀਸਾ ਵਿੱਚ ਤਾਂ ਉੱਥੇ ਜੇਲ੍ਹਖਾਨਾ ਹੀ ਹੈ। ਮੈਂ ਤਾਂ ਉੱਥੇ ਫਸ ਗਿਆ ਅਤੇ ਹਰਿਆਣੇ ਦੀ ਗਵਰਨਰੀ ਖਾਲੀ ਹੋਈ ਸੀ। ਇਹ ਤਾਂ ਫੈਕਟ ਹੈ, ਜਿਹੜਾ ਫੈਕਟ ਹੈ, ਉਹ ਤਾਂ ਤੁਸੀਂ ਵੈਰੀਫਾਈ ਕਰ ਸਕਦੇ ਹੋ। ਕਹਿੰਦੇ ਜੇ ਤੁਸੀਂ ਮੁਰਾਰ ਜੀ ਡਿਸਾਈ ਨੂੰ ਆਖ ਦੇਵੋ ਤਾਂ ਮੈਨੂੰ ਹਰਿਆਣੇ ਦਾ ਗਵਰਨਰ ਲਗਾ ਦੇਣ। ਮੈਂ ਕਿਹਾ ਬਰਾੜ ਸਾਹਿਬ ਤੁਹਾਡਾ ਹੁਕਮ ਚਾਹੀਦਾ ਹੈ। ਮੈਂ ਡਿਸਾਈ ਸਾਹਿਬ ਨੂੰ ਕਹਿ ਦਿੰਦਾ ਹਾਂ। ਮੈਂ ਪੁੱਛਣਾ ਤਾਂ ਕੀ ਸੀ, ਮੈਂ ਕਿਸੇ ਇੱਕ ਦੋ ਬੰਦਿਆਂ ਨਾਲ ਰਾਏ ਕੀਤੀ ਕਿ ਬਰਾੜ ਸਾਹਿਬ ਨੇ ਮੈਨੂੰ ਇਹ ਆਖਿਆ ਹੈ ਅਤੇ ਮੈਂ ਡਿਸਾਈ ਸਾਹਿਬ ਨੂੰ ਕਹਿ ਦੇਵਾਂ, ਤਾਂ ਉਹ ਕਹਿਣ ਲੱਗੇ ਕਿ ਬਿਲਕੁਲ ਨਾ ਆਖੀਂ। ਮੈਂ ਕਿਹਾ ਕਿ ਕਿਉਂ ਤਾਂ ਉਹ ਕਹਿੰਦੇ ਕਿ ਇੱਥੇ ਗਵਰਨਰ ਆਫਸ ਕਾਂਗਰਸ ਦਾ ਦਫਤਰ ਬਣ ਜਾਵੇਗਾ। ਬੰਦੇ ਆਇਆ ਕਰਨਗੇ ਕਾਂਗਰਸ ਦੇ। ਮੈਨੂੰ ਬਰਾੜ ਸਾਹਿਬ ਨੇ ਆਖਿਆ, ਮੈਂ ਮੁਰਾਰਜੀ ਡਿਸਾਈ ਨੂੰ ਕਿਹਾ ਕਿ ਡਿਸਾਈ ਸਾਹਿਬ, ਬਰਾੜ ਸਾਹਿਬ ਨੂੰ ਸਾਡੇ ਹਰਿਆਣੇ ਦਾ ਗਵਰਨਰ ਚੰਡੀਗੜ੍ਹ ਵਿਖੇ ਲਗਾ ਦਿਓ ਤਾਂ ਉਹ ਕਹਿਣ ਲੱਗੇ ਕਿ ਬਾਦਲ ਤੂੰ ਗਲਤੀ ਕਰ ਰਿਹਾ ਹੈ। ਮੈਂ ਉਨ੍ਹਾਂ ਨੂੰ ਆਖ ਦਿੱਤਾ ਕਿ ਤੁਸੀਂ ਲਗਾਓ। ਉਨ੍ਹਾਂ ਲਗਾ ਦਿੱਤਾ। ਜੇ ਉਹ ਨਹੀਂ ਲੱਗੇ ਤੁਸੀਂ ਦੱਸੋ, ਫਿਰ ਮੈਨੂੰ ਫੜ੍ਹ ਲਓ। ਨਾ ਅਸੀਂ ਜ਼ਿੰਦਗੀ ਵਿੱਚ ਪੁਲਿਟੀਕਲ ਵੈਂਡੇਟਾ ਕੀਤਾ ਅਤੇ ਨਾ ਕਦੇ ਅਫ਼ਸਰਾਂ ਨਾਲ ਵੈਨਡੇਟਾ ਕੀਤਾ ਹੈ। ਚੌਧਰੀ ਸਾਹਿਬ, ਹੁਣ ਤਾਂ ਤੁਸੀਂ ਬੜਾ ਕਿਹਾ। ਤੁਹਾਨੂੰ ਉਦੋਂ ਤਰਸ ਨਹੀਂ ਆਇਆ ਜਦੋਂ ਸਾਡੇ ਨਾਲ ਵੈਨਡੇਟਾ ਹੁੰਦਾ ਸੀ, ਕੀ ਤੁਹਾਡੀ ਉਦੋਂ ਆਵਾਜ਼ ਬੰਦ ਹੋ ਗਈ ਸੀ? ਤੁਸੀਂ ਇੰਨੇ ਚੰਗੇ ਬੰਦੇ, ਤੁਹਾਡੇ ਪਰਿਵਾਰ ਨਾਲ, ਤੁਹਾਡੇ ਪਿਤਾ ਜੀ ਨਾਲ ਬਰਾੜਾਂ ਵਾਂਗ ਤਾਅਲੁੱਕ ਰਿਹਾ ਹੈ।

ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਸੀ ਤੇ ਤੁਹਾਡੀ ਕੁਰਸੀ ਤੇ ਬੈਠਾ ਸੀ। ਕਿਸੇ ਕਾਂਗਰਸੀ ਨੇ ਹਾਅ ਦਾ ਨਾਅਰਾ ਮਾਰਿਆ? ਇਹ ਵੀ ਦੱਸਦਾ ਹਾਂ ਕਿ ਅਸੀਂ ਆਪਣੇ ਪਿੰਡੇ ਤੇ ਸਹਾਰਨ ਵਾਲੇ ਹਾਂ। ਤੁਹਾਡੇ ਵਾਂਗੂੰ ਨਹੀਂ, ਗਵਰਨਰ ਸਾਹਿਬ ਕੋਲ ਭੱਜ ਜਾਓ ਕਿ ਸਾਡੇ ਨਾਲ ਜ਼ੁਲਮ ਹੋਇਆ ਹੈ। ਪ੍ਰਾਈਮ ਮਨਿਸਟਰ ਸਾਹਿਬ ਕੋਲ ਭੱਜ ਜਾਓ ਕਿ ਸਾਡੇ ਨਾਲ ਜ਼ੁਲਮ ਹੋ ਰਿਹਾ ਹੈ। ਹੋਰ ਮਨਿਸਟਰ ਸਾਹਿਬ ਕੋਲ ਭੱਜ ਜਾਓ ਕਿ ਸਾਡੇ ਨਾਲ ਜ਼ੁਲਮ ਹੋ ਰਿਹਾ ਹੈ। ਮੇਰਾ ਜੀਅ ਕਰਦਾ ਸੀ ਕਿ ਸਾਰੇ ਕੇਸ ਜਿਹੜੇ ਮੈਂ ਭੇਜੇ ਹਨ, ਗਵਰਨਰ ਸਾਹਿਬ ਨੂੰ ਵੀ ਭੇਜਾਂ, ਪ੍ਰਾਈਮ ਮਨਿਸਟਰ ਸਾਹਿਬ ਨੂੰ ਵੀ ਭੇਜਾਂ ਕਿ ਤੁਹਾਡੇ ਕਾਂਗਰਸੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਜਿਹੜਾ ਇਹ ਕਹਿੰਦੇ ਹਨ ਕਿ ਵੈਨਡੇਟਾ, ਵੈਨਡੇਟਾ , ਕਿਹੜਾ ਵੈਨਡੇਟਾ ਜੀ? ਸਾਡੇ ਨਾਲ ਵੈਨਡੇਟਾ ਹੋਇਆ ਹੈ। ਤੁਸੀਂ ਉਲਟਾ ਕਹਿੰਦੇ ਹੋ ਕਿ ਸਾਡੇ ਨਾਲ ਵੈਨਡੇਟਾ ਹੋਇਆ ਹੈ। ਸਰਦਾਰ ਅਮਰਿੰਦਰ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਜ਼ਾ ਕੁਦਰਤ ਦਿੰਦੀ ਹੈ। ਜਿਹੜਾ ਵੀ ਕੋਈ ਮਾੜੀ ਗੱਲ ਕਰੇਗਾ, ਕੁਦਰਤ ਉਸ ਨੂੰ ਸਜ਼ਾ ਦੇਵੇਗੀ। ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਲੇਕਿਨ ਸਾਡੇ ਨਾਲ ਜੋ ਵਾਪਰੀ ਹੈ, ਬੰਦੇ ਨਾਲ ਤਾਂ ਬੰਦੇ, ਬੀਬੀਆਂ ਬੈਠੀਆਂ ਹਨ, ਮੇਰੀ ਘਰਵਾਲੀ ਤੇ ਪਰਚਾ ਦਰਜ ਹੋਇਆ। ਸਰਦਾਰ ਅਜੀਤ ਸਿੰਘ ਕੁਹਾੜ ਚਲੇ ਗਏ। ਉਨ੍ਹਾਂ ਨੇ ਪੀ.ਜੀ.ਆਈ. ਜਾਣਾ ਸੀ। ਇਕੱਲੇ ਕੁਹਾੜ ਸਾਹਿਬ ਤੇ ਨਹੀਂ ਉਨ੍ਹਾਂ ਦੀ ਨੂੰਹ ਤੇ, ਉਨ੍ਹਾਂ ਦੀ ਨੂੰਹ ਦੀ ਮਦਰ ਅਤੇ ਗਰਾਂਡ ਮਦਰ ਤੇ ਫਿਰ ਗਰਾਂਡ ਮਦਰ ਦੇ ਭਰਾਵਾਂ ਤੇ, ਅਗਾਂਹ ਉਨ੍ਹਾਂ ਦੀਆਂ ਨੂੰਹਾਂ। ਤਿੰਨ ਤਿੰਨ ਪੁਸ਼ਤਾਂ ਤੇ ਕੇਸ ਦਰਜ ਕੀਤਾ। ਕੁਹਾੜ ਸਾਹਿਬ ਤੇ ਕਰ ਦਿੰਦੇ, ਕਤਲ ਦੇ ਮੁਕੱਦਮੇ ਬਣਾ ਦਿੰਦੇ ਪਰ ਇਹ ਕੋਈ ਜ਼ਹਿਨੀਅਤ ਨਹੀਂ ਕਿ ਅੱਜ ਤੁਸੀਂ ਰੌਲਾ ਪਾਉਂਦੇ ਹੋ ਕਿ ਸਾਡੇ ਨਾਲ ਵੈਨਡੇਟਾ ਹੋ ਰਿਹਾ ਹੈ। ਕਿੱਥੇ ਆਹ ਕੇਸ ਤੇ ਕਿੱਥੇ ਤੁਹਾਡੇ ਵਾਲੇ ਕੇਸ। ਜਗਦੀਸ਼ ਸਿੰਘ ਗਰਚਾ ਹੈ। ਤਿੰਨ ਭਰਾ ਹਨ, ਤਿੰਨਾਂ ਤੇ ਹੀ ਕੇਸ। ਤਿੰਨਾਂ ਦੀਆਂ ਘਰਵਾਲੀਆਂ ਤੇ ਵੀ, ਸੋਢੀ ਸਾਹਿਬ, ਕੇਸ ਕਰ ਦਿੱਤੇ। ਘਰਵਾਲੀਆਂ ਕਿੱਥੇ ਇੰਟਰਸਟ ਲੈਂਦੀਆਂ ਹਨ, ਪਾਲੇਟਿਕਸ ਵਿੱਚ। ਉਨ੍ਹਾਂ ਤੇ ਵੀ ਕੇਸ। ਸਰਦਾਰ ਨਿਰਮਲ ਸਿੰਘ ਕਾਹਲੋਂ, ਸਪੀਕਰ ਸਾਹਿਬ, ਤੁਹਾਡੀ ਕੁਰਸੀ ਤੇ ਬੈਠਦੇ ਹਨ, ਉਨ੍ਹਾਂ ਦੇ ਅਤੇ ਉਨ੍ਹਾਂ ਦੀ ਡਾਟਰ-ਇਨ-ਲਾਅ ਤੇ ਵੀ ਕੇਸ ਕਰ ਦਿੱਤਾ। ਬੱਚੇ ਤੇ ਪਾ ਦਿੰਦੇ ਪਰ ਨੂੰਹ ਤੇ ਵੀ ਕੇਸ ਪਾ ਦਿੱਤਾ। ਭੂੰਦੜ ਸਾਹਿਬ ਵੀ ਅੰਦਰ। ਸੇਖਵਾਂ ਸਾਹਿਬ ਤੇ ਵੀ ਕੇਸ। ਰਤਨ ਸਿੰਘ ਅਜਨਾਲਾ ਤੇ ਵੀ ਕੇਸ। ਜਗਦੀਪ ਸਿੰਘ ਨਕਈ ਤੇ ਵੀ ਕੇਸ। ਸੋਹਣ ਸਿੰਘ ਠੰਡਲ ਤੇ ਵੀ ਕੇਸ। ਤੋਤਾ ਸਿੰਘ ਤੇ ਵੀ ਕੇਸ। ਸੁੱਚਾ ਸਿੰਘ ਲੰਗਾਹ ਤੇ ਵੀ ਕੇਸ। ਜਿੰਨਾ ਬੋਰਡ ਸੁਬਾਰਡੀਨੇਟ ਸਿਲੈਕਸ਼ਨ ਬੋਰਡ, ਸਾਰਾ ਅੰਦਰ। ਚੇਅਰਮੈਨ ਵੀ ਅੰਦਰ। ਮੈਂਬਰ ਵੀ ਅੰਦਰ। ਸੈਕਟਰੀ ਵੀ ਅੰਦਰ। ਹਵਾਲਾਤਾਂ ਵਿੱਚ ਦੇ ਦਿੱਤੇ। ਆਹ ਵਿਰਸਾ ਸਿੰਘ ਜੀ ਬੈਠੇ ਹਨ, ਇਨ੍ਹਾਂ ਤੇ ਵੀ ਕੇਸ। ਇਹ ਵੀ ਅੰਦਰ। ਇੱਥੋਂ ਤੱਕ ਡਿਕਟੇਟਰਸ਼ਿਪ ਜੋ ਬਾਹਰਲੇ ਮੁਲਕਾਂ ਵਿੱਚ ਸੁਣਦੇ ਸੀ, ਇੱਥੇ ਦੇਖੀ। ਜੋ ਥੋੜ੍ਹੀ ਜਿਹੀ ਵੀ ਅਵਾਜ਼ ਉਠਾਉਂਦਾ ਸੀ, ਉਹ ਅੰਦਰ। ਇੱਕ ਵਕੀਲ ਸੀ ਤੇ ਡੀ.ਐਸ.ਪੀ. ਦੀ ਜੋ ਭਰਤੀ ਹੋਈ ਸੀ, ਚਾਹਲ ਸਾਹਿਬ ਦਾ ਲੜਕਾ ਤੇ ਹੋਰ ਕਾਂਗਰਸੀਆਂ ਦੇ ਲੜਕੇ ਡੀ.ਐਸ.ਪੀ. ਸਿੱਧੇ ਭਰਤੀ ਕਰ ਲਏ ਸਨ, ਉਸ ਨੇ ਰਿੱਟ ਕਰ ਦਿੱਤੀ ਕਿ ਇਹ ਗਲਤ ਹੋਈ ਹੈ। ਉਸ ਦੇ ਬਾਪ ਅਤੇ ਪਰਿਵਾਰ ਨੂੰ ਫੜ੍ਹ ਕੇ ਟਾਰਚਰ ਕੀਤਾ ਗਿਆ। ਬੀਬੀ ਜੀ, ਸ਼ਾਇਦ ਤੁਸੀਂ ਜਾਣਦੇ ਹੋ, ਉਹ ਮੁਕਤਸਰ ਦਾ ਸੀ। ਖੇਤਾ ਸਿੰਘ, ਨੰਬਰਦਾਰ,

Original with;
Punjab Vidhan Sabha
Digitized by;
Panjab Digital Library

ਪਿੰਡ ਭਾਗਸਰ, ਉਸ ਤੇ ਵੀ ਕੇਸ। ਸਪੀਕਰ ਸਾਹਿਬ, ਸਭ ਤੋਂ ਵੱਧ ਦੁੱਖ ਹੁੰਦਾ ਹੈ, ਮਾੜੀ ਭਾਸ਼ਾ। ਸਪੀਕਰ ਸਾਹਿਬ, ਜੇਲ੍ਹ ਤਾਂ ਚਲੋ ਬੰਦਾ ਜਾਂਦਾ ਹੈ, ਜਿੰਨੀ ਮਾੜੀ ਭਾਸ਼ਾ ਵਰਤੀ ਗਈ ਹੈ ਕਿ ਅੰਦਰ ਦੇ ਦਿਆਂਗੇ, ਗੋਡੇ ਭੰਨ ਦਿਆਂਗੇ, ਗਿੱਟੇ ਭੰਨ ਦਿਆਂਗੇ, ਲੰਮੇ ਪਾ ਦਿਆਂਗੇ, ਡਾਂਗਾਂ ਵਰ੍ਹਾਵਾਂਗੇ। ਖੂੰਡਾ ਚੁੱਕੀ ਫਿਰਦੇ ਹਨ। ਸਪੀਕਰ ਸਾਹਿਬ, ਅਮਰਿੰਦਰ ਸਿੰਘ ਕੋਲੋਂ ਇੱਕ ਖੂੰਡਾ ਤਾਂ ਮੈਨੂੰ ਲੈ ਦਿਓ। ਮੈਂ ਰੱਖਣਾ ਚਾਹੁੰਦਾ ਹਾਂ, ਸਜਾ ਕੇ। (ਹਾਸਾ) ਖੂੰਡਾ ਜ਼ਰੂਰ ਭੇਜੋ। ਸਪੀਕਰ ਸਾਹਿਬ, ਅਸੀਂ ਨਵਾਂ ਚੈਪਟਰ ਫਿਰ ਵੀ ਸ਼ੁਰੂ ਕੀਤਾ ਹੈ। ਅਸੀਂ ਸਾਰੀਆਂ ਗੱਲਾਂ ਭੁਲਾ ਦਿੱਤੀਆਂ। ਸਪੀਕਰ ਸਾਹਿਬ, ਬਾਬਾ ਫਰੀਦ ਜੀ ਦਾ ਇੱਕ ਸਲੋਕ ਹੈ:

ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨਾ ਹੰਢਾਇ॥

ਦੇਹੀ ਰੋਗ ਨਾ ਲਗਈ ਪਲੈ ਸਭ ਕਿਛੁ ਪਾਇ॥

ਬੁਰੇ ਦਾ ਭਲਾ ਕਰ। ਬੜਾ ਮੇਰਾ ਸਤਿਕਾਰ ਕੀਤਾ ਹੈ, ਸਰਦਾਰ ਬੇਅੰਤ ਸਿੰਘ ਨੇ। (ਵਿਘਨ)....(ਸ਼ੋਰ)....

**ਮਾਨਯੋਗ ਸਪੀਕਰ:** ਮੋਫਰ ਜੀ, ਬੈਠ ਜਾਓ।

**ਮੁੱਖ ਮੰਤਰੀ:** ਇਹ ਜੋ ਸਰਦਾਰ ਸਾਹਿਬ ਹਨ, ਇਨ੍ਹਾਂ ਦਾ ਬਾਪ ਮੇਰਾ ਬਹੁਤ ਦੋਸਤ ਸੀ। ਉਹ ਅਕਾਲੀ ਸੀ .....(ਵਿਘਨ).... ਇਸ ਨੇ ਸਿਆਣਪ ਕਰ ਲਈ ਉਥੋਂ ਨਿਕਲ ਆਇਆ। ਇਹ ਸਿਆਣਾ ਰਹਿ ਗਿਆ, ਨਹੀਂ ਤਾਂ ਆਖਦਾ ਹੁੰਦਾ ਸੀ - ਪਹਿਲਾਂ ਵੱਢੋ ਮੋਨੇ, ਫਿਰ ਵੱਢੋ ਝੋਨੇ। ....(ਹਾਸਾ).... ਇਹ ਮਾਨ ਸਾਹਿਬ ਦਾ ਸਭ ਤੋਂ ਵੱਡਾ ਚੇਲਾ ਸੀ। ਚੌਧਰੀ ਸਾਹਿਬ, ਤੁਸੀਂ ਇਸ ਨੂੰ ਕਿੱਥੋਂ ਲੈ ਲਿਆ। ਅਸੀਂ ਤਾਂ ਨਾ ਵਧੀਕੀ ਕਰਨੀ ਹੈ ਔਰ ਨਾ ਕਰੀ ਹੈ। ਗੁੱਸਾ ਵੀ ਨਹੀਂ ਕੀਤਾ। ਦੇਖੋ ਮੈਨੂੰ ਤਾਂ ਤੁਸੀਂ ਉਹ ਜੇਲ੍ਹਾਂ ਦਿਖਾਈਆਂ ਹਨ, ਜਿਹੜੇ ਤੁਸੀਂ ਸ਼ਹਿਰ ਵੀ ਨਹੀਂ ਦੇਖੇ ਹੋਣੇ। ਕੋਇੰਬਟੂਰ ਤੁਸੀਂ ਮੈਨੂੰ ਰੱਖਿਆ ਹੈ। ਦੇਹਰਾਦੂਨ ਦੇ ਜੰਗਲਾਂ ਵਿੱਚ ਮੈਨੂੰ ਰੱਖਿਆ ਹੈ। ਭੁਪਾਲ ਮੈਨੂੰ ਰੱਖਿਆ ਹੈ। (ਆਵਾਜ਼, ਕਟੋਨੀ) ਕਟੋਨੀ ਤਾਂ ਨੇੜੇ ਹੈ। ਉਹ ਮੱਧ ਪ੍ਰਦੇਸ਼ ਵਿੱਚ ਪੰਚਮੜੀ ਵਿੱਚ ਮੈਨੂੰ ਰੱਖਿਆ ਹੈ, ਪਰ ਮੈਂ ਕਦੇ ਗੁੱਸਾ ਨਹੀਂ ਕੀਤਾ। ਮੁੱਖ ਮੰਤਰੀ ਜਿੰਨੇ ਪੰਜਾਬ ਵਿੱਚ ਰਹੇ ਹਨ, ਗਿਆਨੀ ਜ਼ੈਲ ਸਿੰਘ ਨੇ ਮੇਰੀ ਬੜੀ ਇੱਜ਼ਤ ਕੀਤੀ। ਸਰਦਾਰ ਬੇਅੰਤ ਸਿੰਘ ਨੇ ਬੜੀ ਇੱਜ਼ਤ ਕੀਤੀ। ਬਰਾੜ ਸਾਹਿਬ ਨੇ ਬੜੀ ਇਜ਼ਤ ਕੀਤੀ। ਕਦੇ ਇੱਕ ਦੂਜੇ ਦਾ ਸਵਾਲ ਨਹੀਂ ਸੀ। ਇਹ ਤਾਂ ਹੁਣ ਪੁਆੜਾ ਪਿਆ ਹੈ, ਸਰਦਾਰ ਸਾਹਿਬ ਜਿਹੜੇ ਆਉਂਦੇ ਹੀ ਨਹੀਂ, ਹੁਣ ਮੇਰਾ ਖਿਆਲ ਹੈ ਸੁਨੇਹਾ ਮਿਲ ਗਿਆ ਹੋਣਾ ਹੈ ਕਿ ਕਾਰਪੋਰੇਸ਼ਨ ਦੀਆਂ ਇਲੈਕਸ਼ਨਾਂ ਤੱਕ ਐਕਸਟੈਨਸ਼ਨ

** Expunged as per ruling dated 13.03.2013

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸੀ। ਅਸੀਂ ਤਾਂ ਅਖ਼ਬਾਰਾਂ ਵਿੱਚ ਪੜ੍ਹਿਆ ਹੈ, ਵੈਸੇ ਇਹ ਤੁਹਾਡੀ ਅੰਦਰੂਨੀ ਗੱਲ ਹੈ। ਮੇਰਾ ਕੋਈ ਇਸ ਵਿੱਚ ਦਖਲ ਨਹੀਂ ਹੈ। (ਹਾਸਾ) ਲਿਖਿਆ ਸੀ ਕਿ ਐਕਸਟੈਂਸ਼ਨ ਦਿੱਤੀ ਜਾਂਦੀ ਹੈ up to municipal election. ਬੀਬੀ ਜੀ, ਥੋੜ੍ਹਾ ਜਿਹਾ ਹੰਭਲ਼ਾ ਮਾਰੋ ... (ਹਾਸਾ)... ਪ੍ਰਧਾਨ ਹੀ ਬਣ ਜਾਵੋ ਹੋਰ ਨਹੀਂ ਤਾਂ। (ਹਾਸਾ) ਉਹ (ਸ. ਪਰਮਿੰਦਰ ਸਿੰਘ ਪਿੰਕੀ ਵੱਲ ਇਸ਼ਾਰਾ) ਮੈਨੂੰ ਇੱਕ ਬਾਬਾ ਆਖਦਾ ਹੁੰਦਾ ਹੈ, ਕੱਲ੍ਹ ਬਹੁਤ ਆਖਿਆ। ਮੈਂ ਵੀ ਚਾਹੁੰਦਾ ਹਾਂ, ਚਲੋ ਛੱਡੋ ਇਨ੍ਹਾਂ ਗੱਲਾਂ ਨੂੰ, ਕੱਲ੍ਹ ਨੂੰ ਸੈਸ਼ਨ ਮੁੱਕ ਜਾਣਾ ਹੈ, ਕੋਈ ਵੈਨਡੇਟਾ ਨਾ ਕਰੋ। ਭਾਵੇਂ ਮੇਰੇ ਨਾਲ ਗੁੱਸੇ ਹੋ ਜਾਇਓ ਪਰ ਮੈਂ ਨਹੀਂ ਕਰਾਂਗਾ। ਵਲਟੋਹਾ ਸਾਹਿਬ ਮੇਰੇ ਨਾਲ ਗੁੱਸੇ ਹੋਏ ਫਿਰਦੇ ਹਨ। ਤੁਹਾਨੂੰ ਵੀ ਪਤਾ ਹੈ ਸਾਰੀ ਗੱਲ ਦਾ ਲੇਕਿਨ ਮੈਂ ਕਿਹਾ ਨਹੀਂ। ਰੱਬ ਕੋਲ ਜਾਣਾ ਹੈ, ਬਹੁਤ ਕੁਝ ਦੇਖ ਲਿਆ ਹੈ। ਇਸ ਤੋਂ ਵੱਧ ਕਿਸੇ ਇਨਸਾਨ ਨੇ ਕੀ ਵੇਖ ਲੈਣਾ ਹੈ। ਮੈਂ ਵੀ ਜੇ ਇਹੋ ਜਿਹੀ ਗੱਲ ਕਰਾਂ ਤਾਂ ਫਿਰ ਤਾਂ ਅੰਤ ਹੀ ਕੋਈ ਨਹੀਂ। ਮਹਾਤਮਾ ਗਾਂਧੀ ਨੇ ਵੀ ਗੱਲ ਕਹੀ ਸੀ- we will win justice quickest by rendering justice to the other party. ਆਪਣੇ ਲਈ ਲੈਸਨ ਹੈ ਕਿ ਦੂਸਰੀ ਪਾਰਟੀ ਨਾਲ ਜਸਟਿਸ ਕਰੋ। ਚੌਧਰੀ ਸਾਹਿਬ, ਨਾ ਤੁਹਾਡੇ ਨਾਲ ਕੋਈ ਪੁਲੀਟੀਕਲੀ ਅਨਿਆਂ ਹੋਏਗਾ। ਤੁਹਾਡੇ ਸਾਰੇ ਹਲਕਿਆਂ ਦੀ ਡਿਵੈਲਪਮੈਂਟ ਕਰਾਂਗੇ। ਆਹ ਬੀਬੀ ਜੀ ਬੈਠੇ ਹਨ, ਬੀਬੀ ਜੀ ਨੇ ਪੁੱਛਿਆ ਸੀ। ਮੁਕਤਸਰ ਨੂੰ ਮੇਰਾ ਖ਼ਿਆਲ ਹੈ ਘੱਟੋ-ਘੱਟ 25 ਤੋਂ 40 ਕਰੋੜ ਰੁਪਏ ਦਿੱਤੇ ਹੋਣੇ ਹਨ। ਮੈਂ ਤੁਹਾਨੂੰ ਫਿੱਗਰ ਦੇਵਾਂਗਾ। ਤੁਸੀਂ ਆਖਿਆ ਹੈ ਕਿ ਸਾਡਾ ਕੁਝ ਹੋਇਆ ਨਹੀਂ ਲੇਕਿਨ ਮੈਂ ਫਿੱਗਰ ਦੇਵਾਂਗਾ ਕਿ ਮੁਕਤਸਰ ਨੂੰ ਕਿੰਨਾ ਪੈਸਾ ਦਿੱਤਾ ਹੈ। ਮੁਕਤਸਰ ਕੋਈ ਤੁਹਾਡਾ ਤਾਂ ਨਹੀਂ, ਮੁਕਤਸਰ ਸਾਰਿਆਂ ਦਾ ਹੈ। ਚੌਧਰੀ ਸਾਹਿਬ, 40 ਕਰੋੜ ਤੁਹਾਨੂੰ ਦਿੱਤਾ ਹੈ--

**ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ):** 42 ਕਰੋੜ

**ਮੁੱਖ ਮੰਤਰੀ:** 42 ਕਰੋੜ ਦਿੱਤਾ ਹੈ। ਆਹ ਮੈਨੂੰ ਇਨ੍ਹਾਂ ਨਾਲ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਲੜਾਓਗੇ, ਇਹ 2-2 ਕਰੋੜ ਰੁਪਏ ਲਈ ਤਰਲੇ ਲੈਂਦੇ ਹਨ ਅਤੇ ਤੁਹਾਨੂੰ 42 ਕਰੋੜ ਰੁਪਏ ਦੇ ਦਿੱਤੇ ਹਨ। ਫਿਰ ਮੇਰਾ ਕਿਹੜਾ ਵਿਤਕਰਾ ਹੋਇਆ ਜੀ। ਇਸ ਕਰਕੇ ਤੁਹਾਨੂੰ ਸਾਰਿਆਂ ਨੂੰ ਬੇਨਤੀ ਹੈ ਕਿ ਆਪਾਂ ਭਰਾਵਾਂ ਵਾਂਗੂੰ ਰਹੀਏ। ਇੱਕ ਦੂਜੇ ਦੇ ਜਾਈਏ। ਚਾਹ-ਪਾਣੀ ਵੀ ਪੀਈਏ। ਚੌਧਰੀ ਸਾਹਿਬ ਦਾ ਧੰਨਵਾਦ ਕਰਦੇ ਹਾਂ ਕਿ ਕੱਲ੍ਹ ਇਕੱਠੇ ਖਾਣਾ ਖਾਧਾ ਹੈ। ਇੱਕ ਦੂਜੇ ਦੀ ਵਿਆਹ ਸ਼ਾਦੀ ਤੇ ਜਾਈਏ। ਕੀ ਆਪਾਂ ਇਨ੍ਹਾਂ ਕੰਮਾਂ ਤੋਂ ਕਰਵਾਉਣਾ ਹੈ? ਬਰਾੜ ਸਾਹਿਬ ਅਤੇ ਜਗਮੀਤ ਸਿੰਘ ਬਰਾੜ ਇਲੈਕਸ਼ਨਾਂ ਸਮੇਂ ਪੂਰਾ ਜੋਰ ਲਗਾ

Original with;
Punjab Vidhan Sabha
Digitized by;
Panjab Digital Library

ਕੇ ਲੜਦੇ ਸੀ, ਉਸ ਤੋਂ ਬਾਅਦ ਗੱਲ ਖ਼ਤਮ ਹੋ ਜਾਂਦੀ ਸੀ। ਮੇਰੇ ਵਾਲੇ ਗੁੱਸੇ ਹੋ ਜਾਂਦੇ ਹਨ ਕਿ ਬਾਦਲ ਤਾਂ ਨਰਮ ਹੈ ਪਰ ਸੁਖਬੀਰ ਵਾਹਵਾ ਕਰਦਾ ਹੈ ਲੇਕਿਨ ਮੈਂ ਤਾਂ ਇਹੋ ਜਿਹਾ ਹੀ ਹਾਂ। ਜਿੰਨਾ ਚਿਰ ਹਾਂ, ਉਨਾ ਚਿਰ ਠੀਕ ਹਾਂ। ਇਸ ਕਰਕੇ ਚੌਧਰੀ ਸਾਹਿਬ, ਤੁਹਾਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਮੈਨੂੰ ਕੁਝ ਆਖ ਲੈਣਾ ਲੇਕਿਨ ਇਹ ਨਾ ਆਖਿਓ ਕਿ ਮੈਂ ਬੇਇਨਸਾਫੀ ਕੀਤੀ ਹੈ। ਮੈਂ ਨਹੀਂ ਵੈਨਡੇਟਾ ਕਰਦਾ।

**ਰਾਣਾ ਗੁਰਮੀਤ ਸਿੰਘ ਸੋਢੀ:** ਸਪੀਕਰ ਸਾਹਿਬ........

**ਮਾਨਯੋਗ ਸਪੀਕਰ:** ਵੈਸੇ ਸੀ.ਐਮ. ਸਾਹਿਬ ਨੇ ਸਟੇਟਮੈਂਟ ਦੇ ਦਿੱਤੀ ਹੈ। ਹੁਣ ਜ਼ੀਰੋ ਆਵਰ ਤੇ 10 ਮਿੰਟ ਹਨ।

**Rana Gurmit Singh Sodhi:** Sir, only two minutes.

**ਮਾਨਯੋਗ ਸਪੀਕਰ:** ਮੇਰਾ ਮਤਲਬ ਹੈ ਫਿਰ ਜ਼ੀਰੋ ਆਵਰ ਖਤਮ ਹੋ ਜਾਣਾ ਹੈ। ਹਾਂ ਜੀ, ਸੋਢੀ ਸਾਹਿਬ।

**ਰਾਣਾ ਗੁਰਮੀਤ ਸਿੰਘ ਸੋਢੀ:** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ ਔਰ ਬਾਦਲ ਸਾਹਿਬ ਦਾ ਮੈਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ he is very kind ਇਨ੍ਹਾਂ ਨੇ ਵਿਸਥਾਰ ਦੇ ਵਿੱਚ ਵੈਨਡੇਟੇ ਦੀਆਂ ਗੱਲਾਂ ਕੀਤੀਆਂ ਹਨ, ਆਪਣੇ ਇਮੋਸ਼ਨਜ਼ ਵੀ ਵਿਖਾਏ ਹਨ, ਪੁਰਾਣੀਆਂ ਗੱਲਾਂ ਵੀ ਕੀਤੀਆਂ ਹਨ ਔਰ ਆਉਣ ਵਾਲੇ ਸਮੇਂ ਦੇ ਵਿੱਚ ਵੀ ਇਨ੍ਹਾਂ ਨੇ ਭਾਈਚਾਰਕ, ਆਪਸੀ ਸਾਂਝਦਾਰੀ ਦੀ ਗੱਲ ਕੀਤੀ ਹੈ ਲੇਕਿਨ ਬਾਦਲ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੇ ਜੋ ਵੈਨਡੇਟਾ ਦੇ ਬਾਰੇ ਗੱਲਾਂ ਕੀਤੀਆਂ ਹਨ ਜਾਂ ਜੋ ਇਨ੍ਹਾਂ ਦੀਆਂ ਫੀਲਿੰਗਜ਼ ਹਨ, ਮੈਂ ਇਨ੍ਹਾਂ ਨੂੰ ਐਪਰੀਸ਼ੀਏਟ ਕਰਦਾ ਹਾਂ ਲੇਕਿਨ ਰੌਲਾ ਇੱਥੇ ਨਹੀਂ। ਬੀਬੀ ਜੀ ਨੇ, ਕਰਨ ਕੌਰ ਬਰਾੜ ਜੀ ਨੇ ਬਿਲਕੁਲ ਸਹੀ ਗੱਲ ਕੀਤੀ ਹੈ ਕਿ ਬਾਦਲ ਸਾਹਿਬ ਨਾਲ ਕੋਈ ਸ਼ਿਕਾਇਤ ਨਹੀਂ ਹੈ, ਸ਼ਿਕਾਇਤ ਉਨ੍ਹਾਂ ਦੇ ਨਾਲ ਹੈ ਜਿਹੜੇ ਇਨ੍ਹਾਂ ਦੇ ਥੱਲੜੇ ਲੈਵਲ ਤੇ 46-47 ਕੁ ਬੰਦੇ ਹਾਰ ਗਏ ਹਨ। ਉਨ੍ਹਾਂ ਨੂੰ ਇਨ੍ਹਾਂ ਨੇ ਹਲਕਾ ਇੰਚਾਰਜ ਬਣਾ ਕੇ ਉਨ੍ਹਾਂ ਦੀ ਮਰਜ਼ੀ ਦੇ ਨਾਲ ਐਸ.ਐਚ.ਓ., ਡੀ.ਐਸ.ਪੀ. ਲਗਾ ਦਿੱਤੇ ਉਹ ਜਿਹੜੇ ਉਥੇ ਲੋਕਾਂ ਦੀ ਫੱਟੀ ਪੋਚਦੇ ਹਨ, ਉਸ ਦੇ ਬਾਰੇ ਇਹ ਬਿਆਨ ਦੇਣ। ਮੈਂ ਇਨ੍ਹਾਂ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਹ ਬੰਦੇ ਜਿਹੜੇ ਹਾਰ ਚੁੱਕੇ ਹਨ ਤੇ ਜਿਨ੍ਹਾਂ ਨੂੰ ਇਹ ਉਮੀਦ ਨਹੀਂ ਸੀ ਕਿ ਸਰਕਾਰ ਬਣਨੀ ਹੈ ਪਰ ਇਨ੍ਹਾਂ ਦੀ ਸਰਕਾਰ ਬਣ ਚੁੱਕੀ ਹੈ, ਉਨ੍ਹਾਂ ਨੂੰ ਇਹ ਪ੍ਰਾਬਲਮ ਹੋ ਰਹੀ ਹੈ ਕਿ ਕਿਸੇ ਤਰੀਕੇ ਨਾਲ ਜੋ ਫੱਟੀ

Original with;
Punjab Vidhan Sabha
Digitized by;
Panjab Digital Library

[ਰਾਣਾ ਗੁਰਮੀਤ ਸਿੰਘ ਸੋਢੀ]

ਕਾਂਗਰਸ ਵਰਕਰਾਂ ਦੀ ਪੋਚੀ ਜਾ ਰਹੀ ਹੈ ਚਾਹੇ ਉਹ ਥਾਣੇ ਦਾ ਰੌਲਾ ਹੈ, ਚਾਹੇ ਨਹਿਰੀ ਪਾਣੀ ਦਾ ਰੌਲਾ (ਵਿਘਨ) ਹੈ ਜੇ ਉਨ੍ਹਾਂ ਬੰਦਿਆਂ ਦੀ ਇਹ ਕਲਾਸ ਲਗਾ ਦੇਣ। ਜੋ ਅੱਜ ਇਨ੍ਹਾਂ ਨੇ ਅੱਜ ਸਾਨੂੰ ਇੰਨੇ ਇਮੋਸ਼ਨਲ ਤਰੀਕੇ ਦੇ ਨਾਲ ਪਿਆਰ ਭਰੀਆਂ ਗੱਲਾਂ ਦੱਸੀਆਂ ਹਨ ਜੇ ਉਨ੍ਹਾਂ ਦਾ ਦਿਮਾਗ ਸਾਫ਼ ਕਰ ਦੇਣ ਤਾਂ ਮੇਰਾ ਖਿਆਲ ਹੈ ਕਿ ਕੋਈ ਵੈਨਡੇਟੇ ਵਾਲੀ ਪ੍ਰਾਬਲਮ ਹੀ ਨਹੀਂ ਰਹੇਗੀ। ਇਹ ਜਿਹੜੇ ਹਲਕਾ ਇੰਚਾਰਜ ਇਨ੍ਹਾਂ ਨੇ ਲਗਾਏ ਹਨ।

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਲਾਲ ਸਿੰਘ ਜੀ।

**ਸਰਦਾਰ ਲਾਲ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੈਂ....

**ਮੁੱਖ ਮੰਤਰੀ:** ਇੱਕ ਸਕਿੰਟ ਸਰਦਾਰ ਲਾਲ ਸਿੰਘ ਜੀ, ਮੈਂ ਚੌਧਰੀ ਸਾਹਿਬ, ਥੋੜ੍ਹੀ ਜਿਹੀ ਮੁਆਫੀ ਮੰਗਦਾ ਹਾਂ ਕਿ ਮੈਂ ਦਿੱਲੀ ਨਾਮੀਨੇਸ਼ਨ ਪੇਪਰ ਭਰਵਾਉਣ ਵਾਸਤੇ ਜਾਣਾ ਹੈ ਤੇ ਇਸ ਕਰਕੇ ਮੇਰਾ ਫਰਜ਼ ਬਣਦਾ ਹੈ ਕਿ ਮੈਂ ਤੁਹਾਡੀਆਂ ਗੱਲਾਂ ਸੁਣਦਾ ਪਰ ਮੇਰੀ ਮਜਬੂਰੀ ਹੈ ਕਿ ਮੇਰੇ ਤੋਂ ਪਹੁੰਚਿਆ ਨਹੀਂ ਜਾਣਾ। (ਵਿਘਨ) ਇਥੇ ਜਿਸ ਦੀ ਵੀ ਸ਼ਿਕਾਇਤ ਹੈ, ਮੈਂ ਇੱਕ ਦਿਨ ਮੁਕਰਰ ਕਰ ਦਿੰਦਾ ਹਾਂ, ਮੇਰੇ ਕੋਲ ਉਥੇ ਆ ਜਾਇਓ, ਮੈਂ ਤੁਹਾਡੇ ਕੋਲ ਆ ਜਾਵਾਂਗਾ ਜੀ, ਚਲੋ ਦੋ ਮਿੰਟ ਬੈਠ ਜਾਂਦਾ ਹਾਂ।

**ਸਰਦਾਰ ਲਾਲ ਸਿੰਘ:** ਸਪੀਕਰ ਸਾਹਿਬ, ਅਸੀਂ ਬਾਦਲ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਹਾਂ ਔਰ ਜਿਹੜੀਆਂ ਇਨ੍ਹਾਂ ਦੀਆਂ ਭਾਵਨਾਵਾਂ ਹਨ ਤੇ ਇੱਥੇ ਦੱਸੀਆਂ ਹਨ, ਉਨ੍ਹਾਂ ਦਾ ਵੀ ਅਸੀਂ ਧੰਨਵਾਦ ਕਰਦੇ ਹਾਂ। ਸਪੀਕਰ ਸਾਹਿਬ, ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ ਜਿਹੜੀਆਂ ਸ਼ਾਇਦ ਬਾਦਲ ਸਾਹਿਬ ਤੱਕ ਪਹੁੰਚਦੀਆਂ ਹੀ ਨਹੀਂ ਹਨ। ਠੀਕ ਕਿਹਾ ਹੈ ਸੋਢੀ ਸਾਹਿਬ ਨੇ ਕਿ ਜੋ ਨੀਚਲੇ ਲੈਵਲ ਤੇ ਹੁੰਦਾ ਹੈ, ਮੈਂ ਇੱਕ ਸਿਰਫ ਮਿਸਾਲ ਦੇਣੀ ਚਾਹੁੰਦਾ ਹਾਂ। 7 ਤਰੀਕ ਨੂੰ ਘਨੌਰ ਨਗਰ ਕੌਂਸਲ ਦੀ ਇਲੈਕਸ਼ਨ ਸੀ, ਉਸ ਇਲੈਕਸ਼ਨ ਦੇ ਵਿੱਚ ਜੋ ਕੁਝ ਹੋਇਆ, ਉਥੋਂ ਦੇ ਐਕਸ ਐਮ.ਐਲ.ਏ. ਮਦਨ ਲਾਲ ਨੂੰ ਚੁੱਕ ਕੇ ਥਾਣੇ ਵਿੱਚ ਬੰਦ ਕਰ ਦਿੱਤਾ ਜਦ ਕਿ ਉਹ ਉਸ ਰੌਲੇ ਦੇ ਵਿੱਚ ਸ਼ਾਮਲ ਨਹੀਂ ਸੀ ਔਰ ਹੱਦ ਇੱਥੋਂ ਤੱਕ ਚਲੀ ਗਈ, ਸਪੀਕਰ ਸਾਹਿਬ, ਉਹ ਸ਼ੂਗਰ ਦਾ ਮਰੀਜ਼ ਹੈ, ਉਸ ਨੂੰ ਰਾਤ ਭਰ ਥਾਣੇ ਦੇ ਵਿੱਚ ਬੰਦ ਕਰਕੇ 24 ਘੰਟੇ ਦਵਾਈ ਤੱਕ ਨਹੀਂ ਲੈਣ ਦਿੱਤੀ। ਸਪੀਕਰ ਸਾਹਿਬ, ਪਿੱਛੋਂ ਸਾਰੇ ਪੋਲਿੰਗਾਂ ਤੇ ਧੱਕੇ ਨਾਲ ਡੰਡੇ ਮਾਰ ਮਾਰ ਕੇ ਇਲੈਕਸ਼ਨ ਰਿਗਿੰਗ ਕੀਤੀ। ਉਸ ਨੂੰ ਵੀ ਛੱਡੋ, ਜਿਹੜੀਆਂ ਲੇਡੀਜ਼ ਨੂੰ ਘਰਾਂ ਦੇ ਵਿੱਚ ਵੜ ਕੇ, ਮੈਂ ਤੁਹਾਨੂੰ ਸਾਬਤ ਕਰ ਦਿਆਂਗਾ, ਪੁਲਿਸ ਨੇ ਘਰਾਂ ਦੇ ਵਿੱਚ

Original with;
Punjab Vidhan Sabha
Digitized by;
Panjab Digital Library

ਵੜ੍ਹ ਕੇ ਲੇਡੀਜ਼ ਨੂੰ ਕੁੱਟਿਆ ਔਰ ਇੱਕ ਲੇਡੀ ਪ੍ਰੈਗਨੈਂਟ ਸੀ। ਉਸ ਦੇ ਪੇਟ ਦੇ ਵਿੱਚ ਲੱਤਾਂ ਮਾਰੀਆਂ। ਉਹ ਹਸਪਤਾਲ ਦੇ ਵਿੱਚ ਦਾਖਲ ਰਹੇ, ਸਪੀਕਰ ਸਾਹਿਬ, ਕੀ ਇਹ ਵੈਨਡੇਟਾ ਨਹੀਂ ਹੈ, ਇਹ ਵੈਨਡੇਟੇ ਤੋਂ ਘੱਟ ਹੈ, ਦੋ ਬੰਦੇ ਹਨ, ਅਜਿਹਾ ਇੱਕ ਬੰਦਾ ਸੁਖਜੀਤ ਸਿੰਘ ਹਸਨਪੁਰ.....

**ਮਾਨਯੋਗ ਸਪੀਕਰ:** ਤੁਸੀਂ ਇਹ ਲਿਖ ਕੇ ਦੇ ਦੇਣਾ ਜੀ, ਜਾਖੜ ਸਾਹਿਬ, ਤੁਸੀਂ ਬੋਲੋ।

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ.....

**ਮਾਨਯੋਗ ਸਪੀਕਰ:** ਨੋ, ਨਹੀਂ ਜੀ, ਨਹੀਂ ਜੀ, ਜਾਖੜ ਸਾਹਿਬ। ਤੁਸੀਂ ਬੋਲੋ।

**ਸਰਦਾਰ ਲਾਲ ਸਿੰਘ:** ਉਹ ਉੱਥੇ ਨਹੀਂ ਸੀ, ਉਹ ਐਸ.ਜੀ.ਪੀ.ਸੀ ਦੀ ਇਲੈਕਸ਼ਨ ਲੜਿਆ ਸੀ, ਇੰਡੀਪੀਡੈਂਟ ਉਹ ਉਥੇ ਨਹੀਂ ਸੀ......

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਲਾਲ ਸਿੰਘ ਕੁਝ ਫੋਟੋਆਂ ਰਿਪੋਰਟਰਾਂ ਦੀ ਟੇਬਲ ਤੇ ਰੱਖ ਕੇ ਗਏ।)

**ਮਾਨਯੋਗ ਸਪੀਕਰ:** ਨਹੀਂ ਜੀ, ਜਾਖੜ ਸਾਹਿਬ ਤੁਸੀਂ ਗੱਲ ਕਰੋ। ਸਰਦਾਰ ਲਾਲ ਸਿੰਘ ਜੀ ਨਾਟ ਅਲਾਊਡ, ਇਹ ਅਲਾਊਡ ਨਹੀਂ ਹੈ, ਫੋਟੋਆਂ ਰੱਖਣਾ ਅਲਾਊਡ ਨਹੀਂ ਹੈ, ਇਹ ਆਪਣੇ ਨਾਲ ਹੀ ਲੈ ਜਾਵੋ ਜੀ। ਹਾਂ ਜੀ, ਜਾਖੜ ਸਾਹਿਬ ਜੀ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਲਾਲ ਸਿੰਘ ਰਿਪੋਰਟਰਾਂ ਦੀ ਟੇਬਲ ਤੇ ਰੱਖੀਆਂ ਫੋਟੋਆਂ ਵਾਪਸ ਲੈ ਗਏ।)

**ਸਰਦਾਰ ਸੁਖਜਿੰਦਰ ਸਿੰਘ:** ਸਪੀਕਰ ਸਾਹਿਬ.........

**ਮਾਨਯੋਗ ਸਪੀਕਰ:** ਨਹੀਂ ਜੀ, ਮੈਂ ਤੁਹਾਡੇ ਲੀਡਰ ਨੂੰ ਸਮਾਂ ਦੇ ਦਿੱਤਾ ਹੈ, ਉਹ ਆਪੇ ਹੀ ਗੱਲ ਕਹਿ ਦੇਣਗੇ। ਹਾਂ ਜੀ, ਜਾਖੜ ਜੀ। ਮੈਂ ਕਿਹਾ ਕਿ ਜਾਖੜ ਜੀ ਨੂੰ ਅਲਾਓ ਕਰ ਦਿੱਤਾ ਹੈ, ਤੁਹਾਨੂੰ ਤਾਂ ਅਲਾਓ ਨਹੀਂ ਕੀਤਾ। ਤੁਸੀਂ ਬੈਠੋ। ਜਾਖੜ ਜੀ।

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਅਤੇ ਧੰਨਵਾਦ ਮਾਨਯੋਗ ਮੁੱਖ ਮੰਤਰੀ ਜੀ ਦਾ ਕਿ He has gone to such a great length. At least he made an effort.ਇਨ੍ਹਾਂ ਨੇ ਕਿਹਾ ਹੈ ਕਿ ਜਾਖੜ ਸਾਹਿਬ ਨੂੰ ਇਨ੍ਹਾਂ ਕੇਸਾਂ ਨੂੰ ਮੈਨੂੰ ਦੇਣ ਤੋਂ ਪਹਿਲਾਂ ਦੇਖ ਲੈਣਾ ਚਾਹੀਦਾ ਸੀ। ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਲੋਕਾਂ ਵਾਸਤੇ I am not a

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਜਾਖੜ]

complaints authority. ਮੇਰੇ ਕੋਲ ਲੋਕਾਂ ਦੀਆਂ ਕੰਪਲੇਂਟਸ ਆਉਂਦੀਆਂ ਹਨ, I am sorry, ਇਹ ਤੁਹਾਡੇ ਕੋਲ ਚਲੀਆਂ ਗਈਆਂ ਹਨ। Thanks to the Treasury Benches, thanks to the Government, ਮੇਰਾ ਤਾਂ ਅੱਜ ਤੱਕ ਦਫ਼ਤਰ ਵੀ ਡੰਡੇ ਤੇ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਗੱਲਾਂ ਕੀਤੀਆਂ ਹਨ। He referred to the vendetta cases which were ਇਨ੍ਹਾਂ ਦੇ ਖਿਲਾਫ਼, ਮੰਤਰੀਆਂ ਦੇ ਖਿਲਾਫ਼, ਖੁਦ ਇਨ੍ਹਾਂ ਦੇ ਪਰਿਵਾਰਾਂ ਤੇ ਕੇਸਿਜ਼ ਹੋਏ, ਉਸ ਵਾਸਤੇ ਨਾ ਸਿਰਫ਼ ਸਾਡੀ ਪਾਰਟੀ ਸਹਿਯੋਗੀ ਹੈ ਬਲਕਿ ਅਸੀਂ ਸਮਝਦੇ ਹਾਂ ਕਿ ਇਹ ਬਿਲਕੁਲ ਗਲਤ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਪੰਜਾਬ ਵਿੱਚ ਆਪਸ ਵਿੱਚ ਰਾਜਨੀਤਿਕ ਮੱਤਭੇਦ ਹੋ ਸਕਦੇ ਹਨ, we are political adversaries but not enemies. ਕੋਈ ਰਾਜਨੀਤਿਕ ਸਿਧਾਂਤ ਜਾਂ ਕੋਈ ਰਾਜਨੀਤਿਕ ਪਾਰਟੀ ਇਹ ਨਹੀਂ ਚਾਹੁੰਦੀ ਕਿ ਮੇਰੇ ਨਾਲ ਦੁਸ਼ਮਣੀ ਹੋਵੇ। ਜੇਕਰ ਮਲੂਕਾ ਸਾਹਿਬ ਦੇ ਬੇਟੇ ਨੂੰ ਗਲਤ ਘੇਰਿਆ ਗਿਆ, ਉਹ ਵੀ ਸਾਡਾ ਕੁਝ ਲਗਦਾ ਹੋਵੇਗਾ। ਜੇਕਰ ਕਾਂਗੜ ਸਾਹਿਬ ਨਾਲ ਕੋਈ ਧੱਕਾ ਹੋਇਆ ਹੈ he is also our colleague, ਉਹ ਵੀ ਸਾਡਾ ਭਰਾ ਹੈ। But the thing is ਜਿਸ ਤਰ੍ਹਾਂ ਤੁਸੀਂ ਦੱਸਿਆ ਹੈ ਕਿ ਗਲਤ ਕੇਸ ਰਜਿਸਟਰ ਹੋਏ, ਸਪੀਕਰ ਸਾਹਿਬ, ਮੇਰਾ ਇਹ ਕਹਿਣਾ ਹੈ ਕਿ ਜਿਹੜੇ ਉਹ ਕੇਸ ਰਜਿਸਟਰ ਹੋਏ ਸੀ, were they registered under Police excesses, political vendetta ਕੋਈ ਨਾ ਕੋਈ ਗੱਲ ਤਾਂ ਉਨ੍ਹਾਂ ਵਿੱਚ ਪਾਈ ਹੋਵੇਗੀ ਕਿ ਫਲਾਣੇ ਤੋਂ ਦਰਖਾਸਤ ਲੈ ਲਈ। ਤੁਸੀਂ ਮੈਨਸ਼ਨ ਕੀਤਾ ਕਿ ਬੱਚੀਆਂ ਭੱਜ ਗਈਆਂ, ਉਨ੍ਹਾਂ ਦਾ ਕੇਸ ਤੁਹਾਡੇ ਕੋਲ ਆ ਗਿਆ। ਰੋਜ਼ ਅਜਿਹੇ ਕੇਸਿਜ਼ ਆਉਂਦੇ ਹਨ। ਬਾਦਲ ਸਾਹਿਬ ਦਾ ਬਹੁਤ ਲੰਬਾ ਐਕਸਪੀਰੀਐਂਸ ਹੈ। ਬੱਚੀਆਂ ਭੱਜ ਗਈਆਂ, ਇਸ ਵਿੱਚ ਜਿਸ ਦੀ ਕਾਂਸਪੇਰੇਸੀ ਸੀ, ਉਹ ਫਲਾਣੇ ਕੋਲ ਬੈਠਦਾ ਸੀ ਕਿ ਉਹ ਕਾਂਗਰਸੀ ਹੈ, ਉਸ ਨੂੰ ਸੱਦ ਲਿਆਓ। ਸਪੀਕਰ ਸਾਹਿਬ, excesses are taking place. ਧੱਕਾ ਹੋ ਰਿਹਾ ਹੈ, ਗਲਤ ਪਰਚੇ ਰਜਿਸਟਰ ਹੁੰਦੇ ਹਨ। Police is used as a tool. ਜਿਸ ਦੀ ਸਰਕਾਰ ਹੁੰਦੀ ਹੈ, ਉਹ ਕੇਸ ਮਰੋੜ ਕੇ ਦੂਸਰੇ ਦੇ ਨਾਂ ਲਗਾ ਦਿੰਦੇ ਹਨ। ਆਪਾਂ ਇੱਥੇ ਗੱਲ ਕਰਦੇ ਹਾਂ, ਬਾਦਲ ਸਾਹਿਬ ਦਾ ਕਹਿਣ ਦਾ ਅੰਦਾਜ਼ ਕੁਝ ਹੋਰ ਹੈ। ਅੰਗਰੇਜ਼ੀ ਵਿੱਚ ਕਹਿੰਦੇ ਹਨ double jeopardy, ਇਹ ਉਸ ਕੁਰਸੀ ਤੇ ਬੈਠੇ ਹਨ ਜਿੱਥੇ ਅਸੀਂ ਇਨ੍ਹਾਂ ਨੂੰ ਗੱਲ ਕਰਦਿਆਂ ਨੂੰ ਵਿਚਾਲੇ ਟੋਕ ਨਹੀਂ ਸਕਦੇ। ਦੂਜੇ, ਉਮਰ ਵਿੱਚ ਇਹ ਇੰਨੇ ਵੱਡੇ ਹਨ ਕਿ ਜਿਵੇਂ ਪਿੰਡਾਂ ਵਿੱਚ ਸੱਥ ਵਿੱਚ ਬਹਿ ਕੇ ਟਿੱਚਰਾਂ ਕਰਦੇ ਹਨ, ਜੇਕਰ ਹੁਣ ਇੱਥੇ ਸੁਖਬੀਰ ਜੀ ਬੈਠੇ ਹੁੰਦੇ ਜਾਂ ਹੁਣ ਜਿਵੇਂ ਇੱਥੇ ਮਜੀਠੀਆ ਜੀ ਗੱਲ ਕਰਦੇ ਹਨ ਤਾਂ ਅਸੀਂ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਨੂੰ ਟੋਕ ਲੈਂਦੇ ਹਾਂ ਪਰ ਬਾਦਲ ਸਾਹਿਬ ਨਾਲ ਅਸੀਂ ਅਜਿਹਾ ਨਹੀਂ ਕਰ ਸਕਦੇ। ਇੰਨੀਆਂ ਸੀਰੀਅਸ ਗੱਲਾਂ ਨੂੰ ਆਪਾਂ ਮਜ਼ਾਕ ਵਿੱਚ ਜਾਂ ਹਾਸੀ-ਠੱਠੇ ਵਿੱਚ ਲਈਏ, ਇਹ ਠੀਕ ਨਹੀਂ ਲਗਦਾ। ਸਪੀਕਰ ਸਾਹਿਬ, ਕਹਿਣ ਨੂੰ ਤਾਂ ਭਾਵੇਂ ਮੈਂ ਵੀ ਕਹਿ ਦਿਆਂ ਇਹ ਜਿਵੇਂ ਕੇਸਾਂ ਦੀ ਗੱਲ ਕਰ ਰਹੇ ਹਨ, ਝੋਟੇ ਦੇ ਡੰਡਾ ਮਾਰਿਆ, ਅਖਾਣ ਹੁੰਦਾ ਸੀ ਕਿ ਮੇਰੀ ਭੈਂਸ ਕੋ ਡੰਡਾ ਕਿਉਂ ਮਾਰਾ? I can refer that to him. ਮੈਂ ਤਿੰਨ ਕੇਸ ਤੁਹਾਨੂੰ ਅਬੋਹਰ ਦੇ ਦਿੱਤੇ ਹਨ ਅਤੇ ਤੁਸੀਂ ਕਹਿ ਰਹੇ ਹੋ ਕਿ... I do not want to defy him. ਆਨਰੇਬਲ ਚੀਫ਼ ਮਨਿਸਟਰ ਸਾਹਿਬ ਨੇ ਕਲ੍ਹ ਵੀ ਰੈਫਰ ਕੀਤਾ ਸੀ ਕਿ ਸੁਨੀਲ ਜੀ, ਜਿਹੜੇ ਤੁਸੀਂ ਕੇਸ ਮੈਨੂੰ ਦਿੱਤੇ ਸੀ ਉਹ ਖਾਰਜ ਹੋ ਗਏ। ਮੈਂ ਇਨ੍ਹਾਂ ਨੂੰ ਉਦੋਂ ਵੀ ਸਬਮਿਟ ਕੀਤਾ ਸੀ ਕਿ ਖਾਰਜ ਨਹੀਂ ਹੋਏ। ਅੱਜ ਵੀ ਮੈਂ ਇੱਥੇ ਆਉਣ ਤੋਂ ਪਹਿਲਾਂ ਚੈੱਕ ਕੀਤਾ ਹੈ ਕਿ no cancellation report has been filed in the Court. ਉਨ੍ਹਾਂ ਦੇ ਸਿਰਾਂ ਤੇ ਤਲਵਾਰ ਲਟਕੀ ਹੈ। I hope, after your statement, it will be done. Speaker Sahib, it is not a matter. ਇਨ੍ਹਾਂ ਨੇ ਬੜੀ ਫਰਾਖਦਿਲੀ ਨਾਲ ਕਿਹਾ ਹੈ ਕਿ ਜਿਹੜਾ ਵੀ ਕੇਸ ਹੋਵੇਗਾ, ਤੁਸੀਂ ਕੇਸ ਲੈ ਕੇ ਆ ਜਾਓ, ਤੁਸੀਂ ਵੀ ਐਡਮਿਨੀਸਟ੍ਰੇਸ਼ਨ ਚਲਾਉਣੀ ਹੈ ਅਤੇ ਅਸੀਂ ਵੀ ਜਿਹੜੇ ਇੱਥੇ ਐਮ.ਐਲ.ਏਜ਼ ਬੈਠੇ ਹਨ, ਅਸੀਂ ਪੁਲਿਸ ਥਾਣਾ ਲਾ ਕੇ ਨਹੀਂ ਬੈਠੇ। ਮੇਰਾ ਵਾਰ-ਵਾਰ ਇਸ ਮਸਲੇ ਨੂੰ ਕਹਿਣ ਦਾ ਭਾਵ ਇਹ ਹੈ ਕਿ ਇਹ ਕਹਿੰਦੇ ਹਨ ਕਿ ਮੈਂ ਵੈਨਡੇਟਾ ਨਹੀਂ ਹੋਣ ਦੇਣਾ ਚਾਹੁੰਦਾ, ਨਾ ਹੀ ਪੁਲਿਸ ਵੈਨਡੈਟਾ ਹੋਵੇਗਾ। ਜਦ ਤੱਕ ਪੁਲਿਸ ਤੇ ਲਗਾਮ ਨਹੀਂ ਪੈਂਦੀ, ਸਪੀਕਰ ਸਾਹਿਬ, It will not happen. ਇੱਥੇ ਪਿਛਲੀ ਵਿਧਾਨ ਸਭਾ ਵਿੱਚ ਪੁਲਿਸ ਰਿਫਾਰਮਜ਼ ਦੀ ਗੱਲ ਹੋਈ ਸੀ, we introduced this Commissionaire System. ਮੁਕਦੀ ਗੱਲ ਜਿਹੜੀ ਉਸ ਵਿੱਚ ਸੀ ਉਹ ਉਸ ਦਿਨ ਡਿਸਕਸ ਨਹੀਂ ਹੋਈ। That is a mechanism. ਸਪੀਕਰ ਸਾਹਿਬ, ਤੁਹਾਡੇ ਰਾਹੀਂ the sum total of all these complaints. ਕਿ ਰੋਜ਼ ਰੋਜ਼ ਕੰਪਲੇਂਟਸ ਨਾ ਆਉਣ rule of law, even applies to the police also. ਇਹ ਜਿਹੜੇ ਖਾਕੀ ਵਰਦੀ ਵਿੱਚ ਤੁਰੇ ਫਿਰਦੇ ਹਨ, ਮੇਰੇ ਕੋਲ ਪੁਲਿਸ ਐਕਟ ਦੀ ਕਾਪੀ ਹੈ। ਜਿਸ ਵਿੱਚ ਰਿਪੋਰਟ ਹੈ, National Human Rights Commission, Rebeiro Committee Report and Sohrabji Committee report. Each one of them talks about it. it has further been recommended that there should be public complaints authority at district level to examine the complaints from the public on police excesses, arbitrary arrests and detentions, false implication in criminal cases, custodial

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਜਾਖੜ]

violence etc., and for making necessary recommendations. ਸਪੀਕਰ ਸਾਹਿਬ, ਇਹ ਡਿਸਟ੍ਰਿਕਟ ਲੈਵਲ ਤੇ ਕਿਸੇ ਜੱਜ ਨੂੰ ਜਾਂ ਇਮਪਾਰਸ਼ੀਅਲ ਅਥਾਰਟੀ ਨੂੰ ਬਿਠਾ ਦੇਣ, ਜਿਸ ਦਾ ਇਨ੍ਹਾਂ ਨੂੰ ਭੈਅ ਹੋਵੇ। ਜਿਹੜੇ ਇਹ ਰਾਤ ਨੂੰ ਬੱਚਿਆਂ ਨੂੰ ਥਾਣੇ ਵਿੱਚ ਬੁਲਾ ਕੇ ਬਿਠਾ ਲੈਂਦੇ ਹਨ, ਇੱਜ਼ਤਦਾਰ ਆਦਮੀ ਨੂੰ ਥਾਣੇ ਵਿੱਚ ਬੁਲਾ ਲੈਂਦੇ ਹਨ, ਕੇਸ ਰਜਿਸਟਰ ਨਹੀਂ ਕਰਦੇ। ਇਸ ਵਿੱਚ ਕੀ ਰਹਿ ਗਿਆ, Is that not a police excess ?

ਪੁਲਿਸ ਥਾਣੇਦਾਰ ਜਾ ਕੇ ਆਇਆ। ਉਹ ਕੇਸ ਮੈਂ ਤੁਹਾਨੂੰ ਦੱਸਿਆ ਨਹੀਂ। ਸਾਡਾ ਹੀ ਜਿਹੜਾ ਮੇਨ ਮੋਹਤਬਰ ਬੰਦਾ ਹੈ, ਉਸ ਦੇ ਚੀਥੜੇ ਲਹਿ ਗਏ, ਥਾਣੇਦਾਰ ਨੇ ਜਾ ਕੇ ਦੋ ਚਾਂਟੇ ਮਾਰ ਦਿੱਤੇ। ਉਸ ਵਿਚਾਰੇ ਦੀ ਕੀ ਇੱਜ਼ਤ ਰਹਿ ਗਈ? ਉਹ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਜੀ ਮੈਂ ਸੁਈਸਾਈਡ ਕਰਨ ਲੱਗਿਆ ਹਾਂ। ਮੈਂ ਕਿਹਾ ਕਿ ਤੂੰ ਸੁਈਸਾਈਡ ਨਾ ਕਰ। ਉਹ ਕਹਿਣ ਲੱਗਾ ਕਿ ਮੈਂ ਥਾਣੇਦਾਰ ਦਾ ਨਾਂ ਲਿਖ ਕੇ ਸੁਈਸਾਈਡ ਕਰਾਂਗਾ। ਮੈਂ ਐਸ.ਪੀ. ਨਾਲ ਗੱਲ ਕੀਤੀ ਕਿ ਤੁਹਾਡੇ ਵਾਲਾ ਇਹ ਥਾਣੇਦਾਰ ਟੰਗਿਆ ਜਾਵੇਗਾ। ਫਿਰ ਉਸ ਨੇ ਉਸ ਵਿਅਕਤੀ ਤੋਂ ਮੁਆਫ਼ੀ ਮੰਗੀ। Speaker Sahib, these things are happening. ਇਨ੍ਹਾਂ ਚੀਜ਼ਾਂ ਤੇ ਨਕੇਲ ਪਾਉਣ ਵਾਸਤੇ ਹੀ ਅਸੀਂ ਕਹਿ ਰਹੇ ਹਾਂ। ਮੈਂ ਆਹ ਰਿਕਾਰਡ ਲੈ ਕੇ (ਫਾਈਲ ਵਿਖਾਉਂਦੇ ਹੋਏ) ਆਇਆ ਹਾਂ ਜੀ। I am sorry I have not gone through all of them. ਮੇਰੇ ਕੋਲ 39 ਕੇਸਿਜ਼ ਪਏ ਹਨ ਜੀ। ਗੁਰਚੇਤ ਭੁੱਲਰ ਜੀ ਦੇ ਕੇਸਿਜ਼ ਦਿੱਤੇ ਹਨ, ਗਿੱਲ ਸਾਹਿਬ ਦੇ ਕੇਸਿਜ਼ ਦਿੱਤੇ ਹਨ ਅਤੇ ਤ੍ਰਿਪਤ ਬਾਜਵਾ ਜੀ ਦੇ ਦਿੱਤੇ ਹਨ, ਜਿਹੜੇ ਕਹਿ ਰਹੇ ਹਨ ਕਿ ਮਰੇ ਹੋਏ ਬੰਦਿਆਂ ਦੇ ਨਾਮ ਕੇਸ ਵਿੱਚ ਪਾ ਦਿੱਤੇ ਗਏ। ਇਸਦਾ ਮਤਲਬ ਹੈ ਕਿ ਕੋਈ ਬੈਠ ਕੇ ਪਰਚਿਆਂ ਵਿੱਚ ਫਰਜ਼ੀ ਨਾਮ ਪੁਆ ਰਿਹਾ ਹੈ। ਕੋਈ ਪੁਆ ਰਿਹਾ ਹੈ, ਜਿਸ ਨੂੰ ਪਤਾ ਹੈ ਕਿ ਫਲਾਣਾ ਵੀ ਕਾਂਗਰਸੀ ਸੀ, ਉਸ ਨੂੰ ਵੀ ਕੇਸ ਦੇ ਵਿੱਚ ਲਪੇਟ ਦਿਉ, ਉਸ ਨੂੰ ਵੀ ਵਿਚਾਲੇ ਲੈ ਲਉ। ਇਸ ਤੇ ਕੋਈ ਮੈਕੇਨਿਜ਼ਮ ਬਣਾਉ। ਮੇਰੀ ਸਬਮਿਸ਼ਨ ਹੈ ਕਿ some mechanisms should be made, some statement should be made. ਜਿਸ ਦੇ ਕਾਰਨ ਤੁਹਾਡੀ ਵੀ ਪਰੇਸ਼ਾਨੀ ਖ਼ਤਮ ਹੋ ਜਾਵੇ ਅਤੇ ਸਾਡੀ ਵੀ ਪਰੇਸ਼ਾਨੀ ਖਤਮ ਹੋ ਜਾਵੇ। You are kind enough. ਸਵਰਗੀਯ ਮਿਸਿਜ਼ ਬਾਦਲ ਜੀ ਦਾ ਜਦੋਂ ਤੁਸੀਂ ਦਰਬਾਰ ਸਾਹਿਬ ਵਿੱਚ ਜਾ ਕੇ ਅਖੰਡ ਪਾਠ ਰਖਵਾਇਆ ਹੈ, he made announcement there also. ਉਥੇ ਇਨ੍ਹਾਂ ਨੇ ਸਪੀਚ ਕੀਤੀ ਸੀ ਕਿ ਮੇਰੇ ਰਾਜ ਵਿੱਚ ਕਿਸੇ ਕਿਸਮ ਦਾ (ਵਿਘਨ) it is a

Original with;
Punjab Vidhan Sabha
Digitized by;
Panjab Digital Library

public knowledge and we appreciate his feelings. ਪਰ ਉਨ੍ਹਾਂ ਫੀਲਿੰਗਜ਼ ਨੂੰ ਕਿਤੇ ਕਨਵਰਟ ਤਾਂ ਕਰੀਏ। ਬਿਲਕੁਲ ਮਿਸਜ਼ ਬਰਾੜ ਨੇ ਠੀਕ ਕਿਹਾ ਹੈ ਕਿ ਉਹ ਜਿਹੜਾ ਹਲਕਾ ਇੰਚਾਰਜ ਹੈ, ਹੋ ਸਕਦਾ ਹੈ ਕਿ ਤੁਸੀਂ ਆਰਡਰ ਨਾ ਕੀਤੇ ਹੋਣ, ਹੋ ਸਕਦਾ ਹੈ, ਉੱਥੇ ਕੁਝ ਨਹੀਂ ਹੋ ਰਿਹਾ, otherwise you won't have been bothered ਇਨ੍ਹਾਂ ਦੀ ਚੈਕਿੰਗ ਕਰਵਾਉ ਜਾਂ ਨਾ ਕਰਵਾਉ। ਬਾਦਲ ਸਾਹਿਬ, ਐਕਸੈਸਿਜ਼ ਤਾਂ ਹੋ ਰਹੀਆਂ ਹਨ। ਤੁਸੀਂ ਕਿਸੇ ਤਰ੍ਹਾਂ ਉਸ ਨੂੰ ਪਰੈਜੇਂਟ ਕਰ ਦਿਉ। ਨਕੇਲ ਪਾ ਕੇ, make the police answerable. ਜਿਸ ਦਿਨ ਪੁਲਿਸ ਨੂੰ ਆਂਸਰੇਬਲ ਬਣਾ ਦਿਉਗੇ, ਜਿਸ ਰਾਮ-ਰਾਜ ਦੀ ਗੱਲ ਕਰਦੇ ਹੋ, ਅੱਧਾ ਕੁ ਰਾਮ-ਰਾਜ ਤਾਂ ਉਸੇ ਦਿਨ ਹੀ ਆ ਜਾਵੇਗਾ। Make them accountable. ਉਨ੍ਹਾਂ ਨੂੰ ਇਹ ਨਾ ਹੋਵੇ ਕਿ ਅਸੀਂ ਤਾਂ ਸਰਕਾਰੀ ਨੌਕਰੀ ਕਰਦੇ ਹਾਂ, ਖਾਕੀ ਵਰਦੀ ਪਾਈ ਬੈਠੇ ਹਾਂ ਅਤੇ ਕੁਝ ਵੀ ਕਰ ਸਕਦੇ ਹਾਂ। ਡਿਸਟ੍ਰਿਕਟ ਲੈਵਲ ਤੇ ਕੰਪਲੇਂਟਸ ਸਬੰਧੀ ਅਥਾਰਿਟੀ ਬਣਾ ਦਿਉ ਜੀ। ਮੈਂ ਫਿਰ ਕਹਿੰਦਾ ਹਾਂ ਕਿ ਪੁਲਿਸ ਰਿਫੋਰਮਜ਼ ਐਕਟ ਤੇ ਇੱਕ ਸਪੈਸ਼ਲ ਸੈਸ਼ਨ ਬੁਲਾ ਦਿਉ ਜੀ, let us have a thorough discussion on that. ਜਿਸ ਦਿਨ ਇਹ ਡਿਸਕਸ਼ਨ ਹੋ ਰਹੀ ਸੀ, ਉਸ ਦਿਨ ਰਾਤ 7.00 ਵਜੇ ਸੈਸ਼ਨ ਦੌਰਾਨ ਮੈਂ ਖੜ੍ਹਾ ਹੋਇਆ ਸੀ। ਉਸ ਦਿਨ ਨਾਭਾ ਸਾਹਿਬ ਬੋਲੇ ਸੀ। I believe you were speaking. ਇਨ੍ਹਾਂ ਨੇ 45 ਮਿੰਟ ਲਏ ਸੀ। ਮੈਂ ਸਾਰਿਆਂ ਨੂੰ ਰਿਕੁਐਸਟ ਕੀਤੀ ਸੀ ਸਾਰੇ ਕਹਿਣ ਲੱਗੇ, ਕਹਿੰਦੇ, ਬਹਿ ਜਾ ਜਾਖੜ ਬਹਿ ਜਾ, ਰੋਟੀ ਵੀ ਖਾਣੀ ਹੈ। ਮੈਂ ਕਿਹਾ ਸੀ ਕਿ ਮੈਂ ਸਾਰਿਆਂ ਨੂੰ ਡਿਨਰ ਖਵਾ ਦਿਆਂਗਾ, let us discuss this. ਥਾਣੇ ਦੇ ਬਾਹਰ ਲਿਖਿਆ ਹੋਇਆ ਹੈ ਕਿ ਯਹਾਂ ਆਕਰ ਗੂੰਗੇ ਬਹਿਰੇ ਭੀ ਬੋਲਤੇ ਹੈਂ। ਪਰ ਮੈਂ ਕਹਿੰਦਾ ਹਾਂ ਕਿ ਉਥੇ ਲਿਜਾ ਕੇ ਸਾਰਾ ਕੁਝ ਬੁਲਾ ਦਿੰਦੇ ਹਨ। (ਵਿਘਨ) We have to discuss these issues. ਸਪੀਕਰ ਸਾਹਿਬ, ਡਿਸਕਸ ਕਰਨ ਵਾਸਤੇ ਕੋਈ ਨਾ ਕੋਈ ਪੁਲਿਸ ਰਿਫਾਰਮਜ਼ (ਵਿਘਨ) ਲੈ ਲਉ। This is my submission....... rather then taking pot shots. ਕਿ ਮੈਂ ਕੋਈ ਟਿੱਚਰ ਕਰ ਦਿੱਤੀ, ਉਧਰੋਂ ਕਿਸੇ ਨੇ ਟਿੱਚਰ ਕਰ ਦਿੱਤੀ, ਇਸ ਤਰ੍ਹਾਂ ਸਪੀਕਰ ਸਾਹਿਬ, ਕੋਈ ਨਤੀਜਾ ਨਹੀਂ ਨਿਕਲਣਾ।

**ਮਾਨਯੋਗ ਸਪੀਕਰ:** ਚਲੋ, ਉਨ੍ਹਾਂ ਨੇ ਸਟੇਟਮੈਂਟ ਦੇ ਦਿੱਤੀ ਹੈ। ਜਿਹੜਾ ਤੁਹਾਡਾ ਕੋਈ ਹੋਰ ਕੇਸ ਹੈ, ਉਹ ਦੇ ਦਿਉ, ਉਹ ਆਪੇ ਦੇਖ ਲੈਣਗੇ।

**ਸ਼੍ਰੀ ਸੁਨੀਲ ਜਾਖੜ:** ਮੇਰੀ ਆਨਰੇਬਲ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਇਸ ਦੇ ਉੱਤੇ ਕੋਈ ਅਥਾਰਿਟੀ ਬਣਾਉਣ ਤਾਂ ਕਿ ਪੁਲਿਸ ਤੇ ਨਕੇਲ ਹੋਵੇ। Thank you so much.

Original with;
Punjab Vidhan Sabha
Digitized by;
Panjab Digital Library

# MATTERS RAISED DURING ZERO HOUR

**ਕੁਝ ਅਵਾਜ਼ਾਂ:** ਸਪੀਕਰ ਸਾਹਿਬ, ਹੁਣ ਜ਼ੀਰੋ ਆਵਰ ਹੈ ਜੀ।

**ਮਾਨਯੋਗ ਸਪੀਕਰ:** ਹੁਣ ਆਪਾਂ ਇੰਨਾ ਸਮਾਂ ਤਾਂ ਲੈ ਲਿਆ ਹੈ। (ਵਿਘਨ) (ਸ਼ੋਰ) ਚਲੋ, ਦੋ-ਚਾਰ ਸਵਾਲ ਕਰ ਲਉ ਜੀ। ਕੰਗ ਸਾਹਿਬ ਦੱਸੋ, ਤੁਹਾਡਾ ਕੀ ਪੁਆਇੰਟ ਹੈ?

**ਸਰਦਾਰ ਜਗਮੋਹਨ ਸਿੰਘ ਕੰਗ:** ਮਾਨਯੋਗ ਸਪੀਕਰ ਸਾਹਿਬ, ਮੇਰੇ ਵਿਧਾਨ ਸਭਾ ਹਲਕਾ ਖਰੜ ਦੇ ਵਿੱਚ ਬਲਾਕ ਮਾਜਰੀ, ਪਿੰਡ ਜੈਅੰਤੀ ਮਾਜਰੀ ਪੈਂਦਾ ਹੈ, ਉੱਥੇ ਇੱਕ ਭੂ-ਮਾਫੀਏ, ਸ਼ਾਮ ਲਾਲ ਨਾਂ ਦੇ ਨੇ 900 ਏਕੜ ਜ਼ਮੀਨ ਦਾ ਘਪਲਾ ਕੀਤਾ ਹੈ, ਪਹਿਲਾਂ ਇਨਕੁਆਇਰੀ ਡੀ.ਸੀ. ਸਾਹਿਬ ਅਤੇ ਐਸ.ਐਸ. ਪੀ. ਸਾਹਿਬ ਵੱਲੋਂ ਕੀਤੀ ਗਈ ਸੀ ਅਤੇ ਮਿਤੀ 11.4.2012 ਨੂੰ ਐਫ.ਆਈ.ਆਰ ਨੰ: 39 ਤਹਿਤ ਥਾਣਾ ਕੁਰਾਲੀ, ਜ਼ਿਲ੍ਹਾ ਮੁਹਾਲੀ ਵਿਖੇ ਪਰਚਾ ਦਰਜ ਹੋ ਗਿਆ ਸੀ। ਉਹ ਬੰਦਾ ਐਂਟੀਸੀਪੇਟਰੀ ਬੇਲ ਵਾਸਤੇ ਸੈਸ਼ਨ ਕੋਰਟ ਵਿੱਚ ਗਿਆ, ਉਹ ਰਿਜੈਕਟ ਹੋ ਗਈ, ਹਾਈ ਕੋਰਟ ਵਿੱਚ ਗਿਆ ਤਾਂ ਵੀ ਰਿਜੈਕਟ ਹੋ ਗਈ ਅਤੇ ਸੁਪਰੀਮ ਕੋਰਟ ਵਿੱਚ ਗਿਆ ਤਾਂ ਵੀ ਰਿਜੈਕਟ ਹੋ ਗਈ। ਪਰ ਅਜੇ ਤੱਕ ਉਹ ਬੰਦਾ ਸ਼ਰੇਆਮ ਤੁਰਿਆ ਫਿਰਦਾ ਹੈ। ਡੀ.ਐਸ.ਪੀ., ਖਰੜ ਵਧੀਆ ਅਫ਼ਸਰ ਹੈ, ਈਮਾਨਦਾਰ ਹੈ, ਉਸ ਦੇ ਕੋਲ ਇਨਕੁਆਇਰੀ ਸੀ। ਪਰ ਕੁਝ ਵੀ.ਆਈ.ਪੀ. ਇਸ ਦੋਸ਼ੀ ਬੰਦੇ ਨੂੰ ਸਪੋਰਟ ਕਰ ਰਹੇ ਹਨ। ਉਨ੍ਹਾਂ ਨੇ ਇਨਕੁਆਇਰੀ ਏ.ਡੀ.ਜੀ.ਪੀ. ਕਰਾਈਮ ਨੂੰ ਦਿਵਾ ਦਿੱਤੀ ਹੈ ਔਰ ਸਾਨੂੰ ਪੂਰਾ ਖਦਸ਼ਾ ਹੈ ਕਿ ਸਾਨੂੰ ਉਥੇ ਇਨਸਾਫ ਨਹੀਂ ਮਿਲਣਾ। ਮੈਂ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਜਾਂ ਹੋਮ ਮਨਿਸਟਰ ਸਾਹਿਬ ਇਹ ਬਿਆਨ ਦੇਣ ਕਿ ਉਸ ਸ਼ਾਮ ਲਾਲ ਦੀ ਜਲਦੀ ਗ੍ਰਿਫਤਾਰੀ ਹੋਵੇਗੀ ਅਤੇ ਲੋੜੀਂਦੀ ਕਾਰਵਾਈ ਹੋਵੇਗੀ। ਸਾਡੇ ਇਲਾਕੇ ਦਾ ਮਸਲਾ ਹੈ, ਸਵੇਰੇ ਜਦੋਂ ਮੈਂ ਤੁਰਨ ਲੱਗਿਆ ਹਾਂ ਤਾਂ ਇਸ ਇਲਾਕੇ ਦਾ ਤਕਰੀਬਨ 100 ਬੰਦਾ ਇਕੱਠਾ ਹੋ ਕੇ ਮੇਰੇ ਕੋਲ ਆ ਗਿਆ.........

**ਮਾਨਯੋਗ ਸਪੀਕਰ:** ਤੁਹਾਡਾ ਪੁਆਇੰਟ ਆ ਗਿਆ। ਸੇਖੜੀ ਸਾਹਿਬ।

**ਸ਼੍ਰੀ ਅਸ਼ਵਨੀ ਸੇਖੜੀ:** ਸਪੀਕਰ ਸਾਹਿਬ, ਧੰਨਵਾਦ ਜੀ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਦੋ-ਤਿੰਨ ਮਿੰਟ ਦਿੱਤੇ ਹਨ। ਮੁੱਖ ਮੰਤਰੀ ਸਾਹਿਬ ਹਾਲਾਂਕਿ ਚਲੇ ਗਏ। ਉਨ੍ਹਾਂ ਨੇ ਆਪਣੇ ਮਨ ਦੀ ਦਸ਼ਾ ਤੇ ਪਾਲਿਸੀ ਬਾਰੇ ਬਹੁਤ ਅੱਛਾ ਦੱਸਿਆ ਹੈ। ਪਰ ਇਹ 39 ਕੇਸਿਜ਼ ਜਿਹੜੇ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਸਰਕਾਰ ਨੂੰ ਦਿੱਤੇ ਸੀ, ਮੁੱਖ ਮੰਤਰੀ ਸਾਹਿਬ ਖੁਦ ਮੰਨ ਕੇ ਗਏ ਕਿ 7.6% ਜਿਹੜੇ ਕੇਸ ਹਨ, ਡੈਫੀਨੇਟਲੀ 100% ਝੂਠੇ ਬਣੇ ਅਤੇ 30.7% ਕੇਸ ਅਜਿਹੇ ਹਨ ਜਿਨ੍ਹਾਂ

Original with;
Punjab Vidhan Sabha
Digitized by;
Panjab Digital Library

ਵਿੱਚ ਝੂਠੇ ਨਾਮ ਪਾਏ ਗਏ। ਇਸ ਦਾ ਮਤਲਬ ਹੈ ਕਿ 38.46% ਜਿਹੜੇ ਕੇਸਿਜ਼ ਹਨ, ਉਨ੍ਹਾਂ ਵਿੱਚ ਝੂਠੇ ਮੁਕਦਮੇ ਦਰਜ ਹੁੰਦੇ ਪਏ ਹਨ।

ਮੁੱਖ ਮੰਤਰੀ ਸਾਹਿਬ ਨੇ ਹਾਊਸ ਵਿੱਚ ਕਿਹਾ ਹੈ, ਮੈਂ ਸਵਾਗਤ ਵੀ ਕਰਦਾ ਹਾਂ ਇਸ ਗੱਲ ਦਾ ਔਰ ਇਹ ਪਹਿਲੀ ਅਸੈਂਬਲੀ ਹੈ ਹਿੰਦੁਸਤਾਨ ਦੀ ਜਿੱਥੇ ਇਹ ਕਿਹਾ ਗਿਆ ਹੈ ਕਿ ਰਾਮ ਰਾਜ ਸਥਾਪਤ ਕਰਨਾ ਹੈ ਤੇ ਰਾਮ ਰਾਜ ਵਿੱਚ 38.46% ਲੋਕਾਂ ਨੂੰ ਨਜਾਇਜ਼ ਤੰਗ ਨਹੀਂ ਕੀਤਾ ਜਾ ਸਕਦਾ, ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਲਈ ਕੋਈ ਡੈਫੀਨੇਟ ਪਾਲਿਸੀ ਬਣਾਉਣੀ ਚਾਹੀਦੀ ਹੈ, ਜਿਸ ਨਾਲ ਝੂਠੇ ਕੇਸ ਨਾ ਬਨਣ।

**ਮਾਲ ਤੇ ਮੁੜ ਵਸੇਬਾ ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਲੇ ਮੰਤਰੀ (ਬੈਠੇ-ਬੈਠੇ):** ਬਜਟ ਤਾਂ ਪਾਸ ਹੋ ਗਿਆ ਹੈ, ਤੁਸੀਂ ਹਾਲੇ 38.46% ਵਿੱਚ ਹੀ ਫਸੇ ਹੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਧੰਨਵਾਦ ਜੀ। ਮੈਂ ਹਾਊਸ ਦਾ ਧਿਆਨ ਸੜਕ ਹਾਦਸਿਆਂ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ 2005 ਵਿੱਚ 4515 ਐਕਸੀਡੈਂਟ ਹੋਏ, 2006 ਵਿੱਚ 4537 ਹੋਏ, 2007 ਵਿੱਚ 5208 ਔਰ 2009 ਵਿੱਚ 6425 ਹੋਏ ਔਰ 2010 ਵਿੱਚ 6641 ਐਕਸੀਡੈਂਟ ਕੇਸ ਹੋਏ ਲੇਕਿਨ ਇਨ੍ਹਾਂ ਵਿੱਚੋਂ 30% ਕੇਸਿਜ਼ ਜਿਹੜੇ ਹੋਏ, ਉਹ ਆਵਾਰਾ ਪਸ਼ੂਆਂ ਕਰਕੇ ਹੋਏ ਜਿੱਥੇ ਲੋਕਾਂ ਦੀ ਮੌਤ ਹੋਈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਅਖਬਾਰ ਵਿੱਚ ਨਿਊਜ਼ ਸੀ ਕਿ ਮਈ 16, 2012 ਨੂੰ ਏ.ਡਬਲਿਊ.ਬੀ.ਆਈ ਨਾਲ ਐਮ.ਓ.ਯੂ ਸਾਈਨ ਕੀਤਾ ਹੈ। ਕੁੱਤਿਆਂ ਲਈ ਔਰ ਆਵਾਰਾਂ ਪਸ਼ੂਆਂ ਲਈ।

**ਮਾਨਯੋਗ ਸਪੀਕਰ:** ਇਸ ਤੇ ਹਾਲੇ ਡਿਸਕਸ਼ਨ ਹੋਣੀ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਲੇਕਿਨ ਇਹ ਵੀ ਮੈਂ ਕਹਿਣਾ ਚਾਹੁੰਦਾ ਹਾਂ ਹਾਊਸ ਵਿੱਚ ਕਿ ਟੋਟਲ 403 ਗਊਸ਼ਾਲਾ ਹਨ। ਰਾਜਸਥਾਨ ਬਾਰਡਰ ਤੋਂ, ਕਿਉਂਕਿ ਗਿੱਦੜਬਾਹਾ ਹਲਕਾ ਉਥੇ ਮੇਰਾ ਨਾਲ ਪੈਂਦਾ ਹੈ, ਉੱਥੇ ਟਰੱਕਾਂ ਦੇ ਟਰੱਕ ਗਊਆਂ ਲਿਆ ਕੇ ਆਵਾਰਾ ਪਸ਼ੂਆਂ ਦੇ ਲਿਆ ਕੇ ਛੱਡੇ ਜਾਂਦੇ ਹਨ ਜਾਂ ਜਿਹੜੀਆਂ ਪਸ਼ੂ ਮੰਡੀਆਂ ਲਗਦੀਆਂ ਹਨ, ਉਨ੍ਹਾਂ ਵਿੱਚ ਵੀ ਲੋਕ ਜਿਹੜੇ ਫੰਡਰ ਨਕਾਰਾ ਪਸ਼ੂ ਹੁੰਦੇ ਹਨ ਉਨ੍ਹਾਂ ਨੂੰ ਛੱਡ ਕੇ ਚਲੇ ਜਾਂਦੇ ਹਨ। ਬੇਸ਼ੱਕ ਇਸ ਲਈ ਜਿੰਨੀਆਂ ਮਰਜ਼ੀ ਗਊਸ਼ਾਲਾ ਬਣਾ ਲਓ.....

**ਮਾਨਯੋਗ ਸਪੀਕਰ:** ਠੀਕ ਹੈ ਜੀ, ਥੈਂਕ ਯੂ। ਬੈਠੋ। ਤੁਹਾਡਾ ਪੁਆਇੰਟ ਆ ਗਿਆ। ਹੁਣ ਚੰਨੀ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ ਮੈਂ ਇੱਕੋ ਗੱਲ ਕਰਨੀ ਹੈ। ਸੈਸ਼ਨ ਚੱਲ ਰਿਹਾ ਹੈ ਔਰ ਇਸ ਕਰਕੇ ਕਾਫੀ ਲੋਕ ਆਪਣੇ ਮੈਸੇਜ਼ ਭੇਜਦੇ ਹਨ। ਮੈਨੂੰ ਕਾਲਜ ਦੇ ਬੱਚਿਆਂ ਦੇ ਮੈਸੇਜ਼ ਆਏ ਹਨ। ਮੈਂ ਐਜੂਕੇਸ਼ਨ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 1000 ਪੋਸਟਾਂ ਕਾਲਜਾਂ ਵਿੱਚ ਖਾਲੀ ਪਈਆਂ ਹਨ ਟੋਟਲ 1800-2000 ਦੇ ਲਗਭਗ ਹਨ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿੱਥੇ ਸਕੂਲਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਬੜਾ ਇੰਤਜ਼ਾਮ ਹੋ ਰਿਹਾ ਹੈ, ਮੰਤਰੀ ਜੀ ਨੇ ਵੀ ਕਿਹਾ ਹੈ ਸਕੂਲਾਂ ਵੱਲ ਕਾਫੀ ਧਿਆਨ ਦਿੱਤਾ ਜਾ ਰਿਹਾ ਹੈ, ਲੇਕਿਨ ਨਾਲ-ਨਾਲ ਕਾਲਜਾਂ ਦੀ ਪੜ੍ਹਾਈ ਤੇ ਵੀ ਧਿਆਨ ਦੇਣ ਦੀ ਜ਼ਰੂਰਤ ਹੈ। ਇੰਨੀਆਂ ਆਸਾਮੀਆਂ ਖਾਲੀ ਪਈਆਂ ਹਨ, ਉਨ੍ਹਾਂ ਨੂੰ ਸਰਕਾਰ ਛੇਤੀ ਤੋਂ ਛੇਤੀ ਭਰੇ ਤਾਕਿ ਕਾਲਜਾਂ ਦੇ ਬੱਚਿਆਂ ਦੀ ਮੁਸ਼ਕਲ ਦੂਰ ਹੋ ਸਕੇ।

**ਸਰਦਾਰ ਬਲਬੀਰ ਸਿੰਘ ਸਿੱਧੂ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਇਲਾਕੇ ਵਿੱਚ ਜ਼ਿਮੀਦਾਰ ਪਿਛਲੇ 28-30 ਸਾਲਾਂ ਤੋਂ ਆਪਣੀਆਂ ਜ਼ਮੀਨਾਂ ਵੇਚਦੇ ਆ ਰਹੇ ਹਨ ਔਰ ਲੋਕਾਂ ਨੇ ਉਥੇ ਆਪਣੀਆਂ ਕੋਠੀਆਂ ਬਣਾ ਲਈਆਂ ਹਨ। ਇਸ ਵਿੱਚ ਇੱਕ ਬਿਚੋਲਾ ਹੈ ਜੋ ਕਾਲੋਨਾਈਜ਼ਰ ਹੈ। ਕਾਲੋਨਾਈਜ਼ਰ ਜ਼ਮੀਨ ਲੈਂਦਾ ਹੈ ਔਰ ਸਿੱਧੀ ਰਜਿਸਟਰੀ ਉਹ ਕੰਜ਼ਿਊਮਰ ਦੇ ਨਾਂ ਹੁੰਦੀ ਹੈ। ਇੱਕ ਤਾਂ ਇਸ ਵਿੱਚ ਸਰਕਾਰ ਦਾ ਰੈਵੇਨਿਊ ਲੋਸ ਹੈ ਦੂਸਰਾ ਜਿਹੜਾ ਪਰਚਾ ਹੈ, ਉਹ ਕਾਲੋਨਾਈਜ਼ਰ ਦੇ ਖਿਲਾਫ ਦੇਣਾ ਚਾਹੀਦਾ ਹੈ। ਪਰਚਾ ਫਾਰਮਰ ਦੇ ਖਿਲਾਫ ਦਿੱਤਾ ਜਾ ਰਿਹਾ ਹੈ। ਜਿਹੜਾ ਬਿਚੋਲਾ ਹੈ ਉਸ ਐਂਵੇਂ ਹੀ ਮਾਇਆ ਕੱਠੀ ਕਰੀ ਜਾਂਦਾ ਹੈ ਔਰ ਜਿਹੜਾ ਜ਼ਿਮੀਦਾਰ ਹੈ, ਉਹ ਐਵੇਂ ਫਸ ਜਾਂਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਕਾਲੋਨਾਈਜ਼ਰ ਰਜਿਸਟਰੀ ਆਪਣੇ ਨਾਂ ਤੇ ਕਰਾਵੇ ਉਸ ਤੋਂ ਬਾਅਦ ਕੰਜ਼ਿਊਮਰ ਦੇ ਨਾਂ ਤੇ ਹੋਵੇ ਔਰ ਜਿਹੜੇ ਕਿਸਾਨਾਂ ਪਰ ਕੇਸ ਪਾਏ ਗਏ ਹਨ, ਉਹ ਵਾਪਸ ਲਏ ਜਾਣ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਬਹੁਤ ਮਿਹਰਬਾਨੀ ਤੁਹਾਡੀ। ਬੜਾ ਸੀਰੀਅਸ ਮਸਲਾ ਹੈ, ਲੋਕਲ ਗੌਰਮਿੰਟ ਦਾ ਮਸਲਾ ਹੈ ਜੀ। ਸਰਦੂਲਗੜ੍ਹ ਸਬਡਵੀਜ਼ਨ ਵਿੱਚ ਨਗਰ ਨਿਗਮ ਐਕਟ ਅਧੀਨ ਥੋੜ੍ਹੀ ਜਿਹੀ ਜ਼ਮੀਨ ਹੈ ਜੀ, ਤਿੰਨ ਏਕੜ। ਉਹ ਮੈਂ ਮਸਲਾ ਰੇਜ਼ ਵੀ ਕਰ ਦਿੱਤਾ ਸੀ, ਡੀ.ਸੀ. ਸਾਹਿਬ ਨੂੰ ਵੀ ਕਹਿ ਦਿੱਤਾ। ਉਹ ਕਰੋੜਾਂ ਰੁਪਏ ਦੀ ਜ਼ਮੀਨ ਹੈ। ਅੱਜ ਉਹ ਇੱਕ ਇੱਕ ਲੱਖ ਰੁਪਏ ਦਾ ਪਲਾਟ ਵਿਕ ਰਿਹਾ ਹੈ। ਨਾ ਕੋਈ ਉਸ ਦਾ ਮਤਾ ਪਾਇਆ ਹੈ, ਨਾ ਕੋਈ ਉਸ ਦੀ ਬੋਲੀ ਕੀਤੀ ਹੈ, ਨਾ ਕਿਸੇ ਅਖ਼ਬਾਰ ਵਿੱਚ ਦਿੱਤਾ ਹੈ। ਉਸ ਨੂੰ ਤੁਰੰਤ ਰੋਕਿਆ ਜਾਵੇ।

---

Original with;
Punjab Vidhan Sabha
Digitized by;
Panjab Digital Library

## CALL ATTENTION NOTICE UNDER RULE 66

(ਕ੍ਰਮ ਨੰ: 21)

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਪੰਜਾਬ ਸਰਕਾਰ ਤੋਂ ਸਿੱਖਿਆ ਵਿਭਾਗ ਵਿੱਚ ਲੈਕਚਰਾਰ/ਮਾਸਟਰ ਡੈਪੂਟੇਸ਼ਨ ਤੇ ਰੱਖਣ ਲਈ ਪੰਜਾਬ ਤੋਂ ਪੰਜਾਬ ਦਾ ਬਣਦਾ ਹੱਕ ਦੇਣ ਲਈ ਮੰਗੇ ਹਨ। ਪਰ ਸਿੱਖਿਆ ਵਿਭਾਗ, ਪੰਜਾਬ ਵੱਲੋਂ ਇਨ੍ਹਾਂ ਚੁਣੇ ਹੋਏ ਅਧਿਆਪਕਾਂ/ਲੈਕਚਰਾਰਾਂ ਨੂੰ ਫਾਰਗ ਨਹੀਂ ਕੀਤਾ ਜਾ ਰਿਹਾ। ਜਿਸ ਕਾਰਨ ਸਬੰਧਤ ਅਧਿਆਪਕਾਂ ਵਿੱਚ ਬੇਚੈਨੀ ਪਾਈ ਜਾ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਰਦਾਰ ਸਿਕੰਦਰ ਸਿੰਘ ਮਲੂਕਾ (ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ):** ਚੰਡੀਗੜ੍ਹ ਪ੍ਰਸ਼ਾਸ਼ਨ ਵਿਖੇ ਮੁੱਖ ਅਧਿਆਪਕਾਵਾਂ ਨੂੰ ਡੈਪੂਟੇਸ਼ਨ ਤੇ ਭੇਜਣ ਲਈ ਪੰਜਾਬ ਸਰਕਾਰ ਦੇ ਪੱਤਰ ਮਿਤੀ 10.10.11 ਰਾਹੀਂ 3 ਮੁੱਖ ਅਧਿਆਪਕਾਵਾਂ ਦਾ ਪੈਨਲ ਚੰਡੀਗੜ੍ਹ ਪ੍ਰਸ਼ਾਸ਼ਨ ਨੂੰ ਭੇਜਿਆ ਗਿਆ ਸੀ। ਉਨ੍ਹਾਂ ਵੱਲੋਂ ਆਪਣੇ ਪੱਤਰ ਮਿਤੀ 19.04.2012 ਰਾਹੀਂ ਇਨ੍ਹਾਂ 3 ਮੁੱਖ ਅਧਿਆਪਕਾਵਾਂ ਨੂੰ ਡੈਪੂਟੇਸ਼ਨ ਲਈ ਸਿਲੈਕਟ ਕਰਕੇ ਰਲੀਵ ਕਰਨ ਹਿਤ ਕਿਹਾ ਗਿਆ ਸੀ। ਇਨ੍ਹਾਂ ਨੂੰ ਸਰਕਾਰ ਦੁਆਰਾ ਰਲੀਵ ਕਰਨ ਉਪਰੰਤ ਚੰਡੀਗੜ੍ਹ ਪ੍ਰਸ਼ਾਸ਼ਨ ਵਿਖੇ ਪਹਿਲਾਂ ਹੀ ਡਿਊਟੀ ਜੁਆਇੰਨ ਕਰ ਚੁੱਕੇ ਹਨ। ਇਸੇ ਪ੍ਰਕਾਰ ਡੀ.ਪੀ.ਆਈ. ਵੱਲੋਂ ਭੇਜੇ 2 ਪ੍ਰਿੰਸੀਪਲਾਂ ਦੇ ਨਾਵਾਂ ਦੀ ਵੀ ਚੰਡੀਗੜ੍ਹ ਪ੍ਰਸ਼ਾਸ਼ਨ ਵੱਲੋਂ ਮਿਤੀ 20.03.12 ਦੇ ਹੁਕਮਾਂ ਅਨੁਸਾਰ ਚੋਣ ਕੀਤੀ ਗਈ ਸੀ। ਇਹ ਚੰਡੀਗੜ੍ਹ ਪ੍ਰਸ਼ਾਸ਼ਨ ਵਿਖੇ ਜੁਆਇਨ ਕਰ ਚੁੱਕੇ ਹਨ।

2. ਇਸੇ ਪ੍ਰਕਾਰ ਜੇ.ਬੀ.ਟੀ./ਈ.ਟੀ.ਟੀ. ਅਧਿਆਪਕਾਂ ਨੂੰ ਡੈਪੂਟੇਸ਼ਨ ਤੇ ਭੇਜਣ ਲਈ ਪੰਜਾਬ ਸਰਕਾਰ ਦੇ ਪੱਤਰ ਮਿਤੀ 23.12.11 ਰਾਹੀਂ 22 ਅਧਿਆਪਕਾਂ ਦਾ ਪੈਨਲ ਚੰਡੀਗੜ੍ਹ ਪ੍ਰਸ਼ਾਸ਼ਨ ਨੂੰ ਭੇਜਿਆ ਗਿਆ ਸੀ। ਇਨ੍ਹਾਂ ਦੀ ਚੋਣ ਚੰਡੀਗੜ੍ਹ ਪ੍ਰਸ਼ਾਸ਼ਨ ਦੁਆਰਾ ਆਪਣੇ ਪੱਤਰ ਮਿਤੀ 20.04.2012 ਰਾਹੀਂ ਕਰਨ ਉਪਰੰਤ ਪੰਜਾਬ ਸਰਕਾਰ ਦੇ ਪੱਤਰ ਮਿਤੀ 11.06.2012 ਅਨੁਸਾਰ ਇਨ੍ਹਾਂ ਨੂੰ ਫਾਰਗ ਕਰਨ ਬਾਰੇ ਡੀ.ਪੀ.ਆਈ (ਐ.ਸਿ) ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਉਨ੍ਹਾਂ ਵਲੋਂ ਆਪਣੇ ਪੱਤਰ ਮਿਤੀ 26.06.12 ਅਨੁਸਾਰ ਇਨ੍ਹਾਂ ਸਾਰੇ ਸਿਲੈਕਟ ਹੋਏ ਅਧਿਆਪਕਾਂ ਨੂੰ

Original with;
Panjab Vidhan Sabha
Digitized by;
Panjab Digital Library

[ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ]

ਫਾਰਗ ਕਰਨ ਲਈ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰਾਂ (ਐ.ਸਿ) ਨੂੰ ਹਦਾਇਤ ਕੀਤੀ ਜਾ ਚੁੱਕੀ ਹੈ।

3. ਚੰਡੀਗੜ੍ਹ ਪ੍ਰਸ਼ਾਸ਼ਨ ਵਿਖੇ ਮਾਸਟਰਾਂ ਨੂੰ ਡੈਪੂਟੇਸ਼ਨ ਤੇ ਭੇਜਣ ਲਈ ਪੰਜਾਬ ਸਰਕਾਰ ਦੇ ਪੱਤਰ ਮਿਤੀ 8.8.11 ਰਾਹੀਂ 6 ਮਾਸਟਰਾਂ ਅਤੇ ਇੱਕ ਲੈਕਚਰਾਰ ਦਾ ਪੈਨਲ ਚੰਡੀਗੜ੍ਹ ਪ੍ਰਸ਼ਾਸ਼ਨ ਨੂੰ ਭੇਜਿਆ ਗਿਆ ਸੀ। ਉਨ੍ਹਾਂ ਵਲੋਂ ਆਪਣੇ ਪੱਤਰ ਮਿਤੀ 15.2.2012 ਰਾਹੀਂ ਇਨ੍ਹਾਂ ਵਿੱਚੋਂ 6 ਮਾਸਟਰਾਂ ਅਤੇ ਇੱਕ ਹੋਰ ਵਾਧੂ ਮਾਸਟਰ (ਲੜੀ ਨੰ: 7) ਨੂੰ ਡੈਪੂਟੇਸ਼ਨ ਲਈ ਸਿਲੈਕਟ ਕਰਕੇ ਰਿਲੀਵ ਕਰਨ ਹਿਤ ਕਿਹਾ ਗਿਆ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਪ੍ਰਸ਼ਾਸ਼ਨ ਵਿਖੇ ਲੈਕਚਰਾਰਾਂ ਨੂੰ ਡੈਪੂਟੇਸ਼ਨ ਤੇ ਭੇਜਣ ਲਈ। ਸਰਕਾਰ ਦੇ ਪੱਤਰ ਮਿਤੀ 14.9.11 ਰਾਹੀਂ 12 ਲੈਕਚਰਾਰਾਂ ਦਾ ਪੈਨਲ ਚੰਡੀਗੜ੍ਹ ਪ੍ਰਸ਼ਾਸ਼ਨ ਨੂੰ ਭੇਜਿਆ ਗਿਆ ਸੀ। ਉਨ੍ਹਾਂ ਵਲੋਂ ਆਪਣੇ ਪੱਤਰ ਮਿਤੀ 17.5.2012 ਰਾਹੀਂ ਇਨ੍ਹਾਂ ਵਿੱਚੋਂ ਤਿੰਨ ਲੈਕਚਰਾਰਾਂ ਨੂੰ ਡੈਪੂਟੇਸ਼ਨ ਲਈ ਸਿਲੈਕਟ ਕਰਕੇ ਰਿਲੀਵ ਕਰਨ ਹਿਤ ਕਿਹਾ ਗਿਆ ਹੈ। ਉਪਰੋਕਤ ਸਿਲੈਕਟ ਹੋਏ 10 ਮਾਸਟਰ/ਲੈਕਚਰਾਰਾਂ ਨੂੰ ਰਿਲੀਵ ਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ:** ਧੰਨਵਾਦ ਜੀ।

---

## PAPERS LAID ON THE TABLE OF THE HOUSE

**ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਬੱਚਿਆਂ ਤੇ ਇਸਤਰੀਆਂ ਦੀ ਭਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸ਼੍ਰੀਮਾਨ ਜੀ, ਮੈਂ ਸਾਲ 2009-10 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27(6) ਅਧੀਨ ਲੋੜੀਂਦਾ ਹੈ।

---

Original with;
Punjab Vidhan Sabha
Digitized by;
Panjab Digital Library

## RECONSIDERATION OF RESOLUTION REG. RECOMMENDATION TO THE STATE GOVERNMENT TO TAKE UP THE MATTER WITH THE CENTRAL GOVERNMENT FOR TAKING IMMEDIATE NECESSARY STEPS TO FIND A SOLUTION TO THE SERIOUS PROBLEM OF STORAGE AND MOVEMENT OF FOODGRAINS IN THE STATE.

**ਮਾਨਯੋਗ ਸਪੀਕਰ:** ਸਰਦਾਰ ਇਕਬਾਲ ਸਿੰਘ ਝੂੰਦਾਂ, ਐਮ.ਐਲ.ਏ. ਸਾਹਿਬ ਨੇ ਬੇਨਤੀ ਕੀਤੀ ਹੈ ਕਿ ਜੋ ਅਨਾਜ ਭੰਡਾਰ ਸਬੰਧੀ ਮਤਾ ਮਿਤੀ 21.6.2012 ਨੂੰ ਪੇਸ਼ ਕੀਤਾ ਗਿਆ ਸੀ, ਉਸ ਤੇ ਵਿਚਾਰ ਨਹੀਂ ਕੀਤਾ ਜਾ ਸਕਿਆ। ਇਹ ਮਾਮਲਾ ਪੰਜਾਬ ਦੇ ਕਿਸਾਨਾਂ ਅਤੇ ਦੇਸ਼ ਦੇ ਲੋਕਾਂ ਦੇ ਹਿਤਾਂ ਨਾਲ ਸਬੰਧਤ ਹੈ ਅਤੇ ਇਹ ਇੱਕ ਬਹੁਤ ਹੀ ਅਹਿਮ ਮੁੱਦਾ ਹੈ ਜੋ ਕਿ ਵਿਚਾਰਿਆ ਜਾਣਾ ਬਹੁਤ ਜ਼ਰੂਰੀ ਹੈ। ਇਸ ਲਈ ਇਸ ਮਤੇ ਨੂੰ ਦੁਬਾਰਾ ਇਸ ਸਦਨ ਵਿੱਚ ਵਿਚਾਰਨ ਅਤੇ ਬਹਿਸ ਕਰਨ ਸਬੰਧੀ ਪ੍ਰਵਾਨਗੀ ਲੈਣੀ ਲੋੜੀਂਦੀ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਦੂਜੇ ਮਤਿਆਂ ਨੂੰ ਲੈਣ ਤੋਂ ਪਹਿਲਾਂ ਇਸ ਮਤੇ ਤੇ ਵਿਚਾਰ ਕਰ ਲਿਆ ਜਾਵੇ ਅਤੇ ਇਸ ਮਤੇ ਤੇ ਬਹਿਸ ਕਰਵਾ ਲਈ ਜਾਵੇ। ਇਸ ਉੱਤੇ ਜਿਹੜੀ ਰਿਕੁਐਸਟ ਹੈ, ਉਸ ਰਿਕੁਐਸਟ ਦੇ ਉੱਤੇ ਕਾਂਗਰਸ ਪਾਰਟੀ ਦੇ ਮੈਂਬਰਾਂ ਦੇ ਵੀ ਦਸਤਖਤ ਹਨ। ਬਾਕੀਆਂ ਦੇ ਵੀ ਦਸਤਖਤ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਬੈਠ ਜਾਓ, ਫੇਰ ਬੇਨਤੀ ਕਰ ਲਿਓ। ਇਸ ਤੇ ਕਿਸੇ ਨੂੰ ਕੋਈ ਇਤਰਾਜ਼ ਹੈ?

(ਇਸ ਸਮੇਂ ਕਿਸੇ ਵਲੋਂ ਕੋਈ ਇਤਰਾਜ਼ ਜ਼ਾਹਿਰ ਨਹੀਂ ਕੀਤਾ ਗਿਆ।)

**ਮਾਨਯੋਗ ਸਪੀਕਰ:** ਕਿਸੇ ਵੱਲੋਂ ਕੋਈ ਇਤਰਾਜ ਨਹੀਂ ਹੈ? ਹਾਂ ਜੀ, ਸਰਦਾਰ ਇਕਬਾਲ ਸਿੰਘ ਝੂੰਦਾਂ। ਸਰਦਾਰ ਚਰਨਜੀਤ ਸਿੰਘ ਚੰਨੀ, ਤੁਸੀਂ ਬੈਠੋ, ਸਰਦਾਰ ਲਾਲ ਸਿੰਘ ਹੋਰਾਂ ਦੇ ਵੀ ਇਸ ਤੇ ਦਸਤਖਤ ਕੀਤੇ ਹੋਏ ਹਨ।

**ਸਰਦਾਰ ਇਕਬਾਲ ਸਿੰਘ ਝੂੰਦਾਂ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

> "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਨਾਲ ਮਾਮਲਾ ਉਠਾਏ ਕਿ ਰਾਜ ਵਿੱਚ ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਫੌਰੀ ਲੋੜੀਂਦੇ ਢੁੱਕਵੇਂ ਕਦਮ ਚੁੱਕੇ ਜਾਣ।"

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ ਕਿ-

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਨਾਲ ਮਾਮਲਾ ਉਠਾਏ ਕਿ ਰਾਜ ਵਿੱਚ ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਫੌਰੀ ਲੋੜੀਂਦੇ ਢੁਕਵੇਂ ਕਦਮ ਚੁੱਕੇ ਜਾਣ।"

**ਸਰਦਾਰ ਇਕਬਾਲ ਸਿੰਘ ਝੂੰਦਾਂ (ਅਮਰਗੜ੍ਹ):** ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਪੰਜਾਬ ਦੀ ਗੰਭੀਰ ਅਨਾਜ ਦੀ ਸਮੱਸਿਆ ਦੇ ਸਬੰਧ ਵਿੱਚ ਜੋ ਪੰਜਾਬ ਦੇ ਅਨਾਜ ਭੰਡਾਰਨ ਨਾਲ ਸਬੰਧ ਰੱਖਦੀ ਹੈ, ਉਸ ਤੇ ਮਤਾ ਪੇਸ਼ ਕਰਨ ਅਤੇ ਬੋਲਣ ਦਾ ਮੌਕਾ ਦਿੱਤਾ ਹੈ। ਮਾਨਯੋਗ ਸਪੀਕਰ ਸਾਹਿਬ, ਇਹ ਸਮੱਸਿਆ ਜੋ ਅੱਜ ਪੰਜਾਬ ਦੇ ਲਈ ਇੱਕ ਗੰਭੀਰ ਸਮੱਸਿਆ ਦਾ ਰੂਪ ਧਾਰਨ ਕਰ ਗਈ ਹੈ, ਇਹ ਕੋਈ ਇੱਕ ਦਿਨ ਵਿੱਚ ਪੰਜਾਬ ਇਸ ਨੂੰ ਫੇਸ ਨਹੀਂ ਕਰ ਰਿਹਾ। ਇਹ ਲੰਮੇ ਸਮੇਂ ਤੋਂ ਜੋ ਕੇਂਦਰ ਦੀਆਂ ਗਲਤ ਨੀਤੀਆਂ ਦੇ ਕਾਰਨ, ਪੰਜਾਬ ਦੇ ਨਾਲ ਹੋ ਰਹੇ ਵਿਤਕਰਿਆਂ ਦੇ ਕਾਰਨ ਇਹ ਅਨਾਜ ਭੰਡਾਰ ਦੀ ਸਮੱਸਿਆ ਵਿਗੜਦੀ ਗਈ। ਜਿਸ ਨਾਲ ਅੱਜ ਪੰਜਾਬ ਇਸ ਹਾਲਤ ਤੇ ਆ ਖੜ੍ਹਾ ਹੋਇਆ ਹੈ। ਜੇਕਰ ਇਸ ਸਮੱਸਿਆ ਦਾ ਸਦੀਵੀ ਤੌਰ ਤੇ ਹੱਲ ਨਾ ਲੱਭਿਆ ਗਿਆ ਤਾਂ ਪੰਜਾਬ ਲਈ ਆਉਣ ਵਾਲੀ ਫਸਲ ਦੀ ਸਾਂਭ-ਸੰਭਾਲ ਕਰਨੀ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੋਵੇਗੀ। ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਐਸਾ ਸੰਜੀਦਾ ਮਸਲਾ ਹੈ ਕਿ ਬਜਟ ਦੀ ਬਹਿਸ ਦੇ ਦੌਰਾਨ ਵੀ ਉਧਰਲੇ ਪਾਸਿਉਂ (ਆਪੋਜ਼ੀਸ਼ਨ) ਕਈ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਇਥੇ ਜ਼ਿਕਰ ਕੀਤਾ ਹੈ। ਪ੍ਰੰਤੂ ਇੱਕ ਦੂਜੇ ਉਥੇ ਇਲਜ਼ਾਮਬਾਜ਼ੀ ਕਰਨ ਦੀ ਬਜਾਏ ਜਾਂ ਇੱਕ ਦੂਜੇ ਨੂੰ ਦੋਸ਼ੀ ਠਹਿਰਾਉਣ ਦੀ ਬਜਾਏ ਇਸ ਮੁੱਦੇ ਨੂੰ ਗੰਭੀਰਤਾ ਨਾਲ ਕੇਂਦਰ ਨਾਲ ਗੱਲਬਾਤ ਕਰਕੇ ਇਸ ਦਾ ਕੋਈ ਉਸਾਰੂ ਅਤੇ ਚੰਗਾ ਹੱਲ ਲੱਭਣ ਲਈ ਉਸ ਪਾਸਿਉਂ (ਆਪੋਜ਼ੀਸ਼ਨ) ਕੋਈ ਸੁਝਾਓ ਨਹੀਂ ਆਏ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਰਹਿਨੁਮਾਈ ਹੇਠ, ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਕੇਂਦਰ ਸਰਕਾਰ ਦੇ ਮੰਤਰੀ ਸਾਹਿਬਾਨ ਨੂੰ ਮਿਲ ਕੇ, ਕਾਮਰਸ ਮਨਿਸਟਰ ਨੂੰ ਮਿਲ ਕੇ, ਫੂਡ ਮਨਿਸਟਰ ਅਤੇ ਸੈਕਟਰੀ ਲੈਵਲ ਉੱਤੇ ਮਿਲ ਕੇ ਅਨਾਜ ਭੰਡਾਰ ਦੀ ਸਮੱਸਿਆ ਨੂੰ ਹੱਲ ਕਰਨ ਲਈ ਜੋ ਉਪਰਾਲੇ ਕੀਤੇ ਹਨ, ਉਹ ਸਾਰੇ on record ਹਨ। ਇੱਥੋਂ ਤੱਕ ਕਿ ਮੁੱਖ ਮੰਤਰੀ ਸਾਹਿਬ ਨੇ ਆਪ ਜਾ ਕੇ ਅਤੇ ਚਿੱਠੀ ਲਿਖ ਕੇ ਵੀ ਰਿਕੁਐਸਟ ਕੀਤੀ ਹੈ ਕਿ ਕਣਕ ਅਤੇ ਚਾਵਲਾਂ ਨੂੰ ਐਕਸਪੋਰਟ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਜੋ ਇਸ ਮਸਲੇ ਦਾ ਹੱਲ ਹੋ ਸਕੇ। ਸਾਡੀ ਸਤਿਕਾਰਯੋਗ ਐਮ.ਪੀ.

Original with;
Punjab Vidhan Sabha
Digitized by;
Panjab Digital Library

ਬੀਬੀ ਹਰਸਿਮਰਤ ਕੌਰ ਬਾਦਲ ਜੀ ਨੇ ਵੀ ਦੇਸ਼ ਦੀ ਪਾਰਲੀਮੈਂਟ ਵਿੱਚ ਇਸ ਮੁੱਦੇ ਨੂੰ ਬੜੇ ਹੀ ਗੰਭੀਰ ਤਰੀਕੇ ਨਾਲ ਅਤੇ ਬੁਲੰਦ ਆਵਾਜ਼ ਨਾਲ ਉਠਾਇਆ ਹੈ ਅਤੇ ਪੰਜਾਬ ਦੀ ਇਸ ਸਮੱਸਿਆ ਨੂੰ ਉਜਾਗਰ ਕੀਤਾ, ਉਥੇ ਇਸ ਦੇ ਹੱਲ ਲਈ ਵੀ ਸੁਝਾਓ ਦਿੱਤੇ ਹਨ ਪਰੰਤੂ ਇਨ੍ਹਾਂ ਸਾਰੀਆਂ ਗੱਲਾਂ ਦਾ ਵੀ ਅਜੇ ਤੱਕ ਕੋਈ ਅਸਰ ਵੇਖਣ ਨੂੰ ਨਹੀਂ ਮਿਲਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੰਜਾਬ ਅੰਦਰ ਇਕੋ ਇਕ ਸੋਮਾ ਪਾਣੀ ਦਾ ਹੈ, ਜਿਹੜਾ ਸਾਨੂੰ ਕੁਦਰਤ ਵੱਲੋਂ ਮਿਲਿਆ ਹੈ। ਦੇਸ਼ ਦੇ ਅਨਾਜ ਭੰਡਾਰ ਨੂੰ ਭਰਨ ਲਈ ਅਸੀਂ ਉਸ ਸੋਮੇ ਤੋਂ ਵੀ ਵਾਂਝੇ ਹੋ ਰਹੇ ਹਾਂ। ਇਸ ਤਰ੍ਹਾਂ ਸਾਨੂੰ ਅਨਾਜ ਭੰਡਾਰ ਦੀ ਸਮੱਸਿਆ ਕੇਂਦਰ ਦੀਆਂ ਗਲਤ ਨੀਤੀਆਂ ਕਾਰਨ ਮਿਲੀ ਹੈ, ਜਿਸ ਕਾਰਨ ਪੰਜਾਬ ਨੂੰ ਅੱਜ ਐਸੇ ਹਾਲਾਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਵੱਲੋਂ ਦੇਸ਼ ਦੀ ਪਾਰਲੀਮੈਂਟ ਵਿੱਚ ਵੀ ਸਰਕਾਰੀ ਪੱਧਰ ਤੇ ਅਤੇ ਵਿਧਾਨ ਸਭਾ ਵਿੱਚ ਇਸ ਮਸਲੇ ਤੇ ਮਤੇ ਰਾਹੀਂ ਗੰਭੀਰ ਪੈਰਵੀ ਕੀਤੀ ਹੈ। ਪਰ ਕੇਂਦਰ ਵੱਲੋਂ ਸਾਨੂੰ ਅੱਜ ਤੱਕ ਇਸ ਮਸਲੇ ਦਾ ਉਸਾਰੂ ਹੱਲ ਕਰਨ ਲਈ ਕੋਈ ਸਹਿਯੋਗ ਨਹੀਂ ਮਿਲਿਆ। ਸਪੀਕਰ ਸਾਹਿਬ, ਮੈਂ ਅੰਕੜਿਆਂ ਦੇ ਆਧਾਰ ਤੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਕੇਂਦਰ ਦੀਆਂ ਗਲਤ ਨੀਤੀਆਂ ਕਰਕੇ ਪੰਜਾਬ ਅੱਜ ਅਨਾਜ ਭੰਡਾਰ ਦੀ ਸਮੱਸਿਆ ਦਾ ਸੰਤਾਪ ਭੋਗ ਰਿਹਾ ਹੈ। ਸਪੀਕਰ ਸਾਹਿਬ, ਅਨਾਜ ਭੰਡਾਰ ਦੀ ਸਮੱਸਿਆ ਦੇ ਚਾਰ ਪਹਿਲੂ ਹਨ। ਪਹਿਲਾ ਹੈ ਸਟੋਰੇਜ, ਦੂਜਾ ਹੈ ਨਿਕਾਸੀ ਜਾਂ ਮੂਵਮੈਂਟ, ਤੀਸਰਾ ਹੈ ਐਕਸਪੋਰਟ ਅਤੇ ਚੌਥਾ ਹੈ ਫਸਲੀ ਵਿਭਿੰਨਤਾ, ਜਿਸ ਨੂੰ diversification of crops ਵੀ ਕਿਹਾ ਜਾਂਦਾ ਹੈ। ਇਨ੍ਹਾਂ ਚਾਰੇ ਮੁੱਦਿਆਂ ਨਾਲ ਹੀ ਸਾਡੀ ਅਨਾਜ ਭੰਡਾਰ ਦੀ ਸਮੱਸਿਆ ਜੁੜੀ ਹੋਈ ਹੈ। ਸਭ ਤੋਂ ਪਹਿਲਾਂ ਜੇ ਸਟੋਰੇਜ ਦੀ ਗੱਲ ਕਰੀਏ ਤਾਂ ਇਸ ਸਮੇਂ ਪੰਜਾਬ ਵਿੱਚ 195 ਲੱਖ ਟਨ ਕਣਕ ਗੋਦਾਮਾਂ ਵਿੱਚ, ਪਲਿੰਥਾਂ ਤੇ ਜਾਂ ਓਪਨ ਵਿੱਚ ਪਈ ਹੈ। ਜਿਸ ਵਿੱਚੋਂ 129 ਲੱਖ ਟਨ ਕਣਕ ਇਸ ਸਾਲ ਦੀ ਹੈ ਅਤੇ 66 ਲੱਖ ਟਨ ਕਣਕ ਪਿਛਲੇ ਸਾਲਾਂ ਦੀ ਹੈ। ਜਿਹੜੀ ਸਾਡੇ ਗੋਦਾਮਾਂ ਦੀ ਕੁੱਲ ਸਟੋਰੇਜ ਦੀ ਸਮਰਥਾ ਹੈ, ਉਹ ਕੇਵਲ 100 ਲੱਖ ਟਨ ਦੀ ਹੈ। ਇਸ ਕਰਕੇ ਅਸੀਂ ਸਾਰੀ ਕਣਕ ਨੂੰ ਸਾਂਭਣ ਦੇ ਅਸਮਰਥ ਹਾਂ। ਜਿਹੜੀ ਚਾਵਲਾਂ ਦੀ ਸਟੋਰੇਜ ਹੈ, ਸਾਡੇ ਕੋਲ ਇਸ ਵੇਲੇ 66 ਲੱਖ ਟਨ ਚਾਵਲ ਪਿਆ ਹੈ ਅਤੇ 3 ਲੱਖ ਟਨ ਚਾਵਲ ਮਿੱਲਾਂ ਵਿੱਚੋਂ ਮਿਲਿੰਗ ਹੋ ਕੇ ਸਾਡੇ ਕੋਲ ਹੋਰ ਆ ਜਾਣਾ ਹੈ। ਇਸ ਤਰ੍ਹਾਂ ਇਹ ਕੁੱਲ 96 ਲੱਖ ਟਨ ਚਾਵਲ ਹੋ ਜਾਣਾ ਹੈ। ਕਹਿਣ ਦਾ ਭਾਵ ਹੈ ਕਿ ਸਾਡੇ ਕੋਲ ਕਣਕ ਅਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ ਝੂੰਦਾਂ]

ਚਾਵਲਾਂ ਦਾ ਟੋਟਲ ਸਟਾਕ ਇਸ ਵੇਲੇ ਤਕਰੀਬਨ 285 ਤੋਂ 290 ਲੱਖ ਟਨ ਦਾ ਹੈ। ਇਸ ਦੀ ਨਿਕਾਸੀ ਦੀ ਘੱਟੋ ਘੱਟ ਜੇ ਗੱਲ ਕਰੀਏ ਤਾਂ 29-30 ਲੱਖ ਟਨ ਪ੍ਰਤੀ ਮਹੀਨਾ ਹੋਣੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੇ ਗੋਦਾਮ ਵਿਹਲੇ ਕਰਨ ਦੇ ਵਿੱਚ ਕਾਮਯਾਬ ਹੋ ਸਕਾਂਗੇ। ਇਸ ਵੇਲੇ ਜਿਹੜੀ ਸਾਡੇ ਸਟੇਟ ਵਿੱਚੋਂ ਨਿਕਾਸੀ ਜਾ ਮੂਵਮੈਂਟ ਹੋ ਰਹੀ ਹੈ, ਉਹ ਕੇਵਲ 4 ਲੱਖ ਟਨ ਕਣਕ ਅਤੇ 6 ਲੱਖ ਟਨ ਚਾਵਲ ਪ੍ਰਤੀ ਮਹੀਨਾ ਹੋ ਰਹੀ ਹੈ। ਜੋ ਕਿ ਨਾ ਮਾਤਰ ਹੈ ਅਤੇ ਇਸ ਤੋਂ ਬਾਅਦ ਜਦੋਂ ਅਗਲੀ ਫਸਲ ਆ ਜਾਣੀ ਹੈ ਤਾਂ ਇਸਦੇ ਨਾਲ ਹੋਰ ਬੋਝ ਪੈ ਜਾਣਾ ਹੈ, ਜਿਸ ਨੂੰ ਪੰਜਾਬ ਸਰਕਾਰ ਉਸ ਅਨਾਜ ਨੂੰ ਸਾਂਭਣ ਤੋਂ ਅਸਮਰਥ ਹੋਵੇਗੀ। ਸਪੀਕਰ ਸਾਹਿਬ, ਇਹੀ ਸਾਰੇ ਸਬਜੈਕਟ ਕੇਂਦਰ ਸਰਕਾਰ ਨਾਲ ਜੁੜੇ ਹੋਏ ਹਨ ਅਤੇ ਕੇਂਦਰ ਸਰਕਾਰ ਵਲੋਂ ਕੋਈ ਸਹਿਯੋਗ ਨਾ ਮਿਲਣ ਕਾਰਨ ਇਨ੍ਹਾਂ ਦਾ ਕੋਈ ਹੱਲ ਕਰਨ ਤੋਂ ਅਸੀਂ ਅਸਮਰਥ ਰਹੇ ਹਾਂ। ਮਾਨਯੋਗ ਸਪੀਕਰ ਸਾਹਿਬ, ਐਫ.ਸੀ.ਆਈ. (ਫੂਡ ਕਾਰਪੋਰੇਸ਼ਨ ਆਫ ਇੰਡੀਆ) ਜਿਹੜੀ ਸਾਡੀ ਮੇਨ ਖਰੀਦ ਏਜੰਸੀ ਰਹੀ ਹੈ ਹਿੰਦੁਸਤਾਨ ਦੀ, ਅੱਜ ਤੋਂ ਪਹਿਲਾਂ ਤਕਰੀਬਨ 25 ਲੱਖ ਟਨ ਪੈਡੀ ਦੀ ਖਰੀਦ ਕਰਦੀ ਹੁੰਦੀ ਸੀ ਔਰ ਹੁਣ ਵੀ ਉਨ੍ਹਾਂ ਨੇ ਪੈਡੀ ਨੂੰ ਇੰਨਾ ਡਿਸਕਰਜ ਕਰ ਦਿੱਤਾ ਹੈ ਕਿ ਪਿਛਲੇ ਸੀਜ਼ਨ ਵਿੱਚ ਸਿਰਫ ਦੋ ਤੋਂ ਢਾਈ ਲੱਖ ਟਨ ਪੈਡੀ ਦੀ ਖਰੀਦ ਕੀਤੀ ਹੈ ਅਤੇ ਇਸ ਤੋਂ ਵੀ ਕੇਂਦਰ ਦੀਆਂ ਨੀਤੀਆਂ ਦਾ ਪਤਾ ਲਗਦਾ ਹੈ ਕਿ ਉਹ ਪੰਜਾਬ ਦੇ ਅਨਾਜਾਂ ਨੂੰ ਖਰੀਦਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਕਿੰਨੇ ਸੰਜੀਦਾ ਹਨ। ਪਲਿੰਥਾਂ ਅਤੇ ਗੋਦਾਮਾਂ ਤੋਂ ਬਿਨਾਂ 32 ਲੱਖ ਟਨ ਕਣਕ ਸਾਡੀ ਓਪਨ ਵਿੱਚ ਪਈ ਹੈ ਅਤੇ ਉਹ ਖਰਾਬ ਵੀ ਹੋ ਰਹੀ ਹੈ ਅਤੇ ਉਸਦੀ ਸਾਂਭ-ਸੰਭਾਲ ਕਰਨ ਤੋਂ ਅਸੀਂ ਅਸਮਰਥ ਹਾਂ। ਇਸ ਤੋਂ ਮੇਰਾ ਕਹਿਣ ਦਾ ਭਾਵ ਹੈ ਕਿ ਕੇਂਦਰ ਸਾਨੂੰ ਕਿਸੇ ਵੀ ਪੱਖ ਤੋਂ ਸਹਿਯੋਗ ਨਹੀਂ ਕਰ ਰਿਹਾ। ਤੀਸਰੀ ਗੱਲ ਐਕਸਪੋਰਟ ਦੀ ਹੈ, ਇਹ ਤਾਂ ਮੂਵਮੈਂਟ ਅਤੇ ਸਟੋਰੇਜ ਦੀ ਮੈਂ ਗੱਲ ਕੀਤੀ ਹੈ ਐਕਸਪੋਰਟ ਦੇ ਸਬੰਧ ਵਿੱਚ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਕੇਂਦਰ ਨੂੰ ਇੱਕ ਚਿੱਠੀ ਲਿਖ ਕੇ ਬੇਨਤੀ ਕੀਤੀ ਹੈ ਕਿ ਕਣਕ ਦੀ ਐਕਸਪੋਰਟ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਕਿ ਜੇ ਸਾਡੇ ਐਕਸਪੋਰਟ ਹੋਵੇ ਤਾਂ ਸਾਡੇ ਗੋਦਾਮਾਂ ਦਾ ਮਸਲਾ ਜਿਹੜਾ ਹੈ, ਉਹ ਕੁਝ ਨਾ ਕੁਝ ਹੱਲ ਹੋਵੇ ਅਤੇ ਗੋਦਾਮ ਵਿਹਲੇ ਕਰਕੇ ਅਨਾਜ ਦਾ ਭੰਡਾਰ ਸਹੀ ਰੂਪ ਵਿੱਚ ਕਰ ਸਕੀਏ। ਉਸ ਪਾਸੇ ਵੀ ਕੇਂਦਰ ਨੇ ਕੋਈ ਉਸਾਰੂ ਰੋਲ ਅਦਾ ਨਹੀਂ ਕੀਤਾ। ਜਿੱਥੋਂ ਤੱਕ ਡਾਈਵਰਸੀਫਿਕੇਸ਼ਨ ਆਫ ਕਰਾਪਸ ਦੀ ਗੱਲ ਹੈ, ਇਸ ਦੇ ਨਾਲ ਵੀ ਮੁੱਦਾ ਜੁੜਿਆ ਹੈ ਅਤੇ ਅਸੀਂ ਸਾਰੇ ਹੀ ਕਹਿੰਦੇ ਹਾਂ ਕਿ ਸਾਨੂੰ ਝੋਨੇ ਅਤੇ

Original with;
Punjab Vidhan Sabha
Digitized by;
Panjab Digital Library

ਕਣਕ ਦੇ ਫਸਲੀ ਚੱਕਰਾਂ ਤੋਂ ਲਾਂਭੇ ਹੋ ਕੇ ਹੋਰ ਫਸਲਾਂ ਵੱਲ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, 25 ਫਸਲਾਂ ਹਨ ਜਿਨ੍ਹਾਂ ਦੀ ਸਾਡੀ ਕੇਂਦਰ ਸਰਕਾਰ ਵੱਲੋਂ ਮੀਨੀਮਮ ਸਪੋਰਟਸ ਪ੍ਰਾਈਸ ਫਿਕਸ ਕੀਤੀ ਜਾਂਦੀ ਹੈ। ਇਸ ਦੇ ਵਿੱਚ ਦਾਲਾਂ ਵੀ ਹਨ, ਤੇਲ ਬੀਜ ਵਾਲੀਆਂ ਫਸਲਾਂ ਵੀ ਹਨ ਅਤੇ ਹੋਰ ਫਸਲਾਂ ਵੀ ਹਨ। ਲੇਕਿਨ ਸਪੀਕਰ ਸਾਹਿਬ, ਕਣਕ ਅਤੇ ਝੋਨੇ ਤੋਂ ਬਿਨਾਂ ਹੋਰ ਕਿਸੇ ਦੀ ਵੀ ਫਸਲ ਦੀ ਐਮ.ਐਸ.ਪੀ. ਦੀ ਗਰੰਟੀ ਨਹੀਂ ਹੈ। ਭਾਵੇਂ ਰੇਟ ਤੈਅ ਕੀਤੇ ਗਏ ਹਨ ਪਰੰਤੂ ਜਦੋਂ ਰੇਟ ਡਿੱਗਦੇ ਹਨ ਤਾਂ ਕੋਈ ਵੀ ਖਰੀਦਦਾਰ ਨਹੀਂ ਹੁੰਦਾ। ਇਸ ਲਈ ਪੰਜਾਬ ਦਾ ਕਿਸਾਨ ਜਿਹੜਾ ਹੈ, ਉਹ ਫਸਲ ਤਾਂ ਪੈਦਾ ਕਰ ਸਕਦਾ ਹੈ ਪਰੰਤੂ ਉਸ ਦੀ ਮਾਰਕੀਟਿੰਗ ਨਹੀਂ ਕਰ ਸਕਦਾ ਹੈ ਅਤੇ ਜਿਹੜੀ ਰੇਟਸ ਵਿੱਚ ਇੰਨੀ ਫਲੈਕਚੂਏਸ਼ਨ ਹੈ ਉਸਨੂੰ ਉਹ ਝੱਲਣ ਦੇ ਵੀ ਸਮਰੱਥ ਨਹੀਂ। ਸੋ, ਜੇ ਕੇਂਦਰ ਸਰਕਾਰ ਗੰਭੀਰਤਾ ਨਾਲ ਡਾਈਵਰਸੀਫਿਕੇਸ਼ਨ ਚਾਹੁੰਦੀ ਹੈ ਤਾਂ ਇਹ ਜੋ 25 ਫਸਲਾਂ ਤੇ ਐਮ.ਐਸ.ਪੀ. ਤੈਅ ਕੀਤੀ ਹੈ, ਉਨ੍ਹਾਂ ਦੀ ਖਰੀਦ ਦੇ ਵੀ ਪ੍ਰਬੰਧ ਕਰਨੇ ਚਾਹੀਦੇ ਹਨ, ਇਸ ਵੱਲ ਵੀ ਕੋਈ ਉਪਰਾਲਾ ਨਹੀਂ ਕੀਤਾ ਗਿਆ।

**Mr.Speaker:** Thank you.

**ਸਰਦਾਰ ਇਕਬਾਲ ਸਿੰਘ ਝੂੰਦਾਂ:** ਸਪੀਕਰ ਸਾਹਿਬ, ਦੋ ਮਿੰਟ ਵਿੱਚ ਹੀ ਮੈਂ ਸਮਾਪਤੀ ਕਰਦਾ ਹਾਂ ਜੀ। ਉਦਾਹਰਣ ਦੇ ਤੌਰ ਤੇ 1121 ਬਾਸਪਤੀ ਦੀ ਇੱਕ ਫਸਲ ਹੈ ਜੋ ਕਿ ਕਿਸਾਨ ਤੋਂ ਖਰੀਦਣ ਵੇਲੇ 1500-1600 ਰੁਪਏ ਕੁਇੰਟਲ ਤੇ ਖਰੀਦੀ ਜਾਂਦੀ ਹੈ ਅਤੇ ਅੱਜ ਉਸਦਾ ਰੇਟ 4000 ਰੁਪਏ ਹੈ। ਜਦੋਂ ਕੋਈ ਚੀਜ਼ ਵਪ੍ਰਾਰੀਆਂ ਕੋਲ ਆ ਜਾਂਦੀ ਹੈ ਤਾਂ ਉਸਦਾ ਰੇਟ ਢਾਈ ਤਿੰਨ ਗੁਣਾ ਵੱਧ ਜਾਂਦਾ ਹੈ ਅਤੇ ਜਦੋਂ ਕਿਸਾਨ ਤੋਂ ਖਰੀਦਣੀ ਹੈ ਤਾਂ ਉਹ 40% ਰੇਟ ਤੇ ਵਿੱਕਦੀ ਹੈ। ਸੋ, ਜੇ ਸਰਕਾਰ ਇਨ੍ਹਾਂ ਗੱਲਾਂ ਨੂੰ ਵੀ ਯਕੀਨੀ ਬਣਾਵੇ ਤਾਂ ਪੰਜਾਬ ਦਾ ਕਿਸਾਨ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਵੀ ਤੁਰ ਸਕਦਾ ਹੈ। ਇੱਕ ਗੱਲ ਮੈਂ ਹੋਰ ਦੱਸਣੀ ਚਾਹੁੰਦਾ ਹਾਂ ਕਿ ਸਾਲ 2008 ਵਿੱਚ ਹਿੰਦੁਸਤਾਨ ਦੀ ਸਰਕਾਰ ਨੇ ਇੱਕ ਸਰਵੇ ਕਰਵਾਇਆ ਸੀ ਕਿ 124 ਲੱਖ ਟਨ ਅਨਾਜ ਭੰਡਾਰਾਂ ਦੀ ਸਮੁੱਚੇ ਹਿੰਦੁਸਤਾਨ ਵਿੱਚ ਘਾਟ ਹੈ, ਜਿਸ ਦੇ ਵਿੱਚੋਂ 80 ਲੱਖ ਟਨ ਇਕੱਲੇ ਪੰਜਾਬ ਵਿੱਚ ਘਾਟ ਪਾਈ ਗਈ, 71 ਲੱਖ ਟਨ ਦੇ ਗੋਦਾਮ ਸਾਨੂੰ ਸੈਂਕਸ਼ਨ ਕੀਤੇ ਗਏ ਪਰੰਤੂ ਫਿਰ ਚਿੱਠੀ ਲਿਖ ਕੇ ਉਸ ਨੂੰ 51 ਲੱਖ ਕਰ ਦਿੱਤਾ ਗਿਆ। ਇਸ ਕਿਸਮ ਦੇ ਵਿਤਕਰੇ ਸਾਡੇ ਨਾਲ ਹੁੰਦੇ ਰਹੇ ਅਤੇ ਇਹ ਕਿਹਾ ਗਿਆ ਕਿ 20 ਲੱਖ ਟਨ ਅਨਾਜ ਦੀ ਨਿਕਾਸੀ ਹੋਰ ਸੂਬਿਆਂ ਵਿੱਚ ਗੋਦਾਮ ਬਣਾ ਕੇ ਕਰ ਦਿੱਤੀ ਜਾਵੇਗੀ। ਨਿਕਾਸੀ ਸਾਡੀ ਪਹਿਲਾਂ ਹੀ ਨਹੀਂ ਹੋ ਰਹੀ ਹੈ ਅਤੇ ਨਾ ਸਾਨੂੰ ਗੋਦਾਮ ਬਣਾਉਣ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ ਝੂੰਦਾਂ]

ਦੀ ਇਜਾਜ਼ਤ ਦਿੱਤੀ ਜਾ ਰਹੀ ਹੈ, ਨਾ ਐਕਸਪੋਰਟ ਦਾ ਹੱਲ ਹੋ ਰਿਹਾ ਹੈ, ਨਾ ਡਾਈਵਰਸੀਫਿਕੇਸ਼ਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਇਹ ਸਾਰੇ ਹੀ ਜਿਹੜੇ ਸਬਜੈਕਟ ਹਨ, ਇਹ ਕੇਂਦਰ ਨਾਲ ਸਬੰਧਿਤ ਹਨ ਅਤੇ ਪੰਜਾਬ ਸਰਕਾਰ ਦਾ ਇਸ ਦੇ ਨਾਲ ਕੋਈ ਸਬੰਧ ਨਹੀਂ ਹੈ। ਸੋ, ਪੰਜਾਬ ਸਰਕਾਰ ਨੂੰ ਇਸ ਸਮੱਸਿਆ ਦੇ ਹੱਲ ਲਈ ਕੇਂਦਰ ਸਰਕਾਰ ਨੂੰ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਕਿ ਅਨਾਜ ਭੰਡਾਰ ਦਾ ਮਸਲਾ ਸਾਡਾ ਹੱਲ ਹੋਵੇ। ਪੰਜਾਬ ਦੀ ਸਮੁੱਚੀ ਇਕਾਨਮੀ ਅਨਾਜ ਨਾਲ ਸੰਬੰਧਿਤ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਜੇ ਕੇਂਦਰ ਨੇ ਵਿਤਕਰੇ ਭਰੀ ਪਾਲਿਸੀ ਸਾਡੇ ਨਾਲ ਜਾਰੀ ਰੱਖੀ ਤਾਂ ਪੰਜਾਬ ਨੂੰ ਆਉਣ ਵਾਲੇ ਸਮੇਂ ਵਿੱਚ ਬਹੁਤ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਨਗਰੇਨ ਬਾਰੇ ਸਰਦਾਰ ਲਾਲ ਸਿੰਘ ਹੁਰਾਂ ਨੇ ਆਪਣੇ ਭਾਸ਼ਣ ਵਿੱਚ ਜ਼ਿਕਰ ਕੀਤਾ ਸੀ। ਪਨਗਰੇਨ ਦੀ ਜੋ ਸਥਾਪਨਾ ਹੋਈ ਹੈ, ਜੋ ਕੰਮ ਕਾਰ ਦਿੱਤਾ ਗਿਆ, ਉਹ ਵੀ ਸਰਦਾਰ ਲਾਲ ਸਿੰਘ ਜੀ ਦੇ ਸਮੇਂ ਜਦੋਂ ਉਹ ਫੂਡ ਤੇ ਸਪਲਾਈ ਮਨਿਸਟਰ ਸਨ, ਉਸ ਨੂੰ ਸਾਰੀ ਸਟੋਰੇਜ ਦਾ ਕੰਮ ਸੌਂਪਿਆ ਗਿਆ। ਉਹ ਸਾਰਾ ਕੁਝ ਇਨ੍ਹਾਂ ਦੀ ਪ੍ਰਧਾਨਗੀ ਹੇਠ ਹੋਇਆ ਹੈ। ਮੇਰੀ ਬੇਨਤੀ ਹੈ ਕਿ ਕਾਂਗਰਸ ਪਾਰਟੀ ਨੁਕਤਾਚੀਨੀ ਕਰਨ ਦੀ ਬਜਾਏ ਉਸਾਰੂ ਸੋਚ ਰੱਖਦੇ ਹੋਏ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨਾਲ ਮਿਲ ਕੇ ਤੇ ਸਹਿਯੋਗ ਕਰਕੇ ਪੰਜਾਬ ਦੀ ਅਨਾਜ ਭੰਡਾਰ ਸਮੱਸਿਆ ਨੂੰ ਹੱਲ ਕਰਨ ਦਾ ਯਤਨ ਕਰਨ। ਮੈਂ ਇਹ ਮਤਾ ਸਾਰੇ ਹਾਊਸ ਦੇ ਸਾਹਮਣੇ ਰੱਖਦਾ ਹਾਂ ਅਤੇ ਬਿਨਾਂ ਕਿਸੇ ਭੇਦਭਾਵ ਤੋਂ ਪੰਜਾਬ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਸਾਰਿਆਂ ਨੂੰ ਅਪੀਲ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਕੇ ਭੇਜਿਆ ਜਾਵੇ ਤਾਂ ਕਿ ਇਹ ਜੋ ਅਨਾਜ ਭੰਡਾਰਨ ਦਾ ਮਸਲਾ ਹੈ, ਇਸ ਨੂੰ ਹੱਲ ਕਰਨ ਦੇ ਸਮਰੱਥ ਹੋਈਏ। (ਥੰਪਿੰਗ) ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਮੈਂ ਇਹ ਮਤਾ ਪਾਸ ਕਰਵਾਉਣਾ ਚਾਹੁੰਦਾ ਹਾਂ। ਸਾਰਾ ਹਾਊਸ ਪਾਸ ਕਰਵਾਉਣਾ ਚਾਹੁੰਦਾ ਹੈ। ਸਾਰੇ ਹਾਊਸ ਦੀ ਇਹੋ ਰਾਏ ਹੈ। ਇਸ ਕਰਕੇ ਮੈਂ ਚਾਹੁੰਦਾ ਹਾਂ ਕਿ ਥੋੜ੍ਹਾ ਥੋੜ੍ਹਾ ਬੋਲਿਓ। ਸਰਦਾਰ ਲਾਲ ਸਿੰਘ ਜੀ, ਇਸੇ ਕਰਕੇ ਮੈਂ ਤੁਹਾਨੂੰ ਪਹਿਲਾਂ ਪੁੱਛਿਆ ਸੀ। ਤੁਸੀਂ ਕਿਹਾ ਸੀ ਕਿ ਨਹੀਂ, ਸਾਡੇ ਵੱਲੋਂ ਸਿਰਫ ਇੱਕ ਹੀ ਮੈਂਬਰ ਨੇ ਬੋਲਣਾ ਹੈ। ਤੁਸੀਂ ਬੋਲ ਲਓ, ਪਰ ਥੋੜ੍ਹਾ ਜਿਹਾ ਸਮਾਂ ਲਓ। ਸਿਰਫ ਪੰਜ ਕੁ ਮਿੰਟ ਹੀ। ਹਾਂ ਜੀ, ਸਰਦਾਰ ਲਾਲ ਸਿੰਘ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਲਾਲ ਸਿੰਘ (ਸਨੌਰ):** ਸਪੀਕਰ ਸਾਹਿਬ, ਜਿਹੜਾ ਅੱਜ ਦਾ ਏਜੰਡਾ ਹੈ, ਉਹ ਅਸੀਂ ਪੜ੍ਹ ਕੇ ਆਏ ਹਾਂ। ਸਾਨੂੰ ਜੋ ਦੱਸਿਆ ਗਿਆ ਸੀ ਕਿ ਮਤਾ ਜੋ ਹੈ, ਉਹ ਡਾਗਸ ਬਾਰੇ ਅਤੇ ਐਮ.ਐਲ.ਏਜ਼ ਦੇ ਫੰਡਜ਼ ਬਾਰੇ ਹੈ। ਜਿਹੜਾ ਇਹ ਮਤਾ ਹੈ, ਅੱਜ ਦੇ ਇਸ ਏਜੰਡੇ ਵਿੱਚ ਸ਼ਾਮਲ ਨਹੀਂ ਸੀ, ਇਸ ਕਰਕੇ ਅਸੀਂ ਤਿਆਰੀ ਨਹੀਂ ਕਰਕੇ ਆਏ। ਮਾਫ ਕਰਨਾ। ਸਾਨੂੰ ਪਤਾ ਨਹੀਂ ਕਿ ਤੁਸੀਂ ** ** ਪਰ ਸਾਨੂੰ ਇਸ ਗੱਲ ਤੇ ਇਤਰਾਜ਼ ਕੋਈ ਨਹੀਂ। ਸਪੀਕਰ ਸਾਹਿਬ, ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਪੂਰੀ ਫਾਈਲ ਲੈ ਕੇ ਆਉਂਦਾ। ਸਾਰਾ ਰਿਕਾਰਡ ਲੈ ਕੇ ਆਉਂਦਾ ਜਿਹੜਾ ਕਿ ਮੈਂ ਪਰਸੋਂ ਲੈ ਕੇ ਆਇਆ ਸੀ। ਮਾਫ ਕਰਨਾ, ਮੇਰਾ ਇਸ ਸਬੰਧ ਵਿੱਚ ਪ੍ਰੋਟੈਸਟ ਹੈ ਕਿ ਇਸ ਤਰੀਕੇ ਨਾਲ ਹਨੇਰੇ ਵਿੱਚ ਗੱਲ ਨਹੀਂ ਰੱਖਣੀ ਚਾਹੀਦੀ।

**ਮਾਨਯੋਗ ਸਪੀਕਰ:** ਤੁਹਾਡੇ ਕੋਲ ਸਵੇਰੇ ਪਹੁੰਚਿਆ ਹੋਵੇਗਾ।

**ਸਰਦਾਰ ਲਾਲ ਸਿੰਘ:** ਸਪੀਕਰ ਸਾਹਿਬ, ਜਿਹੜਾ ਇਹ ਸਟੋਰੇਜ ਦਾ ਮਸਲਾ ਹੈ, ਆਪਾਂ ਵਾਰ-ਵਾਰ ਗੱਲ ਕਹਿ ਰਹੇ ਹਾਂ ਕਿ ਭਾਰਤ ਸਰਕਾਰ ਇਸ ਵਾਸਤੇ ਜ਼ਿੰਮੇਵਾਰ ਹੈ ਪਰ ਇਸ ਗੱਲ ਨੂੰ ਦੂਜੇ ਢੰਗ ਨਾਲ ਕਹਿਣਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਦਾ ਇਸ ਵਿੱਚ ਕੋਈ ਦੋਸ਼ ਨਹੀਂ। ਮੈਂ ਫਾਈਲ ਲਿਆਇਆ ਸੀ। ਮੈਂ ਸਾਰਾ ਰਿਕਾਰਡ ਤੁਹਾਨੂੰ ਪੇਸ਼ ਕਰ ਦਿਆਂਗਾ। ਤੁਸੀਂ ਪੜ੍ਹ ਲੈਣਾ। ਕੋਈ ਜ਼ਰੂਰੀ ਨਹੀਂ ਕਿ ਹਾਊਸ ਦੀ ਕਮੇਟੀ ਬਣੇ। ਮਿੱਤਲ ਸਾਹਿਬ ਫੂਡ ਤੇ ਸਪਲਾਈ ਵਿਭਾਗ ਦੇ ਵਜ਼ੀਰ ਰਹੇ ਹਨ। ਤੁਸੀਂ ਇਨ੍ਹਾਂ ਵਿੱਚੋਂ ਹੀ ਕਿਸੇ ਨੂੰ ਚੇਅਰਮੈਨ ਬਣਾ ਦਿਓ। ਬੇਸ਼ੱਕ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹੀ ਮੈਂਬਰ ਹੋਣ ਤੇ ਮੈਂ ਸਾਰਾ ਕੇਸ ਉਸ ਕਮੇਟੀ ਅੱਗੇ ਪੇਸ਼ ਕਰਾਂਗਾ।

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਲਾਲ ਸਿੰਘ:** ਸਾਡਾ ਕੋਈ ਮੈਂਬਰ ਨਾ ਪਾਉਣਾ। ਪਰ ਮੈਂ ਇਹ ਗੱਲ ਸਾਬਤ ਕਰ ਦਿਆਂਗਾ ਕਿ ਸਾਰਾ ਦੋਸ਼ ਸਾਡਾ ਹੈ। ਅਸੀਂ ਆਪਣੇ ਝਗੜੇ ਵਿੱਚ ਇਹ ਸਟੋਰੇਜ ਪ੍ਰੋਵਾਈਡ ਨਹੀਂ ਕਰ ਸਕੇ। ਨੋਡਲ ਏਜੰਸੀ ਵੇਅਰ ਹਾਊਸਿੰਗ ਕਾਰਪੋਰੇਸ਼ਨ ਹੈ। ਸਟੋਰੇਜ ਦੀ ਸਾਰੀ ਜ਼ਿੰਮੇਵਾਰੀ ਉਸ ਦੀ ਹੈ। ਭਾਰਤ ਸਰਕਾਰ ਦੀ ਐਫ.ਸੀ.ਆਈ. ਨੇ ਬਾਰ ਬਾਰ ਇਹ ਕਿਹਾ ਹੈ ਕਿ ਨੋਡਲ ਏਜੰਸੀ ਵੇਅਰ ਹਾਊਸਿੰਗ ਕਾਰਪੋਰੇਸ਼ਨ ਰਹੇਗੀ, ਮਸਲਾ ਕੀ ਹੈ? ਸਪੀਕਰ ਸਾਹਿਬ, ਜਿਹੜਾ 2008 ਵਿੱਚ ਭਾਰਤ ਸਰਕਾਰ ਨੇ 71 ਲੱਖ 25 ਹਜ਼ਾਰ ਮੀਟਰਿਕ ਟਨ, ਸਟੋਰੇਜ਼ ਬਣਾਉਣ ਦਾ ਮਸਲਾ ਪੰਜਾਬ ਦੇ ਅੰਦਰ ਲਿਆਂਦਾ ਸੀ। ਉਹ ਵੇਅਰ ਹਾਊਸਿੰਗ

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਲਾਲ ਸਿੰਘ]

ਕਾਰਪੋਰੇਸ਼ਨ ਖੇਤੀਬਾੜੀ ਵਿਭਾਗ ਦੇ ਅੰਡਰ ਹੈ। ਸੁੱਚਾ ਸਿੰਘ ਲੰਗਾਹ ਉਸ ਵੇਲੇ ਦੇ ਖੇਤੀਬਾੜੀ ਮੰਤਰੀ ਸੀ। ਪਨਗਰੇਨ ਫੂਡ ਸਪਲਾਈ ਡਿਪਾਰਟਮੈਂਟ ਦੇ ਅੰਡਰ ਹੈ। ਵਜ਼ੀਰ ਸਾਹਿਬ ਬੈਠੇ ਹਨ ਤੇ ਇਹ ਉਸ ਵੇਲੇ ਫੂਡ ਸਪਲਾਈ ਦੇ ਮੰਤਰੀ ਸੀ। ਇਨ੍ਹਾਂ ਨੇ ਆਪਣੀ ਤਾਕਤ ਦਾ ਨਜਾਇਜ਼ ਫਾਇਦਾ ਉਠਾ ਕੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਸ਼ਰਾਫਤ ਦਾ ਨਜਾਇਜ਼ ਫਾਇਦਾ ਉਠਾ ਕੇ ਉਨ੍ਹਾਂ ਦੀ ਪੁਜ਼ੀਸ਼ਨ ਨੂੰ ਬਹੁਤ ਹਾਸੋਹੀਣਾ ਬਣਾ ਦਿੱਤਾ ਔਰ ਧੱਕੇ ਨਾਲ ਸਾਰੀ ਸਟੋਰੇਜ ਵੇਅਰ ਹਾਊਸਿੰਗ ਦੀ ਬਜਾਏ ਪਨਗਰੇਨ ਨੂੰ ਦੇਣ ਵਾਸਤੇ ਤਿੰਨ ਸਾਲ ਇਹ ਝਗੜਾ ਚਲਾਇਆ। ਮੀਟਿੰਗਾਂ ਚਲਦੀਆਂ ਰਹੀਆਂ, ਮੁੱਖ ਮੰਤਰੀ ਸਾਹਿਬ ਦੇ ਆਦੇਸ਼ ਤੇ ਚੀਫ ਸੈਕਟਰੀ ਸਾਹਿਬ ਨੇ ਇਨ੍ਹਾਂ ਦੋਹਾਂ ਨੂੰ ਬਿਠਾ ਕੇ ਉਨ੍ਹਾਂ ਦੀ ਲੜਾਈ ਨੂੰ ਮੁਕਾਉਣ ਵਾਸਤੇ ਤਿੰਨ ਵਾਰ ਕੋਸ਼ਿਸ਼ ਕੀਤੀ। ਮੀਟਿੰਗਾਂ ਹੋਈਆਂ ਪਰ ਗੱਲ ਕਿਸੇ ਪਾਸੇ ਨਹੀਂ ਲੱਗੀ। ਅਖ਼ੀਰ ਵਿੱਚ ਤਿੰਨ ਸਾਲ ਬਾਅਦ ਇਹ ਗੱਲ ਮੁੱਕੀ ਕਿ ਦੋਵੇਂ ਡਿਪਾਰਟਮੈਂਟ ਅੱਧੋ ਅੱਧ ਕਰ ਲੈਣ। ਫਿਫਟੀ ਫਿਫਟੀ ਕਰ ਲੈਣ। ਮੇਰੇ ਕੋਲ ਸਾਰਾ ਰਿਕਾਰਡ ਹੈ। ਮੈਂ ਤੁਹਾਡੇ ਸਾਹਮਣੇ ਰੱਖ ਦਿਆਂਗਾ। ਮੇਰੇ ਕੋਲ ਪ੍ਰੋਸੀਡਿੰਗਜ਼ ਪਈਆਂ ਹਨ।

ਮੈਂ ਤੁਹਾਡੇ ਸਾਹਮਣੇ ਰੱਖ ਦੇਵਾਂਗਾ। ਇਹ ਫੈਸਲਾ ਹੋਣ ਦੇ ਬਾਵਜੂਦ ਕਿ ਅੱਧੋ ਅੱਧ ਹੋਵੇਗਾ ਪਰ ਟੈਂਡਰ ਨੋਡਲ ਏਜੰਸੀ ਵੇਅਰ ਹਾਊਸ ਕਰੇਗੀ। ਉਹ ਸਾਰਾ ਫੈਸਲਾ ਹੋਣ ਦੇ ਬਾਵਜੂਦ ਫਿਰ ਵੀ ਨਹੀਂ ਮੰਨਿਆ। ਫਿਰ ਵੀ 71,25,000 ਦਾ ਟੈਂਡਰ ਪਨਗ੍ਰੇਨ ਨੇ ਲੋਕਾਂ ਵਾਸਤੇ ਫਲੋਟ ਕਰ ਦਿੱਤਾ। ਇਸ ਤੋਂ ਵੱਧ ਸਬੂਤ ਤੁਹਾਡੇ ਕੋਲ ਕੀ ਹੋ ਸਕਦਾ ਹੈ। ਜੇ ਇਹ ਲੜਾਈ ਨਾ ਹੁੰਦੀ, ਜੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਰਸਤੇ ਵਿੱਚ ਅੜਿੱਕਾ ਨਾ ਪਾਉਂਦੇ ਤਾਂ ਤਿੰਨ ਸਾਲ ਪਹਿਲਾਂ 71,25,000 ਮੀਟਿਰਿਕ ਟਨ ਦੀ ਸਟੋਰੇਜ ਆ ਸਕਦੀ ਸੀ। ਉਸ ਦਾ ਸਫਰ ਪੰਜਾਬ ਦੇ ਕਿਸਾਨਾਂ ਅਤੇ ਆੜ੍ਹਤੀਆਂ ਨੇ ਕੀਤਾ। ਹੋਇਆ ਕੀ ਇਸ ਵਾਰ, ਜਦੋਂ ਸਟੋਰੇਜ ਨਾ ਮਿਲੀ, ਮੰਡੀਆਂ ਵਿੱਚ ਗਲੱਟ ਆ ਗਿਆ, ਮਾਲ ਉਥੇ ਪਿਆ ਰਿਹਾ। ਮਹੀਨਾ ਮਹੀਨਾ ਬੋਰੀਆਂ ਮੰਡੀਆਂ ਵਿੱਚ ਪਈ ਰਹੀਆਂ। ਨਤੀਜਾ ਇਹ ਨਿਕਲਿਆ ਕਿ ਉਸ ਦੇ ਵਿੱਚ ਸਾਰਟੇਜ਼ ਆ ਗਈ। ਮੁਐਸ਼ਚਰ ਨਿਕਲ ਗਿਆ। ਕਿਸਾਨ ਵੇਚ ਕੇ ਚਲੇ ਗਏ। ਜਦੋਂ ਏਜੰਸ਼ੀਆਂ ਨੇ ਮਾਲ ਲਿਫਟ ਕਰਨਾ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਕੰਡੇ ਤੇ ਲਗਾ ਕੇ ਟਰੱਕ ਲੈ ਕੇ ਜਾਵਾਂਗੇ। ਕੁਦਰਤੀ ਗੱਲ ਸੀ, ਲੂ ਚੱਲਦੀ ਸੀ ਅਤੇ ਹਰ ਬੋਰੀ ਦਾ ਵਜ਼ਨ ਕਿੱਲੋ, ਅੱਧਾ ਕਿਲੋ, ਦੋ ਕਿਲੋ ਘਟ ਗਿਆ ਔਰ ਜਦੋਂ ਵੇਟ ਹੋਇਆ ਤਾਂ ਵੇਟ ਵਿੱਚ ਏਜੰਸੀਆਂ ਨੇ ਕੱਟ ਲਗਾਉਣਾ ਸ਼ੁਰੂ ਕਰ ਦਿੱਤਾ ਕਿ ਇੱਕ ਟਰੱਕ ਵਿੱਚ ਪੰਜ ਕਿਲੋ

Original with;
Punjab Vidhan Sabha
Digitized by;
Panjab Digital Library

ਦਾ ਕੱਟ ਲਗਾਵਾਂਗੇ, ਇੱਕ ਟਰੱਕ ਵਿੱਚ ਦਸ ਕਿਲੋ ਦਾ ਕੱਟ ਲਗਾਵਾਂਗੇ। ਜਿਹੜਾ ਉਹ ਕੱਟ ਲੱਗਿਆ, ਉਹ ਆੜ੍ਹਤੀਆਂ ਤੇ ਪੈ ਗਿਆ। ਆੜ੍ਹਤੀਆਂ ਨੇ ਫਿਰ ਕਿਸਾਨਾਂ ਤੇ ਪਾ ਦਿੱਤਾ। ਇੱਡਾ ਵੱਡਾ ਧੱਕਾ ਹੋਇਆ ਔਰ ਉਸ ਦੀ ਜ਼ਿੰਮੇਵਾਰੀ ਕਿਸ ਦੀ ਹੈ। ਉਹ ਸਾਰਾ ਰਿਕਾਰਡ ਤੁਸੀਂ ਪੜ੍ਹ ਲਵੋ। ਤੁਸੀਂ ਜਿਸ ਨੂੰ ਕਹੋਗੇ ਮੈਂ ਫਾਈਲ ਪ੍ਰੈਜ਼ੈਂਟ ਕਰ ਦੇਵਾਂਗਾ। ਕੋਈ ਜ਼ਰੂਰੀ ਨਹੀਂ, ਕਾਂਗਰਸ ਵਾਲਿਆਂ ਨੂੰ ਉਸ ਕਮੇਟੀ ਵਿੱਚ ਭਾਵੇਂ ਨਾ ਪਾਇਓ, ਤੁਸੀਂ ਇਨ੍ਹਾਂ ਦੀ ਆਪਣੀ ਚੁਆਇਸ ਨਾਲ ਕੋਈ ਕਮੇਟੀ ਬਣਾ ਲਵੋ। ਮੇਰੀ ਗੱਲ ਸੁਣ ਲਵੋ। ਜੇ ਇਹ ਗੱਲ ਸਾਬਤ ਹੋ ਜਾਵੇ ਤਾਂ ਇਸ ਦੇ ਲਈ ਜ਼ਿੰਮੇਵਾਰ ਅਸੀਂ ਹਾਂ। ਇਸ ਲੜਾਈ ਵਿੱਚ, ਇਸ ਖਿਚੋਤਾਣ ਵਿੱਚ, ਵੇਅਰ ਹਾਊਸ ਅਤੇ ਪਨਗ੍ਰੇਨ ਦੇ ਆਪਸ ਵਿੱਚ ਰੌਲੇ ਕਰਕੇ ਅਸੀਂ ਚਾਰ ਸਾਲ ਤੋਂ ਸਟੋਰੇਜ਼ ਬਣਾਉਣ ਵਿੱਚ ਫੇਲ੍ਹ ਹੋਏ ਹਾਂ। ਇਸ ਦੀ ਜ਼ਿੰਮੇਵਾਰੀ ਕਿਸ ਦੀ ਹੈ, ਇਹ ਤੁਸੀਂ ਫੈਸਲਾ ਕਰ ਲਵੋ। ਮੈਂ ਅੱਜ ਇੰਨੀ ਹੀ ਗੱਲ ਕਹਾਂਗਾ। ਇਸ ਤੋਂ ਜ਼ਿਆਦਾ ਕਹਿਣ ਦਾ ਕੋਈ ਫਾਇਦਾ ਨਹੀਂ ਕਿਉਂਕਿ ਮੈਂ ਰਿਕਾਰਡ ਲੈ ਕੇ ਨਹੀਂ ਆਇਆ। ਜਦ ਤੁਸੀਂ ਕਹੋਗੇ ਮੈਂ ਰਿਕਾਰਡ ਪੇਸ਼ ਕਰ ਦੇਵਾਂਗਾ। ਜੇ ਇਹ ਸਾਬਤ ਹੋ ਜਾਵੇ ਕਿ ਕੌਣ ਜ਼ਿੰਮਵਾਰ ਹੈ ਤਾਂ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਜੇ ਭਾਰਤ ਸਰਕਾਰ ਦਾ ਦੋਸ਼ ਹੈ ਤਾਂ ਅਸੀਂ ਤੁਹਾਡੇ ਨਾਲ ਹਾਂ। ਅਸੀਂ ਡੱਟ ਕੇ ਤੁਹਾਡੇ ਨਾਲ ਸਟੈਂਡ ਲਵਾਂਗੇ। ਸਾਡੇ ਪੰਜਾਬ ਦਾ, ਸਾਡੇ ਕਿਸਾਨਾਂ ਦਾ 50% ਫੂਡਗ੍ਰੇਨ ਭਾਰਤ ਸਰਕਾਰ ਨੂੰ ਦਿੰਦੇ ਹਾਂ। ਜੇ ਅੱਜ ਉਹ ਮੰਡੀਆਂ ਵਿੱਚ ਰੁਲ ਰਿਹਾ ਹੈ, ਜੇ ਉਹ ਬਾਹਰ ਖੇਤਾਂ ਵਿੱਚ ਰੁਲ ਰਿਹਾ ਹੈ ਤਾਂ ਉਸ ਲਈ ਜ਼ਿੰਮੇਵਾਰ ਕੌਣ ਹੈ। ਇਹ ਜਿਹੜੀਆਂ ਏਜੰਸੀਆਂ ਹਨ, ਸਪੀਕਰ ਸਾਹਿਬ, ਉਨ੍ਹਾਂ ਦੀ ਵੀ ਕੋਸ਼ਿਸ਼ ਇਹੀ ਹੈ ਕਿ ਇਹ ਸਟੋਰੇਜ ਨਾ ਬਣੇ। ਅਸੀਂ ਆਪਣਾ ਹਲਵਾ ਮੰਡਾ ਵਿੱਚੋਂ ਕੱਢਦੇ ਰਹੀਏ। ਇਸ ਵਿੱਚ ਸਾਰਟੇਜ਼ ਪਾਉਂਦੇ ਰਹੀਏ। ਵੈਸੇ, ਸਪੀਕਰ ਸਾਹਿਬ, ਪਤਾ ਹੈ, ਜਦੋਂ ਵੀ ਅਸੀਂ ਬਰਸਾਤ ਤੋਂ ਬਾਅਦ ਕਣਕ ਖਰੀਦਦੇ ਹਾਂ ਤਾਂ ਵੈਸੇ ਹੀ ਹਰ ਬੋਰੀ ਦਾ ਕਿੱਲੋ, ਦੋ ਕਿੱਲੋ ਵੇਟ ਵਧਦਾ ਹੈ। ਉਹ ਜਿਹੜਾ ਵੱਧ ਬਣਦਾ ਹੈ, ਉਹ ਵੀ ਵਿੱਚ ਮੁੱਕ ਗਿਆ। ਇਸ ਕਰਕੇ ਵਿੱਚ ਜਿਹੜਾ ਘਪਲਾ ਹੈ, ਜਿਹੜਾ ਲਾਲਚ ਹੈ, ਉਸ ਵਿੱਚ ਜੋ ਕੁਝ ਵੀ ਹੋਇਆ ਹੈ, ਉਹ ਬੜੀ ਲੰਬੀ ਕਹਾਣੀ ਹੈ। ਬੜੀ ਬਦਕਿਸਮਤੀ ਵਾਲੀ ਕਹਾਣੀ ਹੈ। ਮੇਰੀ ਹੱਥ ਬੰਨ੍ਹ ਕੇ, ਸਪੀਕਰ ਸਾਹਿਬ, ਤੁਹਾਨੂੰ ਬੇਨਤੀ ਹੈ ਕਿ ਬਹਿਸ ਕਰਾਉਣ ਦੀ ਬਜਾਏ ਤੁਸੀਂ ਸਾਰਾ ਰਿਕਾਰਡ ਦੇਖ ਲਓ, ਸਾਰੀ ਫਾਈਲ ਦੇਖ ਲਓ ਜਿਹੜੀ ਮੇਰੇ ਕੋਲ ਹੈ। ਜਿਹੜੀ ਤੁਸੀਂ ਕਮੇਟੀ ਬਣਾਓਗੇ, ਉਸ ਦੇ ਸਾਹਮਣੇ ਮੈਂ ਰੱਖ ਦੇਵਾਂਗਾ। ਫੈਸਲਾ ਉਸ ਤੇ ਛੱਡ ਦਿਓ। ਇਸ ਕਰਕੇ ਟਾਈਮ ਖਰਾਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਲਾਲ ਸਿੰਘ]

ਕਰਨ ਦਾ ਕੋਈ ਫਾਇਦਾ ਨਹੀਂ। ਤੁਸੀਂ ਡਿਟੇਲ ਵਿੱਚ ਨਾ ਜਾਓ। ਬਾਕੀ ਵਿਚਾਰ ਸੁਣ ਲਵੋ। ਇੰਨੀ ਗੱਲ ਕਹਿ ਕੇ ਮੈਂ ਖਿਮਾ ਦਾ ਜਾਚਕ ਹਾਂ। ਮੈਂ ਫਿਰ ਇਹ ਦਾਅਵਾ ਕਰਦਾ ਹਾਂ ਕਿ ਇਸ ਵਿੱਚ ਪੰਜਾਬ ਸਰਕਾਰ ਦਾ ਕੋਈ ਦੋਸ਼ ਨਹੀਂ। ਦੋਸ਼ ਸਾਡਾ ਹੈ। ਸਾਡਾ ਵੀ ਕਿਸ ਦਾ ਹੈ ਮੈਂ ਉਸ ਕਮੇਟੀ ਦੇ ਸਾਹਮਣੇ ਜਵਾਬ ਦੇਵਾਂਗਾ। ਤੁਸੀਂ ਫੈਸਲਾ ਕਰ ਦਿਓ। ਧੰਨਵਾਦ।

**ਮਾਨਯੋਗ ਸਪੀਕਰ:** ਇਸ ਮਤੇ ਨੂੰ ਲਿਆਉਣ ਵਿੱਚ ਤੁਹਾਡੀ ਵੀ ਸਹਿਮਤੀ ਹੈ। ਮੇਰਾ ਮਤਲਬ ਹੈ ਤੁਸੀਂ ਪਹਿਲੇ ਦਿਨ ਵੀ ਕਿਹਾ ਸੀ ਕਿ ਮਤਾ ਲਿਆਂਦਾ ਜਾਵੇ।

**ਸਰਦਾਰ ਲਾਲ ਸਿੰਘ:** ਮੈਨੂੰ ਕੋਈ ਇਤਰਾਜ਼ ਨਹੀਂ ਮਤੇ ਦਾ।

**ਮਾਨਯੋਗ ਸਪੀਕਰ:** ਜਿਸ ਤਰੀਕੇ ਨਾਲ ਤੁਸੀਂ ਸਟਾਰਟ ਵਿੱਚ ਕਿਹਾ ਹੈ, that was wrong. ਮੰਤਰੀ ਸਾਹਿਬ, ਤੁਸੀਂ ਕੁਝ ਕਹਿਣਾ ਹੈ?

**ਖੁਰਾਕ ਤੇ ਸਿਵਲ ਸਪਲਾਈ ਅਤੇ ਸੂਚਨਾ ਤਕਨਾਲੋਜੀ ਮੰਤਰੀ (ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ):** ਸਪੀਕਰ ਸਾਹਿਬ, ਥੋੜ੍ਹਾ ਜਿਹਾ ਰਿਕਾਰਡ ਠੀਕ ਕਰਨਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਤੁਸੀਂ ਲਾਸਟ ਵਿੱਚ ਸਪੀਚ ਕਰਨੀ ਹੈ।

**ਖੁਰਾਕ ਤੇ ਸਿਵਲ ਸਪਲਾਈ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਦੋ ਮਿੰਟ ਪਲੀਜ਼।

**ਮਾਨਯੋਗ ਸਪੀਕਰ:** ਮਨਿਸਟਰ ਨੇ ਲਾਸਟ ਵਿੱਚ ਬੋਲਣਾ ਹੁੰਦਾ ਹੈ। ਹਾਂ ਜੀ, ਮਹਿੰਦਰ ਕੌਰ ਜੋਸ਼ ਜੀ, ਸਿਰਫ ਦੋ-ਚਾਰ ਮਿੰਟ ਹੀ।

**ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ (ਸ਼੍ਰੀਮਤੀ ਮਹਿੰਦਰ ਕੌਰ ਜੋਸ਼):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇੱਕ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਹੜਾ ਕਿ ਕਿਸਾਨਾਂ ਨਾਲ ਸਬੰਧਤ ਮਤਾ ਹੈ। ਮੈਂ ਇਹ ਮਾਣ ਮਹਿਸੂਸ ਕਰਦੀ ਹਾਂ ਤੇ ਇਹ ਸਾਡੇ ਸਾਰੇ ਪੰਜਾਬੀਆਂ ਦੇ ਲਈ ਵੀ ਮਾਣ ਵਾਲੀ ਗੱਲ ਹੈ ਕਿ ਸਾਨੂੰ ਸਰਦਾਰ ਪਰਕਾਸ਼ ਸਿੰਘ ਵਰਗੇ ਦੂਰ ਅੰਦੇਸ਼, ਲੋਕ ਸੇਵਾ ਨੂੰ ਪਰਣਾਏ ਹੋਏ, ਪੰਜਾਬ ਨੂੰ ਤਰੱਕੀ ਦੀਆਂ ਬੁਲੰਦੀਆਂ ਤੇ ਲੈ ਕੇ ਜਾਣ ਵਾਲੇ ਲਗਾਤਾਰ ਯਤਨਸ਼ੀਲ ਆਗੂ ਦੀ ਸੁਚੱਜੀ ਅਗਵਾਈ ਮਿਲੀ ਹੈ। ਪੰਜਾਬ ਦੇ ਕਿਸਾਨਾਂ ਵਲੋਂ ਕੀਤੀ ਗਈ ਮਿਹਨਤ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਵਲੋਂ ਦਿੱਤੀ ਗਈ ਵਕਤ ਸਿਰ ਬਿਜਲੀ

Original with;
Punjab Vidhan Sabha
Digitized by;
Panjab Digital Library

ਦੀ ਸਪਲਾਈ ਦਾ ਸਦਕਾ ਅੱਜ ਮੈਂ ਪੰਜਾਬ ਦੇ ਕਿਸਾਨਾਂ ਨੂੰ ਵਧਾਈ ਦੇਣੀ ਚਾਹੁੰਦੀ ਹਾਂ ਅਤੇ ਉਨ੍ਹਾਂ ਦਾ ਸਤਿਕਾਰ ਕਰਦੀ ਹਾਂ, ਜਿਨ੍ਹਾਂ ਨੇ ਬੜੀ ਮਿਹਨਤ ਕੀਤੀ ਹੈ। ਮੈਂ ਅੱਜ ਜਿਹੜਾ ਅਨਾਜ ਭੰਡਾਰ ਹੈ, ਉਹ ਅੱਜ 129 ਲੱਖ ਮੀਟਰਿਕ ਟਨ ਦੀ ਖਰੀਦ ਕੀਤੀ ਗਈ ਹੈ, ਇਸ ਲਈ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਵੀ ਧੰਨਵਾਦ ਕਰਦੀ ਹਾਂ। ਰਿਕਾਰਡ ਹੈ ਕਿ ਸੂਬੇ ਦੇ ਵਿੱਚ ਕਣਕ ਦਾ ਪਿਛਲੇ ਸਾਲ ਦਾ 46 ਲੱਖ ਮੀਟਰਿਕ ਟਨ ਸਟਾਕ ਪਿਆ ਹੈ। ਮੇਰੇ ਸਤਿਕਾਰਯੋਗ ਵੀਰ ਬੋਲ ਕੇ ਗਏ ਹਨ ਕਿ ਸਾਡਾ ਕਸੂਰ ਨਹੀਂ ਹੈ। ਪੰਜਾਬ ਕੋਲ ਮੌਜੂਦਾ ਕਣਕ ਦਾ ਸਟਾਕ 175 ਲੱਖ ਮੀਟਰਿਕ ਟਨ ਇਸ ਵੇਲੇ ਪਿਆ ਹੈ। ਸੂਬੇ ਵਿੱਚ ਝੋਨੇ ਦਾ ਮੌਜੂਦਾ ਸਟਾਕ 66 ਲੱਖ ਮੀਟਰਿਕ ਟਨ ਹੈ। ਕਣਕ ਤੇ ਚਾਵਲ ਨੂੰ ਮਿਲਾ ਕੇ ਵੇਖ ਲਈਏ ਤਾਂ 241 ਲੱਖ ਮੀਟਰਿਕ ਟਨ ਪਿਆ ਹੈ। ਸੂਬੇ ਵਿੱਚ ਕੁਲ 241 ਲੱਖ ਮੀਟਰਿਕ ਟਨ ਦੀ ਸਮਰਥਾ ਦੇ ਗੋਦਾਮ ਚਾਹੀਦੇ ਹਨ ਪਰ ਇਸ ਵੇਲੇ ਸਮਰਥਾ 106 ਮੀਟਰਿਕ ਟਨ ਹੈ। ਇਹ ਦੁੱਖ ਦੀ ਗੱਲ ਹੈ ਕਿ ਇਸ ਵੇਲੇ ਭਾਰਤ ਸਰਕਾਰ ਵਲੋਂ ਪੰਜਾਬ ਨੂੰ ਸਿਰਫ 51 ਲੱਖ ਮੀਟਰਿਕ ਟਨ ਸਮਰਥਾ ਰੱਖਣ ਵਾਲੇ ਗੋਦਾਮ ਦੀ ਪ੍ਰਵਾਨਗੀ ਦਿੱਤੀ ਗਈ ਹੈ। ਭਾਰਤ ਸਰਕਾਰ ਵੱਲੋਂ ਜਿਹੜਾ 2008 ਵਿੱਚ ਸਰਵੇ ਕਰਵਾਇਆ ਗਿਆ ਸੀ ਔਰ ਉਸ ਦੇ ਵਿੱਚ ਜੋ ਸਰਵੇਖਣ ਆਇਆ ਸੀ, ਉਸ ਦੇ ਵਿੱਚ 124 ਲੱਖ ਮੀਟਰਿਕ ਟਨ ਦੇ ਗੋਦਾਮਾਂ ਦੀ ਘਾਟ ਪਾਈ ਗਈ ਸੀ, ਜਿਸ ਦੇ ਵਿੱਚੋਂ 80 ਲੱਖ ਮੀਟਰਿਕ ਟਨ ਦੀ ਘਾਟ ਪੰਜਾਬ ਦੇ ਵਿੱਚ ਸੀ ਪਰ ਪੰਜਾਬ ਨੂੰ ਮਿਲਿਆ ਕੀ, ਪੰਜਾਬ ਨੂੰ ਸਿਰਫ 71 ਲੱਖ ਮੀਟਰਿਕ ਟਨ ਗੋਦਾਮ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਦੇ ਨਾਲ ਹੀ ਇੱਕ ਅਫਸੋਸ ਦੀ ਹੋਰ ਵੀ ਗੱਲ ਹੈ ਕਿ ਜਿਹੜਾ 71 ਲੱਖ ਮੀਟਰਿਕ ਟਨ ਅਨਾਜ ਦੇ ਗੋਦਾਮ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਸੀ, ਉਸ ਦੇ ਵਿੱਚੋਂ 20 ਲੱਖ ਮੀਟਰਿਕ ਟਨ ਗੋਦਾਮ ਬਣਾਉਣ ਦੀ ਕੱਟ ਸਾਡੇ ਉਤੇ ਲਗਾ ਦਿੱਤੀ ਗਈ ਅਤੇ ਇਸ ਤਰ੍ਹਾਂ ਸਾਡੇ ਕੋਲ ਰਹਿ ਕੀ ਗਿਆ, ਸਾਡੇ ਕੋਲ 51 ਲੱਖ ਮੀਟਰਿਕ ਟਨ ਬਣਾਉਣ ਦੀ ਪ੍ਰਵਾਨਗੀ ਰਹਿ ਗਈ। ਕੀ ਇਹ ਹੇਰਾਫੇਰੀ ਨਹੀਂ ਹੈ, ਇਹ ਕੀ ਗੱਲ ਹੈ? ਅਸੀਂ ਐਵੇਂ ਕਹਿੰਦੇ ਰਹਿੰਦੇ ਹਾਂ ਕਿ ਅਸੀਂ ਆਹ ਕਰ ਦਿੱਤਾ, ਆਹ ਕਰ ਦਿੱਤਾ। ਇਹ ਬੜੀ ਵੱਡੀ ਗੱਲ ਹੈ, ਮੈਂ ਫਿਗਰਾਂ ਦੇ ਨਾਲ ਬੋਲ ਰਹੀ ਹਾਂ। ਤੁਸੀਂ ਇਸ ਗੱਲ ਦਾ ਖਿਆਲ ਰੱਖਣਾ। ਮੌਜੂਦਾ ਸਮੇਂ ਪੰਜਾਬ ਨੂੰ ਹਾਲੇ ਵੀ 135 ਲੱਖ ਮੀਟਰਿਕ ਟਨ ਦੇ ਸਮਰਥਾ ਰੱਖਣ ਵਾਲੇ ਗੋਦਾਮਾਂ ਦੀ ਜ਼ਰੂਰਤ ਹੈ, ਇਸ ਸਬੰਧੀ ਭਾਰਤ ਸਰਕਾਰ ਵਲੋਂ ਇਸ ਦੀ ਤੁਰੰਤ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਭਾਰਤ ਸਰਕਾਰ ਵਲੋਂ ਪੰਜਾਬ ਵਿੱਚ ਅਨਾਜ ਭੰਡਾਰ ਦੀ ਸਮਰਥਾ ਨੂੰ ਧਿਆਨ ਵਿੱਚ ਨਾ ਰੱਖਿਆ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ]

ਗਿਆ ਤਾਂ ਫਿਰ ਹੋਵੇਗਾ ਕੀ, ਨਾ ਕੇਵਲ ਪੰਜਾਬ ਦੇ ਕਿਸਾਨਾਂ ਦਾ ਨੁਕਸਾਨ ਬਲਕਿ ਸਾਰੇ ਦੇਸ਼ ਦਾ ਨੁਕਸਾਨ ਹੋਵੇਗਾ। ਇਹ ਬਹੁਤ ਵੱਡੀ ਗੱਲ ਹੈ ਕਿਉਂਕਿ ਜਿਹੜੇ ਸਾਡੇ ਕਿਸਾਨ ਵੀਰ ਹਨ, ਸ਼ਾਮ ਨੂੰ ਰਾਤ ਨੂੰ ਜਾ ਕੇ ਖੇਤਾਂ ਵਿੱਚ ਆਪਣੀ ਖੂਨ ਪਸੀਨੇ ਦੀ ਕਮਾਈ ਵੀ ਕਰਦੇ ਹਨ ਅਤੇ ਸੱਪਾਂ ਦੀਆਂ ਸਿਰੀਆਂ ਵੀ ਮਿੱਧਦੇ ਹਨ। ਜੇ ਫਿਰ ਵੀ ਅਸੀਂ ਉਨ੍ਹਾਂ ਦੇ ਅਨਾਜ ਨੂੰ ਭੰਡਾਰ ਕਰਨ ਦੀ ਸਮਰਥਾ ਨਹੀਂ ਰੱਖਦੇ ਤਾਂ ਫਿਰ ਇਹ ਮਜ਼ਾਕ ਨਹੀਂ ਹੈ ਤਾਂ ਹੋਰ ਕੀ ਹੋ ਸਕਦਾ ਹੈ। ਸਪੀਕਰ ਸਾਹਿਬ, ਵੈਸੇ ਵੀ ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਵਿੱਚ ਜਿੱਥੇ ਪਹਿਲਾਂ ਹੀ ਅਨਾਜ ਭੰਡਾਰ ਦੀ, ਗੋਦਾਮਾਂ ਦੀ ਘਾਟ ਸੀ,ਉਥੇ ਜਿਹੜੀ ਇਸ ਦੀ ਆਵਾਜਾਈ ਦੀ, ਨਿਕਾਸੀ ਦੀ ਰਫਤਾਰ ਹੈ, ਉਹ ਵੀ ਬੜੀ ਸੁਸਤ ਹੈ। ਪਿਛਲਾ ਅਨਾਜ ਗੋਦਾਮਾਂ ਵਿੱਚ ਪਿਆ ਹੈ ਅਤੇ ਨਵਾਂ ਅਨਾਜ ਆ ਗਿਆ ਤੇ ਹੋਰ ਵੀ ਆਉਣ ਵਾਲਾ ਹੈ। ਜੇਕਰ ਨਿਕਾਸੀ ਨਾ ਹੋਈ ਤਾਂ ਫਿਰ ਬੜੀ ਮੁਸ਼ਕਲ ਆਵੇਗੀ। ਇਹ ਗੱਲ ਮੈਂ ਇਸ ਕਰਕੇ ਕਹਿਣਾ ਚਾਹੁੰਦੀ ਹਾਂ ਕਿ ਜੇਕਰ ਨਿਕਾਸੀ ਨਹੀਂ ਹੋਵੇਗੀ ਤਾਂ ਫਿਰ ਬੜਾ ਔਖਾ ਹੋਵੇਗਾ। ਅੱਜ ਪੰਜਾਬ ਨੂੰ ਲੋੜ ਹੈ ਕਿ ਨਿਕਾਸੀ ਕੀਤੀ ਜਾਵੇ ਅਤੇ ਆਵਾਜਾਈ ਦੇ ਸਾਧਨ ਬਣਾਏ ਜਾਣ। ਟ੍ਰੇਨਾਂ ਵਾਧੂ ਕੀਤੀਆਂ ਜਾਣ। ਜਿਹੜੀਆਂ ਟਰੇਨਾਂ ਆਵਾਜਾਈ ਵਾਸਤੇ ਹਨ, ਉਹ ਵਾਧੂ ਹੋਣੀਆਂ ਚਾਹੀਦੀਆਂ ਹਨ ਲੇਕਿਨ ਹੋਇਆ ਕੀ ਹੈ ਕਿ ਜਿੱਥੇ 800 ਸਪੈਸ਼ਲ ਟਰੇਨਾਂ ਚਾਹੀਦੀਆਂ ਹਨ ਉਸ ਦੀ ਜਗ੍ਹਾ ਤੇ 500 ਸਪੈਸ਼ਲ ਟਰੇਨਾਂ ਹੀ ਚੱਲੀਆਂ ਹਨ। ਬਾਕੀ ਟ੍ਰੇਨਾਂ ਉੱਥੇ ਹੀ ਖੜ੍ਹੀਆਂ ਹਨ। ਇਸ ਵਿੱਚ ਵੀ ਕੋਈ ਵੱਡੀ ਗੱਲ ਨਹੀਂ ਕੀਤੀ ਗਈ। ਸਪੀਕਰ ਸਾਹਿਬ, ਮੈਂ ਆਪਣੇ ਸਤਿਕਾਰਯੋਗ ਵੀਰਾਂ ਨੂੰ ਅਤੇ ਆਪੋਜ਼ੀਸ਼ਨ ਵਾਲੇ ਵੀਰਾਂ ਨੂੰ ਵੀ ਦੱਸਣਾ ਚਾਹੁੰਦੀ ਹਾਂ ਕਿ ਤੁਸੀਂ ਵੀ ਸਾਥ ਦਿਉ ਤਾਂ ਕਿ ਅਸੀਂ ਭਾਰਤ ਸਰਕਾਰ ਨੂੰ ਅਪਰੋਚ ਕਰੀਏ ਕਿ ਪੰਜਾਬ ਦੀਆਂ ਲੋੜਾਂ ਨੂੰ ਪੂਰਾ ਕਰਨਾ ਬਹੁਤ ਜ਼ਰੂਰੀ ਹੈ।

**Mr. Speaker:** Thank you.

**ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ:** ਸਪੀਕਰ ਸਾਹਿਬ, ਜਦੋਂ ਅਸੀਂ ਰੱਬ ਕੋਲ ਫਰਿਆਦ ਕਰਦੇ ਹਾਂ ਤਾਂ ਸਾਡੀ ਉਹ ਬਹੁਤ ਜਲਦੀ ਸੁਣਦਾ ਹੈ ਪਰ ਕੇਂਦਰ ਸਰਕਾਰ ਪੰਜਾਬ ਦੀਆਂ ਜਾਇਜ਼ ਮੰਗਾਂ ਵਾਸਤੇ ਵੀ ਆਪਣੇ ਕੰਨ ਬੰਦ ਕਰਕੇ ਬੈਠੀ ਹੈ। ਪੂਰੇ ਦੇਸ਼ ਦਾ ਢਿੱਡ ਭਰਨ ਵਾਲਾ ਸੂਬਾ ਪੰਜਾਬ ਮੰਦਹਾਲੀ ਦੇ ਕੰਢਿਆਂ ਤੇ ਪਹੁੰਚ ਜਾਵੇਗਾ ਜੇਕਰ ਅਸੀਂ ਇਸ ਪਾਸੇ ਵੱਲ ਜਲਦੀ ਕੁਝ ਨਾ ਵਿਚਾਰਿਆ ਜਾਂ ਜੇਕਰ ਕਿਸਾਨ ਨੂੰ ਆਪਣੇ ਪੈਰਾਂ ਤੇ ਮੁੜ ਖੜ੍ਹਾ ਨਾ ਕੀਤਾ ਗਿਆ। ਜਿਵੇਂ ਕਿ ਫਾਰਸੀ ਦੇ ਬੜੇ ਅਜ਼ੀਮ ਸ਼ਾਇਰ ਨੇ ਕਿਹਾ ਹੈ-

Original with;
Punjab Vidhan Sabha
Digitized by;
Panjab Digital Library

***ਹਮ ਨੇ ਮਾਨਾ ਕਿ ਤਵੱਕਲ ਨਾ ਕਰੋਗੇ ਤੁਮ।***
***ਖਾਕ ਹੋ ਜਾਏਂਗੇ ਹਮ ਤੁਮ ਕੋ ਖ਼ਬਰ ਹੋਨੇ ਤੱਕ।***

ਸੈਂਟਰ ਸਰਕਾਰ ਨੂੰ ਇਹ ਸੁਣ ਲੈਣਾ ਚਾਹੀਦਾ ਹੈ।

**Mr. Speaker:** Thank you.

**ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ:** ਸਪੀਕਰ ਸਾਹਿਬ, ਪੰਜਾਬ ਦੀ ਗੱਲ ਹੈ, ਮੈਂ ਸਿਰਫ਼ ਇੱਕ ਮਿੰਟ ਲਵਾਂਗੀ। ਸਦਨ ਵਿੱਚ ਆਪਣੇ ਸਾਹਮਣੇ ਬੈਠੇ ਵੀਰਾਂ ਅਤੇ ਭੈਣਾਂ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਤੁਸੀਂ ਹਰ ਵੇਲੇ ਇਹ ਰਾਗ ਅਲਾਪਦੇ ਰਹਿੰਦੇ ਹੋ ਕਿ ਸੈਂਟਰ ਨੇ ਇਹ ਸਕੀਮ ਦਿੱਤੀ, ਉਹ ਸਕੀਮ ਦਿੱਤੀ, ਲੇਕਿਨ ਪੰਜਾਬ ਵਿੱਚ ਤਾਂ ਸੈਂਟਰ ਨੇ ਕੁਝ ਨਹੀਂ ਕੀਤਾ। ਠੀਕ ਹੈ ਕਿ ਕੁਝ ਪਰਸੈਂਟ ਸੈਂਟਰ ਸਰਕਾਰ ਦਿੰਦੀ ਹੈ ਪਰ ਜਿਹੜਾ ਪੰਜਾਬ ਦਾ ਬਣਦਾ ਹਿੱਸਾ ਹੈ, ਉਹ ਜ਼ਰੂਰ ਦੇਣਾ ਚਾਹੀਦਾ ਹੈ। ਉਹ ਵੀ ਤੁਸੀਂ ਪੁੱਛ ਲਿਆ ਕਰੋ ਕਿ ਪੰਜਾਬ ਦਾ ਕਿੰਨਾ ਹਿੱਸਾ ਬਣਦਾ ਹੈ। ਖਾਸ ਗੱਲ ਇਹ ਹੈ ਜਿਹੜੀ ਅਸੀਂ ਅੱਖੋਂ ਪਰੋਖੇ ਕਰਦੇ ਰਹਿੰਦੇ ਹਾਂ। ਤੁਸੀਂ ਗਰੀਬ-ਗੁਰਬਿਆਂ ਅਤੇ ਕਿਸਾਨਾਂ ਦੀ ਦਸ਼ਾ ਨੂੰ ਅੱਖੋਂ ਪਰੋਖੇ ਕਰਦੇ ਹੋ। ਸਿਆਸੀ ਰੋਟੀਆਂ ਨਹੀਂ ਸੇਕਣੀਆਂ ਚਾਹੀਦੀਆਂ। ਇਹ ਪੰਜਾਬ ਦੀ ਕਿਸਾਨੀ ਦੇ ਹਿੱਤ ਦੀ ਗੱਲ ਹੈ। ਸ਼ਾਇਦ ਤੁਹਾਡੇ ਲਈ ਇਹ ਸ਼ੇਅਰ ਢੁੱਕਵਾਂ ਹੋਵੇਗਾ ਕਿ-

***ਇਸ ਅਦਾ ਪੇ ਕੌਨ ਨਾ ਮਰ ਜਾਏ ਏ ਖ਼ੁਦਾ***
***ਕਤਲ ਕਰਤੇ ਹੈਂ ਪਰ ਹਾਥ ਮੇਂ ਤਲਵਾਰ ਭੀ ਨਹੀਂ।***

ਬੜੇ ਅਫ਼ਸੋਸ ਦੀ ਗੱਲ ਹੈ, ਇਹ ਰਾਗ ਅਲਾਪਦੇ ਰਹਿੰਦੇ ਹਨ ਕਿ ਸਾਨੂੰ ਸੈਂਟਰ ਸਰਕਾਰ ਨੇ ਇਹ ਦੇ ਦਿੱਤਾ, ਉਹ ਦੇ ਦਿੱਤਾ ਪਰ ਜਿਹੜੀ ਕਿਸਾਨਾਂ ਦੇ ਹਿਤ ਦੀ ਗੱਲ ਹੈ, ਉਨ੍ਹਾਂ ਬਾਰੇ ਸੈਂਟਰ ਸਰਕਾਰ ਨੇ ਕੀ ਕੀਤਾ ਹੈ? ਮੈਂ ਇਹ ਜਿਹੜਾ ਮਤਾ ਆਇਆ ਹੈ ਇਸ ਦੀ ਪ੍ਰੋੜਤਾ ਕਰਦੀ ਹਾਂ ਅਤੇ ਬੇਨਤੀ ਕਰਦੀ ਹਾਂ ਕਿ ਇਹ ਮਤਾ ਸਰਵਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਦੀ ਜਿਹੜੀ ਮਿਹਨਤ ਹੈ, ਜਿਹੜੀ ਜਿਣਸ ਹੈ, ਉਸ ਦੀ ਸਾਂਭ-ਸੰਭਾਲ ਜ਼ਰੂਰ ਹੋਣੀ ਚਾਹੀਦੀ ਹੈ। ਇੰਨਾ ਕਹਿੰਦੀ ਹੋਈ ਮੈਂ ਆਪ ਜੀ ਦਾ ਧੰਨਵਾਦ ਕਰਦੀ ਹਾਂ। ਜੈ ਹਿੰਦ।

**ਮਾਨਯੋਗ ਸਪੀਕਰ:** ਹਾਂ ਜੀ ਚੰਨੀ ਜੀ

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ। ਸਾਡੇ ਹੋਣਹਾਰ ਮੈਂਬਰ ਝੂੰਦਾਂ ਸਾਹਿਬ ਨੇ ਬੜੇ ਮਹੱਤਵਪੂਰਨ ਵਿਸ਼ੇ ਤੇ ਮਤਾ ਲਿਆਂਦਾ ਹੈ। ਮੈਂ ਇਨ੍ਹਾਂ ਦਾ ਧੰਨਵਾਦੀ ਹਾਂ। ਇਹ ਹਮੇਸ਼ਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ ਚੰਨੀ]

ਚੰਗੀਆਂ ਗੱਲਾਂ ਸਦਨ ਵਿੱਚ ਲੈ ਕੇ ਆਉਂਦੇ ਹਨ। ਸਪੀਕਰ ਸਾਹਿਬ, ਪੰਜਾਬ ਵਿੱਚ ਜਿਹੜਾ ਕਿਸਾਨ ਹੈ, ਉਹ ਪੂਰੇ ਹਿੰਦੁਸਤਾਨ ਦਾ ਅੰਨ ਦਾਤਾ ਮੰਨਿਆ ਜਾਂਦਾ ਹੈ। ਪੰਜਾਬ ਨੇ ਹਮੇਸ਼ਾ ਪੂਰੇ ਹਿੰਦੁਸਤਾਨ ਨੂੰ ਰੋਟੀ ਦਾ ਸਮਾਨ, ਖਾਣ ਦਾ ਸਮਾਨ ਮੁਹੱਈਆ ਕਰਵਾਇਆ ਹੈ। ਸਾਡਾ ਪੰਜਾਬ ਜਿਹੜਾ ਕਿ ਅੰਨਦਾਤਾ ਹੈ, ਉਸ ਦੀ ਹਾਲਤ ਇੱਥੇ ਆ ਗਈ ਹੈ ਕਿ ਅਸੀਂ ਇਸ ਸੈਸ਼ਨ ਵਿੱਚ ਪਾਸ ਕੀਤਾ ਹੈ ਕਿ ਜਿਹੜੇ ਕਿਸਾਨ ਖੁਦਕੁਸ਼ੀਆਂ ਕਰਦੇ ਹਨ, ਉਨ੍ਹਾਂ ਨੂੰ ਦੋ ਲੱਖ ਰੁਪਿਆ ਦਿੱਤਾ ਜਾਵੇ। ਅਸੀਂ ਇਹ ਨਹੀਂ ਸੋਚਦੇ ਜਾਂ ਸਾਡੇ ਪਾਸ ਇਸ ਗੱਲ ਦਾ ਕੋਈ ਇੰਤਜ਼ਾਮ ਨਹੀਂ ਹੈ ਕਿ ਕਿਸਾਨ ਖੁਦਕੁਸ਼ੀ ਕਿਉਂ ਕਰਦਾ ਹੈ। ਉਸ ਨੂੰ ਇਸ ਟ੍ਰੈਪ ਵਿੱਚੋਂ ਕੱਢਣ ਲਈ, ਉਸ ਦੀ ਸੋਚ ਬਦਲਣ ਲਈ ਅਸੀਂ ਕੀ ਕਰੀਏ? ਉਤਸ਼ਾਹਿਤ ਅਸੀਂ ਜ਼ਰੂਰ ਕਰ ਰਹੇ ਹਾਂ ਕਿ ਖੁਦਕੁਸ਼ੀ ਕਰ ਲਓ, ਅਸੀਂ ਦੋ ਲੱਖ ਰੁਪਏ ਦੇ ਦੇਵਾਂਗੇ ਲੇਕਿਨ ਖੁਦਕੁਸ਼ੀ ਵਾਸਤੇ ਹੀ ਉਤਸ਼ਾਹਿਤ ਕੀਤਾ। ਪਹਿਲਾਂ ਕਿਸਾਨ ਜਦੋਂ ਮੰਜੇ ਤੇ ਪਿਆ ਪੱਖੇ ਵੱਲ ਦੇਖਦਾ ਸੀ ਤਾਂ ਸੋਚਦਾ ਸੀ ਕਿ ਮੇਰੇ ਉੱਪਰ ਇੰਨਾ ਕਰਜ਼ਾ ਹੋ ਗਿਆ, ਮੇਰੇ ਮੁੰਡੇ ਕਿਸ ਤਰ੍ਹਾਂ ਮੋੜਨਗੇ। ਹੁਣ ਕਿਸਾਨ ਸੋਚਦਾ ਹੈ ਕਿ ਜੇ ਖੁਦਕੁਸ਼ੀ ਹੀ ਕਰ ਲਵਾਂ, ਦੋ ਲੱਖ ਰੁਪਿਆ ਤਾਂ ਆ ਜਾਵੇਗਾ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਅਸੀਂ ਅਜਿਹੇ ਕੰਮ ਨਹੀਂ ਕਰਦੇ ਕਿ ਜਿਹੜਾ ਕਿਸਾਨ ਹੈ, ਉਹ ਆਪਣੇ ਆਪ ਤੇ ਨਿਰਭਰ ਹੋਵੇ। ਅੱਜ ਸਾਡੇ ਪਾਸ ਇਕੋਂ ਇੱਕ ਕਿੱਤਾ ਹੈ, ਜਿਹੜਾ ਕੁਦਰਤ ਦੇ ਵੱਸ ਹੈ। ਕੋਈ ਵੀ ਕੁਦਰਤੀ ਆਫ਼ਤ ਆ ਜਾਵੇ ਤਾਂ ਕਿਸਾਨ ਤੇ ਮਾਰ ਪੈ ਜਾਂਦੀ ਹੈ। ਇਸ ਦੇ ਨਾਲ ਹੀ ਸਾਡੇ ਖੇਤੀ ਮਜ਼ਦੂਰ ਤੇ ਮਾਰ ਪੈ ਜਾਂਦੀ ਹੈ। ਜਦੋਂ ਸਾਡਾ ਕਿਸਾਨ ਡੁੱਬੇਗਾ ਤਾਂ ਖੇਤੀ ਮਜ਼ਦੂਰ ਡੁੱਬੇਗਾ। ਉਸ ਨਾਲ ਸਾਰੇ ਪੰਜਾਬ ਦੀ ਅਰਥ ਵਿਵਸਥਾ ਖਰਾਬ ਹੋ ਜਾਵੇਗੀ। ਪਿਛਲੇ ਦਿਨਾਂ ਵਿੱਚ ਆਫ਼ਤਾਂ ਆਈਆਂ, ਬਾਰਸ਼ਾਂ ਹੋਈਆਂ। ਅੱਜ ਮੈਂ ਸਵਾਲ ਲਗਾਇਆ ਹੋਇਆ ਸੀ ਕਿ ਜਿਹੜੀਆਂ ਫਸਲਾਂ ਦਾ ਕੁਦਰਤੀ ਆਫ਼ਤਾਂ, ਬਾਰਸ਼ਾਂ ਨਾਲ, ਗੜਿਆਂ ਨਾਲ ਨੁਕਸਾਨ ਹੋ ਗਿਆ, ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਸਰਕਾਰ ਇਸ ਦੇ ਬਾਰੇ ਕੀ ਕਹਿਣਾ ਚਾਹੁੰਦੀ ਹੈ ਤਾਂ ਸਾਡੇ ਮਾਨਯੋਗ ਮੰਤਰੀ ਜੀ ਨੇ ਇਸ ਦਾ ਜਵਾਬ ਦਿੱਤਾ ਕਿ 25% ਤੋਂ ਘੱਟ ਨੁਕਸਾਨ ਹੋਣ ਕਾਰਨ ਹਦਾਇਤਾਂ ਅਨੁਸਾਰ ਕਿਸੇ ਵੀ ਕਿਸਾਨ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾ ਸਕਦਾ ਅਤੇ ਜ਼ਿਲ੍ਹਾ ਮੋਗਾ ਦੇ ਕਿਸਾਨਾਂ ਨੂੰ ਹੋਣ ਵਾਲੇ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ। ਫਿਰ ਸਰਕਾਰ ਕਿੰਨੀ ਕੁ ਸਨਸੀਅਰ ਹੈ ਜੀ? ਦੋ ਮਹੀਨੇ ਹੋ ਗਏ.......

Original with;
Punjab Vidhan Sabha
Digitized by;
Panjab Digital Library

**ਸਰਦਾਰ ਇਕਬਾਲ ਸਿੰਘ ਝੂੰਦਾਂ:** ਸਪੀਕਰ ਸਾਹਿਬ, ਇਹ ਨੀਤੀਆਂ ਵੀ ਕੇਂਦਰ ਸਰਕਾਰ ਦੀਆਂ ਹੀ ਤੈਅ ਕੀਤੀਆਂ ਹੋਈਆਂ ਹਨ ਕਿ 25% ਨੁਕਸਾਨ ਹੋਣ ਤੇ ਮੁਆਵਜ਼ਾ ਨਹੀਂ ਦਿੱਤਾ ਜਾ ਸਕਦਾ ਅਤੇ 50% ਜਾਂ 75/- ਨੁਕਸਾਨ ਹੋਣ ਤੇ ਕਿੰਨਾ ਮੁਆਵਜ਼ਾ ਦਿੱਤਾ ਜਾ ਸਕਦਾ ਹੈ।

*12.56 ਵਜੇ ਬਾਅਦ ਦੁਪਹਿਰ (ਇਸ *ਸਮੇਂ ਸਰਦਾਰ ਗੁਰਤੇਜ ਸਿੰਘ ਘੁੜਿਆਣਾ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਸਰਦਾਰ ਚਰਨਜੀਤ ਸਿੰਘ ਚੰਨੀ:** ਸਾਡਾ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਸਾਡੀਆਂ ਆਪਣੇ ਕਿਸਾਨ ਦੇ ਪ੍ਰਤੀ ਕੀ ਜ਼ਿੰਮੇਵਾਰੀਆਂ ਹਨ? ਸਾਡੇ ਪਾਸ ਤਾਂ ਕਿਸਾਨ ਹੀ ਹਨ। ਸਾਡੇ ਪਾਸ ਖੇਤੀ ਹੀ ਹੈ, ਜਿਸ ਤੇ ਕਿਸਾਨ ਵੀ ਨਿਰਭਰ ਕਰਦੇ ਹਨ ਅਤੇ ਖੇਤ ਮਜ਼ਦੂਰ ਨੇ ਵੀ ਉਸੇ ਤੇ ਗੁਜ਼ਾਰਾ ਕਰਨਾ ਹੈ। ਸਾਡੀ 75% ਅਬਾਦੀ ਤਾਂ ਉਸ ਤੇ ਹੀ ਡਿਪੈਂਡੈਂਟ ਹੈ। ਫਿਰ ਸਾਡਾ ਸੂਬਾ ਉਸ ਵਾਸਤੇ ਕੀ ਕਰਨਾ ਚਾਹੁੰਦਾ ਹੈ? ਕੀ ਸਾਡੀ ਇਕੋ ਨੀਤੀ ਰਹੇਗੀ ਕਿ ਅਸੀਂ ਆਪਣੇ ਕਿਸਾਨ ਅੰਦਰ ਜਾਂ ਪੰਜਾਬ ਦੇ ਲੋਕਾਂ ਅੰਦਰ ਕੇਂਦਰ ਦੇ ਖਿਲਾਫ ਹਰ ਸਮੇਂ ਥੋੜ੍ਹੀ ਥੋੜ੍ਹੀ ਜ਼ਹਿਰ ਭਰਦੇ ਰਹੀਏ ਕਿ ਉਹ ਆਪਣੇ ਦੇਸ਼ ਵਿੱਚ ਬੈਠ ਕੇ ਵੀ ਆਪਣੇ ਦੇਸ਼ ਦੇ ਵਿਰੁੱਧ ਰਹਿਣ? ਸਰਕਾਰਾਂ ਤਾਂ ਆਉਂਦੀਆਂ ਜਾਂਦੀਆਂ ਰਹਿਣੀਆਂ ਹਨ, ਕਦੇ ਕਾਂਗਰਸ ਦੀ ਆ ਜਾਂਦੀ ਹੈ ਅਤੇ ਕਦੇ ਕਿਸੇ ਹੋਰ ਦੀ ਆ ਜਾਣੀ ਹੈ। ਲੇਕਿਨ ਕੀ ਸਾਡੀ ਇਹੀ ਨੀਤੀ ਹੈ ਕਿ ਅਸੀਂ ਹਮੇਸ਼ਾ ਹੀ ਕੇਂਦਰ ਨੂੰ ਇਹੀ ਕਹਿੰਦੇ ਰਹਿਣਾ ਹੈ ਕਿ ਤੁਸੀਂ ਸਾਡੇ ਨਾਲ ਪੱਖਪਾਤ ਕਰ ਦਿੱਤਾ, ਤੁਸੀਂ ਇਹ ਕਰ ਦਿੱਤਾ, ਤੁਸੀਂ ਉਹ ਕਰ ਦਿੱਤਾ ਜਿਹੜਾ ਨਿਆਣਾ ਜੰਮਦਾ ਹੈ, ਉਹ ਜਦੋਂ ਤੱਕ ਜਵਾਨ ਹੁੰਦਾ ਹੈ, ਉਹ ਸਮਝਦਾ ਹੈ ਕਿ ਮੈਂ ਤਾਂ ਕਿਸੇ ਹੋਰ ਦੇਸ਼ ਵਿੱਚ ਰਹਿ ਰਿਹਾ ਹਾਂ, ਇੱਥੇ ਤਾਂ ਕਿਸੇ ਬਿਗਾਨਿਆਂ ਦਾ ਰਾਜ ਹੈ ਤੇ ਸਾਨੂੰ ਇੱਥੇ ਰਹਿਣਾ ਨਹੀਂ ਚਾਹੀਦਾ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਪਾਸ ਪੰਜ ਏਜੰਸੀਆਂ ਅਨਾਜ ਦਾ ਕੰਮ ਕਰਦੀਆਂ ਹਨ। ਪਨਗ੍ਰੇਨ ਹੈ, ਪਨਸਪ ਹੈ, ਪੰਜਾਬ ਐਗਰੋ ਹੈ, ਵੇਅਰ ਹਾਊਸਿੰਗ ਹੈ ਅਤੇ ਮਾਰਕਫੈੱਡ ਹੈ। ਜਿੰਨਾ ਪੰਜਾਬ ਦੇ ਵਿੱਚ ਅਸੀਂ ਅਨਾਜ ਇਕੱਠਾ ਕਰਦੇ ਹਾਂ, ਉਸ ਦੀ ਸਾਂਭ-ਸੰਭਾਲ, ਉਸ ਦੀ ਸਟੋਰੇਜ ਆਦਿ ਦਾ ਟੋਟਲ ਪੈਸਾ ਸਾਨੂੰ ਕੇਂਦਰ ਸਰਕਾਰ ਦਿੰਦੀ ਹੈ। ਮੰਤਰੀ ਜੀ ਬੈਠੇ ਹਨ। ਜਦੋਂ ਸਾਨੂੰ ਸਾਂਭ-ਸੰਭਾਲ ਅਤੇ ਸਟੋਰੇਜ ਦੇ ਪੈਸੇ ਮਿਲਦੇ ਹਨ ਤਾਂ ਫਿਰ ਅਸੀਂ ਵੇਅਰ ਹਾਊਸਿੰਗ ਕਾਰਪੋਰੇਸ਼ਨ ਕਾਹਦੇ ਵਾਸਤੇ ਬਣਾਈ ਹੈ? ਜਦੋਂ ਸਾਡੇ ਪਾਸ ਵੇਅਰ ਹਾਊਸਿੰਗ ਕਾਰਪੋਰੇਸ਼ਨ ਹੈ ਤਾਂ ਉਸ ਦਾ ਕੰਮ ਤਾਂ ਇਹ ਸੀ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ ਚੰਨੀ]

ਉਹ ਸਟੋਰੇਜ ਕਰਦੀ ਪਰ ਉਸ ਨੂੰ ਅਸੀਂ ਟਰੇਡ ਕਰਨ ਵਾਸਤੇ ਲਗਾ ਦਿੱਤਾ। ਹੁਣ ਉਹ ਕੰਮ ਕਰਨ ਲੱਗ ਪਏ ਕਿ ਮਾਲ ਖਰੀਦਦੇ ਹਨ ਅਤੇ ਅੱਗੇ ਭੇਜ ਦਿੰਦੇ ਹਨ। ਲੇਕਿਨ ਸਟੋਰੇਜ ਕਰਨ ਦਾ ਕੰਮ ਖਤਮ ਹੈ। ਜਦੋਂ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਅਸੀਂ ਉਨ੍ਹਾਂ ਲਈ ਹੀ ਕੰਮ ਕਰਨਾ ਹੈ ਤਾਂ ਫਿਰ ਅਸੀਂ ਆਪਣੇ ਸਟੋਰੇਜ ਕਿਉਂ ਨਹੀਂ ਬਣਾਉਂਦੇ? ਮੈਂ ਝੂੰਦਾਂ ਸਾਹਿਬ ਦੀ ਗੱਲ ਨੂੰ ਐਪਰੀਸ਼ੀਏਟ ਕਰਦਾ ਹਾਂ ਕਿ ਸਾਨੂੰ ਕਹਿਣਾ ਚਾਹੀਦਾ ਹੈ ਕਿ ਕੇਂਦਰ ਹੀ ਬਣਾਵੇ। ਲੇਕਿਨ ਇਸ ਮਤੇ ਦੇ ਵਿੱਚ ਇਹ ਵੀ ਆਉਣਾ ਚਾਹੀਦਾ ਕਿ ਪੰਜਾਬ ਆਪਣੀ ਜ਼ਿੰਮੇਵਾਰੀ ਨੂੰ ਸਮਝ ਕੇ ਆਪਣੇ ਵੇਅਰ ਹਾਊਸਿੰਗ ਨੂੰ ਤਕੜਾ ਕਰੇ। ਆਪਣੇ ਵਸੀਲੇ ਤਿਆਰ ਕਰੇ ਕਿਉਂਕਿ ਸਾਡੇ ਜ਼ਿਮੀਂਦਾਰਾਂ ਪਾਸ ਇਕੋ ਇੱਕ ਤਾਂ ਅਨਾਜ ਦਾ ਕੰਮ ਹੈ, ਉਸ ਸਬੰਧੀ ਹੀ ਅਸੀਂ ਸਾਰਾ ਕੁਝ ਕਰਨਾ ਹੈ, ਫਿਰ ਅਸੀਂ ਬਜਟ ਕਿੱਥੇ ਲਗਾ ਰਹੇ ਹਾਂ? ਬਜਟ ਤਾਂ ਅਸੀਂ ਵਿਆਜ ਮੋੜਨ ਤੇ ਲਾਈ ਜਾ ਰਹੇ ਹਾਂ। ਸਾਡੇ ਬਜਟ ਤੇ ਤਾਂ ਹੋਰ ਹੋਰ ਕੰਮ ਹਨ। ਇੱਥੋਂ ਤੱਕ ਕਿ ਇਹ ਬਜਟ ਕਿਸੇ ਤਰ੍ਹਾਂ ਵੀ ਕਿਸੇ ਕਿਸਾਨ ਨੂੰ ਫਾਇਦਾ ਦੇਣ ਵਾਲਾ ਨਹੀਂ ਹੈ। ਅੱਜ ਕਿਸਾਨ ਜੇ ਖੁਦਕੁਸ਼ੀਆਂ ਕਰ ਰਹੇ ਹਨ ਤਾਂ ਉਸ ਦੇ ਕਾਰਨ ਲੱਭਣੇ ਚਾਹੀਦੇ ਹਨ। ਕਿਸਾਨ ਦੇ ਮੁੰਡੇ ਕੋਲ ਦੋ-ਦੋ ਕਿੱਲੇ ਤਾਂ ਜ਼ਮੀਨ ਰਹਿ ਗਈ ਹੈ। ਇੰਨੀ ਥੋੜ੍ਹੀ ਜ਼ਮੀਨ ਵਿੱਚ ਕਿਸਾਨ ਗੁਜ਼ਾਰਾ ਕਿਸ ਤਰ੍ਹਾਂ ਕਰੇਗਾ? ਕਿਸਾਨ ਨੂੰ ਤਕੜਾ ਕਰਨ ਵਾਸਤੇ ਇਸ ਦੇ ਹੱਲ ਲੱਭਣੇ ਪੈਣਗੇ ਤੇ ਮੈਂ ਝੂੰਦਾਂ ਸਾਹਿਬ ਨੂੰ ਅਤੇ ਇਸ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਜੇ ਇਹ ਮਤਾ ਪਾਸ ਕਰਨਾ ਹੈ ਤਾਂ ਕਰੋ, ਅਸੀਂ ਵੈਲਕੰਮ ਕਰਦੇ ਹਾਂ, ਸਾਨੂੰ ਕੇਂਦਰ ਨੂੰ ਦੋਸ਼ ਨਹੀਂ ਦੇਣਾ ਚਾਹੀਦਾ।

**ਸ਼੍ਰੀ ਸਭਾਪਤੀ:** ਵਾਈਂਡ ਅੱਪ ਕਰੋ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ:** ਲੇਕਿਨ ਇਸ ਦੇ ਨਾਲ ਇਹ ਵੀ ਸਾਨੂੰ ਐਡ ਕਰਨਾ ਚਾਹੀਦਾ ਹੈ, ਦੋਨੋਂ ਗੱਲਾਂ ਪਾਸ ਕਰੋ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਾਕਰ ਅਤੇ ਆਪਣੇ ਆਪਣੇ ਪੱਧਰ ਤੇ ਵੇਅਰ ਹਾਊਸਿੰਗ ਦਾ ਇੰਤਜ਼ਾਮ ਕਰਨ ਤਾਂ ਕਿ ਕਿਸਾਨ ਦੀ ਜਿਣਸ ਰੁਲੇ ਨਾ ਅਤੇ ਪੰਜਾਬ ਆਪਣੀ ਜ਼ਿੰਮੇਵਾਰੀ ਸਮਝਦਾ ਹੋਇਆ ਵੇਅਰ ਹਾਊਸਿੰਗ ਨੂੰ ਤਕੜਾ ਕਰਕੇ ਦੱਸੇ ਕਿ ਅਸੀਂ ਕਿੰਨੇ ਗੁਦਾਮ ਬਣਾਵਾਂਗੇ ਅਤੇ ਬਾਕੀ ਜਿਹੜੇ ਇਨ੍ਹਾਂ ਕੋਲੋਂ ਨਹੀਂ ਬਣ ਸਕਦੇ, ਉਨ੍ਹਾਂ ਵਾਸਤੇ ਕੇਂਦਰ ਸਰਕਾਰ ਨੂੰ ਸਿਫਾਰਸ਼ ਕੀਤੀ ਜਾਵੇ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਦੀਪ ਮਲਹੋਤਰਾ (ਫਰੀਦਕੋਟ):** ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਅਨਾਜ ਭੰਡਾਰਨ ਦੀ

Original with;
Punjab Vidhan Sabha
Digitized by;
Panjab Digital Library

ਗੰਭੀਰ ਸਮੱਸਿਆ ਉਪਰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਦੇਸ਼ ਦਾ ਅੰਨ ਦਾਤਾ ਹੈ ਤੇ ਪੰਜਾਬ ਦੇ ਮਿਹਨਤੀ ਕਿਸਾਨਾਂ ਵਲੋਂ ਪੈਦਾ ਕੀਤੀ ਫਸਲ ਨੂੰ ਸੰਭਾਲਣਾ ਸਾਡਾ ਕਰਮ ਵੀ ਬਣਦਾ ਹੈ ਅਤੇ ਧਰਮ ਵੀ। ਪਰ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਭਾਰਤ ਸਰਕਾਰ ਵਲੋਂ ਪੰਜਾਬ ਵਿੱਚ ਗੋਦਾਮਾਂ ਦੀ ਘਾਟ ਨੂੰ ਨਾ ਪੂਰਾ ਕਰਕੇ ਅੰਨ ਸੰਭਾਲਣ ਦੇ ਸੰਕਟ ਨੂੰ ਸੱਦਾ ਦਿੱਤਾ ਜਾ ਰਿਹਾ ਹੈ। ਬੇਸ਼ੱਕ ਭੰਡਾਰਨ ਦੀ ਇਸ ਸਮੱਸਿਆ ਦਾ ਅਸਲੀ ਹੱਲ ਅਨਾਜ ਦੀ ਤੇਜ਼ੀ ਨਾਲ ਨਿਕਾਸੀ ਹੀ ਹੈ ਕਿਉਂਕਿ ਘੱਟ ਅਤੇ ਸੁਸਤ ਨਿਕਾਸੀ ਕਾਰਨ ਅਨਾਜ ਦੇ ਪੁਰਾਣੇ ਭੰਡਾਰ ਗੋਦਾਮਾਂ ਨੂੰ ਭਰੀ ਰੱਖਦੇ ਹਨ, ਜਿਸ ਨਾਲ ਨਵੀਂ ਫ਼ਸਲ ਦੇ ਭੰਡਾਰਾਂ ਨੂੰ ਗੋਦਾਮਾਂ ਵਿੱਚ ਜਗ੍ਹਾ ਮਿਲਣ ਵਿੱਚ ਬਹੁਤ ਵੱਡੀ ਦਿੱਕਤ ਪੇਸ਼ ਆਉਂਦੀ ਹੈ। ਜਿੰਨਾ ਚਿਰ ਪਿਛਲਾ ਸਟਾਕ ਨਹੀਂ ਚੁਕਿਆ ਜਾਂਦਾ, ਓਨਾ ਚਿਰ ਨਵਾਂ ਸਟਾਕ ਭੰਡਾਰ ਨਹੀਂ ਕੀਤਾ ਜਾ ਸਕਦਾ। ਚੇਅਰਮੈਨ ਸਾਹਿਬ, ਮੈਂ ਇਹ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਮਸਲਾ ਕੇਵਲ ਅੰਨ ਭੰਡਾਰ ਨਾਲ ਸਬੰਧਤ ਨਹੀਂ ਸਗੋਂ ਪੰਜਾਬ ਦੀ ਇੱਕੋ ਇੱਕ ਐਗਰੋ ਬੇਸਡ ਇੰਡਸਟਰੀ ਨਾਲ ਜੁੜਿਆ ਹੋਇਆ ਹੈ। ਗੋਦਾਮਾਂ ਦੀ ਘਾਟ ਦਾ ਸਭ ਤੋਂ ਮਾੜਾ ਅਸਰ ਸ਼ੈਲਰ ਉਦਯੋਗ ਉਪਰ ਪੈ ਰਿਹਾ ਹੈ। ਇਸ ਵੇਲੇ ਪੰਜਾਬ ਵਿੱਚ ਤਕਰੀਬਨ 3500 ਸ਼ੈਲਰ ਹਨ। ਭੰਡਾਰਨ ਸਮਰਥਾ ਦੀ ਘਾਟ ਕਾਰਨ ਐਫ.ਸੀ.ਆਈ ਵਲੋਂ ਕਈ ਕਈ ਮਹੀਨੇ ਚੌਲਾਂ ਦੀ ਡਿਲਵਰੀ ਨਹੀਂ ਲਈ ਜਾਂਦੀ ਹੈ, ਜਿਸ ਕਰਕੇ ਚੌਲਾਂ ਦੀ ਕੁਆਲਟੀ ਉਪਰ ਮਾੜਾ ਅਸਰ ਪੈਂਦਾ ਹੈ ਅਤੇ ਬਾਅਦ ਵਿੱਚ ਐਫ.ਸੀ.ਆਈ ਵਲੋਂ ਮਾੜੀ ਕੁਆਲਟੀ ਦਾ ਬਹਾਨਾ ਬਣਾ ਕੇ ਚੌਲਾਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ, ਜਿਸ ਦਾ ਖਮਿਆਜਾ ਸ਼ੈਲਰ ਮਾਲਕਾਂ ਨੂੰ ਭੁਗਤਣਾ ਪੈਂਦਾ ਹੈ। ਚੌਲ ਇੰਡਸਟ੍ਰੀ ਸੂਬੇ ਦੀ ਇੱਕ ਮੁੱਖ ਐਗਰੋ ਅਧਾਰਤ ਇੰਡਸਟਰੀ ਹੈ, ਜਿਸ ਨੂੰ ਭੰਡਾਰਨ ਦੀ ਸਮਰੱਥਾ ਘੱਟ ਹੋਣ ਕਾਰਨ ਸਭ ਤੋਂ ਜ਼ਿਆਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਇੱਥੇ ਇਹ ਵੀ ਦੱਸਣਯੋਗ ਹੋਵੇਗਾ ਕਿ ਜਿੱਥੇ ਸ਼ੈਲਰ ਮਾਲਕਾਂ ਨੂੰ ਸਿੱਧੇ ਤੌਰ ਤੇ ਨੁਕਸਾਨ ਹੋਇਆ, ਉੱਥੇ ਪੰਜਾਬ ਸਰਕਾਰ ਨੂੰ ਵੀ ਕਰੋੜਾਂ ਰੁਪਏ ਦੇ ਵਿਆਜ ਦਾ ਨੁਕਸਾਨ ਹਰ ਸਾਲ ਝੱਲਣਾ ਪੈਂਦਾ ਹੈ। ਇਸ ਵੇਲੇ ਪੰਜਾਬ ਅੰਦਰ ਇਸ ਗੱਲ ਦੀ ਵੀ ਤੁਰੰਤ ਲੋੜ ਹੈ ਕਿ ਸੂਬੇ ਵਿੱਚ ਫੂਡ ਪ੍ਰਾਸੈਸਿੰਗ ਇੰਡਸਟਰੀ ਲਗਾਈ ਜਾਵੇ ਤਾਂ ਜੋ ਅਨਾਜ ਨੂੰ ਪ੍ਰਾਸੈਸ ਕਰਕੇ ਦੂਜੇ ਰਾਜਾਂ ਵਿੱਚ ਭੇਜਿਆ ਜਾਵੇ। ਇਸ ਟੀਚੇ ਦੀ ਪ੍ਰਾਪਤੀ ਲਈ ਫੂਡ ਪ੍ਰਾਸੈਸਿੰਗ ਯੂਨਿਟ ਲਗਾਉਣ ਵਾਲੇ ਨਿਵੇਸ਼ਕਾਂ ਨੂੰ ਉਤਸ਼ਾਹਤ ਕਰਦਿਆਂ ਵੱਧ ਤੋਂ ਵੱਧ ਰਿਆਇਤਾਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਵਲੋਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਮੈਂ ਇਹ ਵੀ ਦੱਸਣਾ ਚਾਹੁੰਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਦੀਪ ਮਲਹੋਤਰਾ]

ਜ਼ਰੂਰੀ ਸਮਝਦਾ ਹਾਂ ਕਿ ਪੰਜਾਬ ਵਿੱਚੋਂ ਅਨਾਜ ਦੀ ਤੁਰੰਤ ਨਿਕਾਸੀ ਲਈ ਭਾਰਤ ਸਰਕਾਰ ਵਲੋਂ ਵੱਧ ਤੋਂ ਵੱਧ ਐਕਸਪੋਰਟ ਦੀ ਆਗਿਆ ਦਿੱਤੀ ਜਾਵੇ। ਇਸ ਸਬੰਧ ਵਿੱਚ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵਲੋਂ ਪਹਿਲਾਂ ਹੀ ਕਈ ਵਾਰ ਕੇਂਦਰੀ ਮੰਤਰੀਆਂ ਕੋਲ ਇਹ ਮਾਮਲਾ ਲਿਖਤੀ ਤੇ ਜ਼ਬਾਨੀ ਤੌਰ ਤੇ ਉਠਾਇਆ ਗਿਆ ਹੈ ਪਰ ਇਸ ਸਬੰਧੀ ਭਾਰਤ ਸਰਕਾਰ ਨੇ ਕੋਈ ਠੋਸ ਕਦਮ ਹਾਲੇ ਤੱਕ ਨਹੀਂ ਚੁੱਕੇ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਭਾਰਤ ਸਰਕਾਰ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਮਹੱਤਵਪੂਰਨ ਮਸਲੇ ਦਾ ਹੱਲ ਤੁਰੰਤ ਕੀਤਾ ਜਾਵੇ ਕਿਉਂਕਿ ਅੱਜ ਵੀ ਇਸ ਸਬੰਧੀ ਕੋਈ ਯੋਗ ਕਦਮ ਚੁੱਕਿਆ ਜਾਂਦਾ ਹੈ ਤਾਂ ਇਸ ਨੂੰ ਨੇਪਰੇ ਚੜਦਿਆਂ ਘੱਟੋ-ਘੱਟ 1-2 ਸਾਲ ਦਾ ਸਮਾਂ ਲਗ ਜਾਵੇਗਾ। ਜਿਸ ਤਰ੍ਹਾਂ ਕਿ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਤੁਸੀਂ ਪਿਛਲੇ 5 ਸਾਲ ਦਾ ਹੀ ਅੰਕੜਾ ਦੇਖ ਲਓ, ਹੋਰ ਮੈਂਬਰ ਸਾਹਿਬਾਨ ਨੇ ਵੀ ਜਿਕਰ ਕੀਤਾ ਹੈ ਕਿ 2007 ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਪੰਜਾਬ ਵਿੱਚ ਕਣਕ ਦੀ ਖਰੀਦ 69 ਲੱਖ ਮੀਟਰਿਕ ਟਨ ਸੀ ਅਤੇ ਅੱਜ ਕਿਸਾਨਾਂ ਦੀ ਮਿਹਨਤ ਸਦਕੇ ਅਤੇ ਪੰਜਾਬ ਸਰਕਾਰ ਵਲੋਂ ਮੁਫਤ ਬਿਜਲੀ ਸਮੇਤ ਦਿੱਤੀਆਂ ਹੋਰ ਸਹੂਲਤਾਂ ਕਾਰਨ ਕਣਕ ਦੀ ਖਰੀਦ 129 ਲੱਖ ਮੀਟਰਿਕ ਟਨ ਹੋ ਗਈ ਹੈ। ਕਾਬਿਲੇਗੌਰ ਹੈ ਕਿ ਚੌਲਾਂ ਦੀ ਖਰੀਦ ਵਿੱਚ ਵੀ ਡੇਢ ਗੁਣਾ ਵਾਧਾ ਹੋ ਗਿਆ ਹੈ। ਮੇਰੀ ਸਮਝ ਅਨੁਸਾਰ ਸਟੋਰੇਜ ਦੀ ਸਮੱਸਿਆ ਦਾ ਹੱਲ ਇਸ ਕਰਕੇ ਵੀ ਤਰੁੰਤ ਜ਼ਰੂਰੀ ਹੈ ਕਿਉਂਜੋ ਆਉਣ ਵਾਲੇ ਸਮੇਂ ਵਿੱਚ ਅਨਾਜ ਦੀ ਪੈਦਾਵਾਰ ਹੋਰ ਵੀ ਵਧੇਗੀ ਅਤੇ ਜੇਕਰ ਇਸ ਸਮੱਸਿਆ ਦਾ ਤੁਰੰਤ ਹੱਲ ਨਹੀਂ ਕੱਢਿਆ ਗਿਆ ਤਾਂ ਨਾ ਸਿਰਫ ਪੰਜਾਬ ਦਾ ਕਿਸਾਨ ਰੁਲੇਗਾ ਸਗੋਂ ਪੰਜਾਬ ਦੀ ਇੱਕੋ ਇੱਕ ਐਗਰੋ-ਬੇਸਡ ਇੰਡਸਟ੍ਰੀ ਵੀ ਤਬਾਹ ਹੋ ਜਾਵੇਗੀ। ਇਸ ਇੰਡਸਟ੍ਰੀ ਨਾਲ ਜੁੜੇ ਕਿਸਾਨ, ਮਜ਼ਦੂਰ, ਟ੍ਰਾਂਸਪੋਰਟਰ, ਆੜ੍ਹਤੀਏ ਆਦਿ ਵੀ ਆਪਣੀ ਰੋਜ਼ੀ ਰੋਟੀ ਤੋਂ ਹੱਥ ਧੋ ਬੈਠਣਗੇ। ਚੇਅਰਮੈਨ ਸਾਹਿਬ, ਇਹ ਮਸਲਾ ਮਾਨਯੋਗ ਮੁੱਖ ਮੰਤਰੀ ਸਾਹਿਬ, ਵਲੋਂ ਉਠਾਈ ਜਾਂਦੀ ਉਸ ਮੰਗ ਨਾਲ ਵੀ ਜੁੜਿਆ ਹੋਇਆ ਹੈ, ਜਿਸ ਵਿੱਚ ਦੇਸ਼ ਦੇ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਦਿਆਂ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਕੀਤੀ ਜਾਂਦੀ ਹੈ। ਸਟੋਰੇਜ ਇਨਫਰਾਸਟਕਚਰ ਦਾ ਆਧੁਨਿਕੀਕਰਨ ਕਰਨ ਲਈ ਸਾਇਲੋਜ਼ ਆਦਿ ਹੋਰ ਚੀਜ਼ਾਂ ਬਣਾਉਣ ਲਈ ਵੀ ਸੂਬਿਆਂ ਨੂੰ ਆਜ਼ਾਦਾਨਾ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਚੇਅਰਮੈਨ ਸਾਹਿਬ, ਬਾਕੀ ਮੈਂਬਰਜ਼ ਨੇ ਵੀ ਬੋਲਿਆ ਹੈ ਕਿ ਪੰਜਾਬ ਸਰਕਾਰ ਗੁਦਾਮ ਬਣਾਵੇ ਪਰ ਸੱਚੀ ਗੱਲ ਇਹ ਹੈ ਕਿ ਕੇਂਦਰ ਦੀ ਉਸ ਪਾਲਿਸੀ ਨੂੰ ਵੀ ਚੰਗੀ ਤਰ੍ਹਾਂ ਘੋਖ ਲਿਆ ਜਾਵੇ, ਜਿਸ ਵਿੱਚ

Original with;
Punjab Vidhan Sabha
Digitized by;
Panjab Digital Library

ਇਹ ਹੈ ਕਿ ਕੇਂਦਰ ਦੀ ਇਜਾਜ਼ਤ ਤੋਂ ਬਿਨਾਂ, ਕੇਂਦਰ ਦੀ ਸਪੈਸੀਫਿਕੇਸ਼ਨਜ਼ ਤੋਂ ਬਿਨਾਂ ਅਸੀਂ ਕੋਈ ਸਟੋਰੇਜ ਇੰਡੀਪੈਂਡੈਂਟਲੀ ਨਹੀਂ ਕਰ ਸਕਦੇ। ਇਸ ਲਈ, ਚੇਅਰਮੈਨ ਸਾਹਿਬ, ਮੈਂ ਇਸ ਮਤੇ ਦੀ ਪੁਰਜ਼ੋਰ ਸ਼ਲਾਘਾ ਕਰਦਾ ਹਾਂ। ਇਹ ਮਤਾ ਪੰਜਾਬ ਦੇ ਸਾਂਝੇ ਹਿੱਤਾਂ ਨੂੰ ਧਿਆਨ ਵਿੱਚ ਰਖਦੇ ਹੋਏ ਸਰਬਸੰਮਤੀ ਦੇ ਨਾਲ ਪਾਸ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੇਰਾ ਇੱਕ ਹੋਰ ਸੁਝਾਅ ਹੈ ਕਿ ਡਾਕਟਰ ਅਮਰਿਤਾ ਸੈਨ ਜਿਹੜੇ ਇੱਕ ਇਕਨਾਮਿਸਟ ਹੋਏ ਹਨ, ਨੇ ਇਹ ਗੱਲ ਕਹੀ ਹੈ ਕਿ ਅਨਾਜ ਭੰਡਾਰਨ ਦੀ ਸਮੱਸਿਆ ਦਾ ਜੇਕਰ ਸਹੀ ਹੱਲ ਕਰਨਾ ਹੈ ਤਾਂ ਸਾਡੇ ਹਿੰਦੁਸਤਾਨ ਦੇ ਵਿੱਚ ਅਨਾਜ ਕੋਈ ਬਹੁਤ ਜ਼ਿਆਦਾ ਨਹੀਂ ਹੈ ਲੇਕਿਨ ਗ਼ਰੀਬ ਆਦਮੀ ਦੀ ਅਨਾਜ ਨੂੰ ਪ੍ਰਾਪਤ ਕਰਨ ਤੱਕ ਪਹੁੰਚ ਨਹੀਂ ਹੈ। ਕੇਂਦਰ ਦੀ ਸਰਕਾਰ ਇਕਨਾਮਿਕ ਡਿਵੈਲਪਮੈਂਟ ਲਈ ਅੱਛੀ ਪਾਲਿਸੀ ਬਣਾਵੇ ਤਾਂ ਕਿ ਗ਼ਰੀਬ ਆਦਮੀ ਦੀ 10-15% ਇਨਕਮ ਵਿੱਚ ਵਾਧਾ ਹੋਵੇ ਕਿਉਂਕਿ ਗਰੀਬ ਆਦਮੀ ਦੀ ਜਿਹੜੀ ਕਮਾਈ ਵਧਣੀ ਹੈ........

**ਸ਼੍ਰੀ ਸਭਾਪਤੀ:** ਹੁਣ ਤੁਸੀਂ ਵਾਈਂਡ ਅੱਪ ਕਰੋ ਜੀ।

**ਸ਼੍ਰੀ ਦੀਪ ਮਲਹੋਤਰਾ:** ਉਹ 90%, ਖਰੀਦਣ ਉਸ ਨੇ ਅਨਾਜ ਖਰੀਦਣ ਤੇ ਲਾਉਣੀ ਹੈ। ਅੱਜ ਆਪਾਂ ਸਾਰੇ ਹਿੰਦੁਸਤਾਨ ਦੇ ਵਿੱਚ ਗੱਲ ਕਰ ਰਹੇ ਹਾਂ ਕਿ ਅਨਾਜ ਦਾ ਭੰਡਾਰ ਬਹੁਤ ਵੱਧ ਗਿਆ ਹੈ ਪਰ ਇਕਨਾਮਿਸਟ ਕਹਿੰਦੇ ਹਨ ਕਿ ਅਗਰ ਇਸ ਅਨਾਜ ਤੱਕ ਗਰੀਬ ਆਦਮੀ ਦੀ ਪਹੁੰਚ ਬਣਾ ਦਿੱਤੀ ਜਾਵੇ ਤਾਂ ਇਹ ਅਨਾਜ ਪੂਰਾ ਹਿੰਦੁਸਤਾਨ ਵਾਸਤੇ ਹੋ ਸਕਦਾ ਹੈ। ਚੇਅਰਮੈਨ ਸਾਹਿਬ, ਮੈਂ ਏਨਾ ਹੀ ਕਹਿੰਦਾ ਹੋਇਆ ਇਸ ਮਤੇ ਨੂੰ ਸਾਂਝੇ ਹਿਤਾਂ ਦਾ ਧਿਆਨ ਰੱਖਦਿਆਂ ਹੋਇਆ, ਸਰਬਸੰਮਤੀ ਨਾਲ ਪਾਸ ਕਰਨ ਦੀ ਬੇਨਤੀ ਕਰਦਾ ਹਾਂ ਕਿਉਂਕਿ ਇਸ ਦੇ ਨਾਲ ਪੰਜਾਬ ਦੀ ਆਰਥਕਤਾ ਜੁੜੀ ਹੋਈ ਹੈ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ (ਬਠਿੰਡਾ ਦਿਹਾਤੀ, ਐਸ.ਸੀ.):** ਚੇਅਰਮੈਨ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇੱਕ ਬਹੁਤ ਹੀ ਸੰਵੇਦਨਸ਼ੀਲ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਅਤੇ ਮੈਂ ਝੂੰਦਾਂ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇੱਕ ਬਹੁਤ ਹੀ ਸੰਵੇਦਨਸ਼ੀਲ ਗੱਲ ਛੇੜੀ ਹੈ। ਜੇਕਰ ਇਸਦੇ ਵਿੱਚ ਮੈਂ ਆਪਣੀ ਗੱਲ ਸ਼ੁਰੂ ਕਰਾਂ ਤਾਂ ਅੱਜ ਅਨਾਜ ਨੂੰ ਸੰਭਾਲਣ ਦੀ ਗੱਲ ਮੇਰੇ ਮਾਨਯੋਗ ਛੋਟੇ ਵੀਰ ਚਰਨਜੀਤ ਸਿੰਘ ਚੰਨੀ ਸਾਹਿਬ ਨੇ ਕੀਤੀ ਹੈ ਕਿ ਏਥੇ ਸਟੋਰ ਬਣਾ ਦਿੱਤੇ ਜਾਣ, ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕੀ ਪੰਜਾਬ ਕੋਈ ਡੰਪਿੰਗ ਸਥਾਨ ਹੈ ਕਿ ਅਨਾਜ ਪੈਦਾ ਕਰ ਲਿਆ ਕਰੋ, ਡੰਪ ਕਰ ਲਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੋਟਫੱਤਾ]

ਕਰੋ, ਪੈਦਾ ਕਰ ਲਿਆ ਕਰੋ, ਡੰਪ ਕਰ ਲਿਆ ਕਰੋ। ਜੇਕਰ ਆਪਾਂ ਹਰ ਸਾਲ ਇਸ ਤਰ੍ਹਾਂ ਮਲਟੀਪਲਾਈਕੇਸ਼ਨ ਅਨਾਜ ਦੀ ਕਰਦੇ ਰਹਾਂਗੇ ਤਾਂ ਸਾਡੇ ਕੋਲ ਤਾਂ ਇੱਕ ਦਿਨ ਆ ਕੇ ਜ਼ਮੀਨ ਹੀ ਨਹੀਂ ਰਹਿਣੀ। ਅੱਜ ਲੋੜ ਹੈ ਕਿ ਇਸ ਨੂੰ ਲੋੜ ਅਨੁਸਾਰ ਡੰਪ ਕੀਤਾ ਜਾਵੇ ਅਤੇ ਇਸ ਨੂੰ ਮੂਵ ਕੀਤਾ ਜਾਵੇ। ਇਹ ਅਨਾਜ ਲੋਕਾਂ ਦੇ ਖਾਣ ਵਾਸਤੇ ਪੈਦਾ ਕੀਤਾ ਜਾਂਦਾ ਹੈ, ਕੰਜ਼ਿਊਮਰ ਦੇ ਖਾਣ ਵਾਸਤੇ ਅਸੀਂ ਅਨਾਜ ਨੂੰ ਪਹੁੰਚਾਣਾ ਹੈ ਕਿਉਂਕਿ ਇਹ ਪ੍ਰੈਰੋਗੇਟਿਵ ਕੇਂਦਰ ਸਰਕਾਰ ਦਾ ਹੈ। ਇਸ ਲਈ ਤੁਸੀਂ ਅੱਜ ਸਦਨ ਵਿੱਚ ਸਾਰਿਆਂ ਨੇ ਬੇਨਤੀ ਕੀਤੀ ਹੈ ਕਿ ਕੇਂਦਰ ਸਰਕਾਰ ਇਸ ਮੁੱਦੇ ਨੂੰ ਸੀਰੀਅਸਲੀ ਲਵੇ। ਅਗਰ ਪੰਜਾਬ ਵਿੱਚ ਮੈਂ ਐਫ.ਸੀ.ਆਈ. ਦੇ ਬਾਰੇ ਗੱਲ ਕਰਾਂ ਤਾਂ 25 ਲੱਖ ਟਨ ਹਰ ਸਾਲ ਉਸਨੇ ਖਰੀਦਣੀ ਹੁੰਦੀ ਹੈ, ਪਰ ਅੱਜ ਉਹ 2 ਲੱਖ ਟਨ ਖਰੀਦ ਰਹੀ ਹੈ। ਉਹ ਹਰ ਸਾਲ 23 ਲੱਖ ਟਨ ਅਨਾਜ ਘੱਟ ਖਰੀਦਦੀ ਹੈ, ਕੀ ਇਹ ਪੰਜਾਬ ਦੇ ਨਾਲ ਵਿਤਕਰਾ ਨਹੀਂ ਹੈ? ਚਲੋ, ਮੈਂ ਜੇਕਰ ਇਸ ਗੱਲ ਵੱਲ ਨਾ ਵੀ ਜਾਵਾਂ ਤਾਂ ਆਪਾਂ ਇਸ ਗੱਲ ਤੇ ਆਈਏ ਕਿ 241 ਲੱਖ ਟਨ ਅਨਾਜ ਪੰਜਾਬ ਦੇ ਵਿੱਚ ਅੱਜ ਸਟੋਰਡ ਹੈ। ਜਿਸਦੇ ਵਿੱਚੋਂ 32 ਲੱਖ ਟਨ ਉਂਝ ਹੀ ਪਲਿੰਥਾਂ ਤੇ ਪਿਆ ਹੈ, ਮਿੱਟੀ ਤੇ ਪਿਆ ਹੈ, ਕੱਚੇ ਪਲਿੰਥਾਂ ਤੇ ਪਿਆ ਹੈ। ਜੇਕਰ ਇਸਦੀ ਸੰਭਾਲ ਪਰਾਪਰ ਜਗ੍ਹਾ ਤੇ ਕੀਤੀ ਹੁੰਦੀ ਅਤੇ ਇਹ ਕੰਜ਼ਿਊਮਰ ਤੱਕ ਪਹੁੰਚੀ ਹੁੰਦੀ ਤਾਂ ਇਸ ਅਨਾਜ ਦੀ ਏਨੀ ਮੰਦੀ ਹਾਲਤ ਨਾ ਹੁੰਦੀ। ਇਸ ਦੇ ਵਿੱਚੋਂ ਅਗਰ ਪਿਛਲੇ ਸਾਲ ਦਾ ਡਾਟਾ ਦੇਖੀਏ ਤਾਂ ਅਸੀਂ ਦੇਖਦੇ ਹਾਂ ਕਿ 49000 ਟਨ ਕਣਕ ਵੇਸਟ ਹੋ ਗਈ ਹੈ, ਜਿਹੜੀ ਕਿ ਖਾਣਯੋਗ ਨਹੀਂ ਰਹੀ ਅਤੇ ਇਸ ਨੂੰ ਵੇਸਟ ਕਰਨਾ ਪਿਆ। ਇਹ ਬਹੁਤ ਵੱਡੇ ਘਾਟੇ ਹਨ। ਮੈਂ ਇਸ ਪਵਿੱਤਰ ਸਦਨ ਦੇ ਰਾਹੀਂ ਕੇਂਦਰ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਇਸ ਮੁੱਦੇ ਨੂੰ, ਜੋ ਮੇਰੇ ਸਤਿਕਾਰਯੋਗ ਬਹੁਤ ਹੀ ਸਿਆਣੇ ਝੂੰਦਾਂ ਜੀ ਲੈ ਕੇ ਆਏ ਹਨ, ਇਸ ਨੂੰ ਸੰਜੀਦਗੀ ਦੇ ਨਾਲ ਲੈ ਕੇ ਅਤੇ ਲੋਕਾਂ ਤੱਕ ਜਿੱਥੇ ਜਿੱਥੇ ਇਸ ਅਨਾਜ ਨੂੰ ਪਹੁੰਚਾਉਣ ਦੀ ਲੋੜ ਹੈ ਪਹੁੰਚਾਇਆ ਜਾਵੇ ਕਿਉਂਕਿ ਕਣਕ ਬਹੁਤ ਹੀ ਸਖਤ ਮਿਹਨਤ ਕਰਕੇ ਪੈਦਾ ਕੀਤੀ ਜਾਂਦੀ ਹੈ ਔਰ ਜੋ ਝੋਨਾ ਅੱਜ ਪੰਜਾਬ ਦੇ ਖੇਤਾਂ ਵਿੱਚ ਲੱਗ ਰਿਹਾ ਹੈ, ਆਪਾਂ ਦੇਖਦੇ ਹਾਂ ਕਿ ਲੋਕ ਇਸ ਨੂੰ ਲਗਾਉਂਦੇ ਹੋਏ ਕੁੱਬੇ ਹੋ ਜਾਂਦੇ ਹਨ ਪਰ ਜਿਸ ਦਿਨ ਇਸ ਨੂੰ ਵੇਚਣ ਦੀ ਗੱਲ ਆਉਂਦੀ ਹੈ ਤਾਂ ਆਪਾਂ ਸਾਰੇ ਦੇਖਦੇ ਹਾਂ ਅਤੇ ਕਹਿੰਦੇ ਹਾਂ ਕਿ ਕਿਸਾਨ ਫਸਲ ਸਿੱਟ ਆਇਆ ਹੈ। ਸਿੱਟਣ ਦੀ ਕਿਉਂ ਨੌਬਤ ਪਈ। ਸੈਂਟਰ ਸਰਕਾਰ ਦੀਆਂ ਹਮੇਸ਼ਾ ਇਹ ਸੋਚਾਂ ਰਹੀਆਂ ਹਨ ਕਿ ਆਪਾਂ ਕੰਮ ਚਲਾਓ। 65 ਸਾਲਾਂ ਵਿੱਚੋਂ 50 ਸਾਲ ਕੇਂਦਰ ਵਿੱਚ ਇੱਕ ਹੀ ਪਾਰਟੀ ਦੀ

Original with;
Punjab Vidhan Sabha
Digitized by;
Panjab Digital Library

ਜਿਹੜੀ ਸਰਕਾਰ ਰਹੀ, ਉਨ੍ਹਾਂ ਨੇ ਹਮੇਸ਼ਾ ਹੀ ਇਸ ਮੁੱਦੇ ਨੂੰ ਲੇਪਾਪੋਤੀ ਨਾਲ ਲੰਘਾਇਆ ਹੈ। ਇੱਕ ਉਹ ਵੀ ਸਮਾਂ ਸੀ ਕਿ 36 ਕਰੋੜ ਦੀ ਆਬਾਦੀ ਦੇ ਨਾਲ ਦੇਸ਼ ਆਜ਼ਾਦ ਹੋਇਆ ਸੀ ਅਤੇ ਲੋਕ ਭੁੱਖੇ ਹੁੰਦੇ ਸਨ ਪਰ ਅੱਜ 120 ਕਰੋੜ ਦੀ ਆਬਾਦੀ ਨੂੰ ਜੇਕਰ ਪੰਜਾਬ ਦੇਸ਼ ਦੀ ਕੁੱਲ ਜ਼ਮੀਨ ਦੇ ਮੁਕਾਬਲੇ 1.53 ਪ੍ਰਤੀਸ਼ਤ ਜ਼ਮੀਨ ਤੋਂ ਅਸੀਂ 40-50% ਤੱਕ ਅਨਾਜ ਕੇਂਦਰੀ ਪੂਲ ਭੰਡਾਰ ਵਿੱਚ ਭੇਜਦੇ ਹਾਂ ਤਾਂ ਇਹ ਜ਼ਰੂਰੀ ਸੀ ਕਿ ਸੈਂਟਰ ਪੰਜਾਬ ਪ੍ਰਤੀ ਹੋਰ ਸੰਵੇਦਨਸ਼ੀਲ ਹੁੰਦਾ ਔਰ ਇਸਦੇ ਵਿੱਚ ਜਿਹੜੀ ਸਭ ਤੋਂ ਵੱਡੀ ਗੱਲ ਮੇਰੇ ਵੀਰ ਸਤਿਕਾਰਯੋਗ ਬੁਲਾਰੇ ਨੇ ਦੱਸੀ ਹੈ, ਮੈਂ ਇਹ ਕਹਿਣੀ ਚਾਹਾਂਗਾ ਕਿ ਇਸ ਨੂੰ ਮੂਵ ਕਰਨ ਦਾ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ। ਜਿਹੜਾ ਇਸ ਨੂੰ ਮੂਵ ਕਰਨ ਦਾ ਕੰਮ ਹੈ, ਸੈਂਟਰ ਵਿੱਚ ਜਾਣਾ ਚਾਹੀਦਾ ਹੈ ਅਤੇ ਜਿੱਥੇ ਜਿੱਥੇ ਜਾਣਾ ਚਾਹੀਦਾ ਹੈ ਉਥੇ ਹਰ ........

**ਸ਼੍ਰੀ ਸਭਾਪਤੀ:** ਕਿਰਪਾ ਕਰਕੇ ਵਾਈਂਡ-ਅੱਪ ਕਰੋ ਜੀ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ:** ਉਥੇ ਹਰ ਮਹੀਨੇ 400 ਰੈਕ ਚਾਹੀਦੇ ਹਨ ਪ੍ਰੰਤੂ ਉਸ ਦੇ ਉਲਟ ਸਾਨੂੰ ਕੇਵਲ 20 ਰੈਕ ਮਿਲ ਰਹੇ ਹਨ, ਜਿਸ ਕਰਕੇ ਸਾਡਾ ਅਨਾਜ ਬੜਾ ਹੀ ਸੋਲਅ ਮੂਵ ਕਰ ਰਿਹਾ ਹੈ। ਪਿਛਲੇ ਸਾਲ 49 ਹਜ਼ਾਰ ਟਨ ਕਣਕ ਖਰਾਬ ਹੋ ਗਈ ਸੀ, ਜਿਸ ਦਾ ਸਾਨੂੰ ਨੁਕਸਾਨ ਹੋਇਆ ਸੀ। ਇਸ ਤੋਂ ਵਧੇਰੇ ਸਵੇਦਨਸ਼ੀਲ ਗੱਲ ਇਹ ਹੈ ਕਿ ਜਿਹੜੀਆਂ ਸਾਡੀਆਂ ਸੋ-ਕਾਲਡ ਏਜੰਸੀਆਂ ਹਨ ਉਹ ਕੇਵਲ ਸਾਬਾਸ਼ ਲੈਣ ਖਾਤਰ ਕਹਿੰਦੀਆਂ ਹਨ ਕਿ ਅਸੀਂ ਇਸ ਵਿੱਚੋਂ ਕਿਰਾਇਆ ਬਚਾ ਕੇ ਦਿੱਤਾ ਹੈ। ਇਹਨਾਂ ਛੋਟੀਆਂ-ਛੋਟੀਆਂ ਸੰਾਬਾਸ਼ਾਂ ਲੈਣ ਖਾਤਰ ਇਤਨੀ ਮਿਹਨਤ ਨਾਲ ਪੈਦਾ ਕੀਤੇ ਹੋਏ ਅਨਾਜ ਨੂੰ ਖਰਾਬ ਕਰ ਦਿੱਤਾ ਜਾਂਦਾ ਹੈ ਇਹ ਅਨਾਜ ਓ.ਆਰ. (ਓਨਰਜ਼ ਰਿਸਕ) ਤੇ ਬੁਕ ਕੀਤਾ ਜਾਂਦਾ ਹੈ ਅਤੇ ਖੁੱਲ੍ਹੇ ਡੱਬਿਆਂ ਵਿੱਚ ਮੂਵ ਹੁੰਦਾ ਹੈ। ਜੇਕਰ ਫਿਰੋਜ਼ਪੁਰ ਤੋਂ ਮੂਵ ਹੁੰਦਾ ਹੈ ਅਤੇ ਕੰਜ਼ਿਊਮਰ ਤੱਕ ਪਹੁੰਚਣ ਤੱਕ.....

**ਸ਼੍ਰੀ ਸਭਾਪਤੀ:** ਕਿਰਪਾ ਕਰਕੇ ਵਾਈਂਡ-ਅੱਪ ਕਰੋ ਜੀ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ:** ਬਸ, ਇੱਕ ਮਿੰਟ ਜੀ। ਮੇਰੀ ਬੇਨਤੀ ਹੈ ਕਿ ਇਹ ਖੁੱਲ੍ਹੇ ਦੀ ਬਜਾਏ ਪੈਕਡ ਮੂਵਮੈਂਟ ਹੋਣੀ ਚਾਹੀਦੀ ਹੈ। ਬੰਦ ਵੈਗਨਾਂ ਵਿੱਚ ਭੇਜਣੀ ਚਾਹੀਦੀ ਹੈ। ਇਹ ਰਸਤੇ ਵਿੱਚ ਬਹੁਤ ਮਾਤਰਾ ਵਿੱਚ ਖਰਾਬ ਹੁੰਦੀ ਹੈ। ਜਦੋਂ ਤੇ ਜਿੱਥੋਂ ਇਹ ਰੈਕ ਵਿੱਚ ਮੂਵ ਹੁੰਦੀ ਹੈ, ਉਦੋਂ ਤੋਂ ਹੀ ਇਸ ਦੀ ਹਜ਼ਾਮਤ ਹੋਣੀ ਸ਼ੁਰੂ ਹੋ ਜਾਂਦੀ ਹੈ। ਮੇਰੇ ਖ਼ਿਆਲ ਅਨੁਸਾਰ ਜੇਕਰ ਇਸ ਨੂੰ ਫਿਰੋਜ਼ਪੁਰ ਤੋਂ ਦਿੱਲੀ ਕੰਜ਼ਿਊਮਰ ਤੱਕ ਪਹੁੰਚਾਣਾ ਹੋਵੇ ਤਾਂ ਐਵਰੇਜ ਟਰੇਨ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੋਟਫੱਤਾ]

ਰਸਤੇ ਵਿੱਚ 8-10 ਥਾਵਾਂ ਤੇ ਰੁਕਣਾ ਪੈਂਦਾ ਹੈ। ਕਿਧਰੇ ਕਰਾਸਿੰਗ ਲਈ, ਕਿਧਰੇ ਸਿਗਨਲ ਲਈ ਅਤੇ ਕਿਧਰੇ ਉਡੀਕ ਲਈ ਰੁਕਣਾ ਪੈਂਦਾ ਹੈ। ਉੱਥੇ ਪਹੁੰਚਦੀ ਪਹੁੰਚਦੀ ਇਹ ਕੇਵਲ 80% ਹੀ ਰਹਿ ਜਾਂਦੀ ਹੈ। ਇਸ ਤਰ੍ਹਾਂ 20% ਰਸਤੇ ਵਿੱਚ ਹੀ ਇਸ ਦੀ ਚੋਰੀ ਹੋ ਜਾਂਦੀ ਹੈ ਜਾਂ ਮੀਂਹ ਵਿੱਚ ਭਿੱਜ ਜਾਂਦੀ ਹੈ। ਇਸ ਮੁੱਦੇ ਬਾਰੇ ਮੈਂ ਕੇਂਦਰ ਸਰਕਾਰ ਦਾ ਧਿਆਨ ਲਿਆਉਣਾ ਚਾਹੁੰਦਾ ਹਾਂ ਕਿ ਇਹ ਓ.ਆਰ.ਤੇ ਨਹੀਂ ਬਲਕਿ ਆਰ.ਆਰ. (ਰੇਲਵੇ ਰਿਸਕ) ਤੇ ਮੂਵ ਹੋਣੀ ਚਾਹੀਦੀ ਹੈ। ਜਿੰਨੀ ਇਹ ਮੂਵ ਹੁੰਦੀ ਹੈ, ਉਨੀ ਹੀ ਕੰਜ਼ਿਊਮਰ ਤੱਕ ਪਹੁੰਚਣੀ ਚਾਹੀਦੀ ਹੈ ਅਤੇ ਖਾਣ ਵਾਲੀ ਸਮਰਥਾ ਵਿੱਚ ਅਤੇ ਉਸੇ ਪੁਜ਼ੀਸ਼ਨ ਵਿੱਚ ਹੀ ਪਹੁੰਚਣੀ ਚਾਹੀਦੀ ਹੈ। ਮੈਂ ਅਖੀਰ ਵਿੱਚ ਇਸ ਨੂੰ ਪਾਸ ਕਰਨ ਲਈ ਬੇਨਤੀ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਸਭਾਪਤੀ:** ਹੁਣ ਸਰਦਾਰ ਸੋਹਣ ਸਿੰਘ ਠੰਡਲ ਜੀ।

**ਮੁੱਖ ਸੰਸਦੀ ਸਕੱਤਰ, ਸਿੰਚਾਈ (ਸਰਦਾਰ ਸੋਹਣ ਸਿੰਘ ਠੰਡਲ):** ਇਹ ਮਸਲਾ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਹੈ ਅਤੇ ਨਾ ਹੀ ਕਾਂਗਰਸ ਦਾ ਹੈ। ਇਹ ਸਮੁੱਚੇ ਪੰਜਾਬ ਦਾ ਮਸਲਾ ਹੈ ਅਤੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ। ਸਾਡੇ ਪੰਜਾਬ ਦਾ ਕਿਸਾਨ ਜਿਹੜਾ ਦਿਨ-ਰਾਤ ਮਿਹਨਤ ਕਰਕੇ ਅਨਾਜ ਪੈਦਾ ਕਰਦਾ ਹੈ, ਉਹ ਅਨਾਜ ਸੜਕਾਂ ਤੇ, ਮੰਡੀਆਂ ਵਿੱਚ, ਗੁਦਾਮਾਂ ਵਿੱਚ, ਰੇਲਵੇ ਸਟੇਸ਼ਨਾਂ ਤੇ ਗਲ ਰਿਹਾ ਹੈ, ਸੜ ਰਿਹਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਦੇਸ਼ ਅੰਦਰ ਅਨਾਜ ਦੀ ਕਮੀ ਸੀ ਤਾਂ ਸਾਰੇ ਦੇਸ਼ ਨੂੰ 'ਜੈ ਜਵਾਨ ਜੈ ਕਿਸਾਨ' ਦਾ ਨਾਹਰਾ ਦਿੱਤਾ ਗਿਆ ਸੀ। .......(ਵਿਘਨ).........

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਚੇਅਰਮੈਨ ਸਾਹਿਬ, ** **

**Mr. Chairman:** This is not Point of Order.

**ਮੁੱਖ ਸੰਸਦੀ ਸਕੱਤਰ, ਸਿੰਚਾਈ:** ਮੈਂ ਬੇਨਤੀ ਕਰ ਰਿਹਾ ਸੀ ਕਿ ਅੱਜ ਦੇਸ਼ ਅੰਦਰ ਪੰਜਾਬ ਦਾ ਜਿਹੜਾ ਸਾਡਾ ਸੂਬਾ ਹੈ, ਇਸ ਨੇ ਬਹੁਤ ਵੱਡੀ ਕਰਾਂਤੀ ਲੈ ਕੇ ਆਂਦੀ ਹੈ, ਜਿਸ ਨੂੰ ਅਸੀਂ ਹਰੀ ਕਰਾਂਤੀ ਕਹਿੰਦੇ ਹਾਂ ਕਿ ਦੇਸ਼ ਦੇ ਅੰਦਰ 150 ਲੱਖ ਮੀਟਰਿਕ ਟਨ ਕਣਕ ਪੈਦਾ ਹੁੰਦੀ ਹੈ ਅਤੇ ਜਿਸ ਦੇ ਵਿੱਚੋਂ 129 ਲੱਖ ਮੀਟਰਿਕ ਟਨ ਕਣਕ ਜਿਹੜੀ ਹੈ, ਵੱਖ ਵੱਖ ਏਜੰਸੀਆਂ ਨੇ ਖਰੀਦੀ ਹੈ। ਇਸੇ ਤਰ੍ਹਾਂ ਜਿਹੜਾ ਸਾਡਾ ਚਾਵਲ ਹੈ, ਉਹ ਚਾਵਲ ਵੀ ਅੱਜ ਸਭ ਤੋਂ ਵੱਧ ਪੰਜਾਬ ਦੇ ਅੰਦਰ ਪੈਦਾ ਹੋ ਰਿਹਾ ਹੈ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ

** expunged as ordered by the Chair.

Original with;
Punjab Vidhan Sabha
Digitized by;
Panjab Digital Library

ਕਿ ਇਸਦੇ ਵਿੱਚ ਕੁਝ ਕਾਰਨ ਹੋਰ ਵੀ ਆਏ ਹਨ। ਕਾਰਨ ਇਹ ਵੀ ਆ ਗਿਆ ਕਿ ਜਦੋਂ ਖਰੀਦ ਸ਼ੁਰੂ ਹੁੰਦੀ ਸੀ ਤਾਂ ਉਸ ਸਮੇਂ ਐਫ.ਸੀ.ਆਈ. ਦਾ ਬੰਦਾ ਇਸ ਅਨਾਜ ਨੂੰ ਖਰੀਦਣ ਵਾਸਤੇ ਆਉਂਦਾ ਸੀ। ਹੌਲੀ ਹੌਲੀ ਐਫ.ਸੀ.ਆਈ. ਜੇ ਮੈਂ ਕਹਿ ਦੇਵਾਂ ਕਿ ਸੋਚੀ ਸਮਝੀ ਸਕੀਮ ਦੇ ਤਹਿਤ ਆਪਣਾ ਹੱਥ ਖਿੱਚ ਰਹੀ ਹੈ, ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਜਾਂ ਮੰਡੀਆਂ ਘੱਟ ਵੱਧ ਕਰਕੇ ਜਾਂ ਟਾਈਮ ਸਿਰ ਖਰੀਦ ਸ਼ੁਰੂ ਨਾ ਕਰਕੇ ਕੋਸ਼ਿਸ਼ ਕਰਦੀ ਹੈ ਕਿ ਐਫ.ਸੀ.ਆਈ. ਆਪਣਾ ਕੋਟਾ ਘੱਟ ਖਰੀਦੇ। ਜਿਹੜੀਆਂ ਸਟੇਟ ਏਜੰਸੀਆਂ ਹਨ ਜਿਵੇਂ ਪਨਗਰੇਨ ਹੈ ਜਾਂ ਵੇਅਰਹਾਊਸ ਜਾਂ ਕੋਈ ਹੋਰ ਹਨ, ਉਹ ਸੈਂਟਰਲ ਗੌਰਮਿੰਟ ਦੇ ਬੀਹਾਫ ਤੇ ਪ੍ਰਚੇਜ ਕਰਦੀਆਂ ਹਨ। ਮੇਰਾ ਵੀਰ ਗੱਲ ਕਰ ਰਿਹਾ ਸੀ ਕਿ ਉਨ੍ਹਾਂ ਨੂੰ ਪੈਸੇ ਦਿੱਤੇ ਜਾਂਦੇ ਹਨ। ਸ਼ਾਇਦ ਉਸ ਨੂੰ ਪਤਾ ਨਹੀਂ ਕਿ 700 ਕਰੋੜ ਰੁਪਿਆ ਸਿੱਧਾ ਏਜੰਸੀਆਂ ਨੇ ਸੈਂਟਰਲ ਗੌਰਮਿੰਟ ਤੋਂ ਲੈਣਾ ਹੈ ਅਤੇ ਏਨਾ ਪੈਸਾ ਹੀ, 700 ਕਰੋੜ ਰੁਪਿਆ ਸਾਂਭ ਸੰਭਾਲ ਦਾ ਅਸੀਂ ਵੱਖਰਾ ਲੈਣਾ ਹੈ। ਹਾਲੇ ਤੱਕ ਸੈਂਟਰ ਗੌਰਮਿੰਟ ਤੋਂ ਸਾਨੂੰ ਨਹੀਂ ਮਿਲਿਆ।

**ਸਰਦਾਰ ਸਾਧੂ ਸਿੰਘ:** ਮਾਨਯੋਗ ਚੇਅਰਮੈਨ ਸਾਹਿਬ, ਮਸਲਾ ਤਾਂ ਹੈ ਅਨਾਜ ਸਾਂਭਣ ਦਾ, ਗੋਦਾਮ ਬਣਾਉਣ ਦਾ, ਅਸੀਂ ਵੀ ਇਸਦੇ ਨਾਲ ਹੀ ਹਾਂ। ਇਸ ਨੂੰ ਪਾਸ ਕਰ ਦਿਓ ਜੀ, ਕਿਉਂ ਸਮਾਂ ਬਰਬਾਦ ਕੀਤਾ ਜਾ ਰਿਹਾ ਹੈ। ਕੋਈ ਹੋਰ ਮਤਾ ਲੈ ਆਈਏ। ਅਸੀਂ ਇਸ ਨਾਲ ਸਹਿਮਤ ਹਾਂ ਜੀ, ਕੋਈ ਐਸੀ ਗੱਲ ਨਹੀਂ। ਜੋ ਪੰਜਾਬ ਸਟੇਟ ਦਾ ਅਨਾਜ ਸੰਭਾਲ ਦਾ ਮਤਾ ਹੈ, ਇਸ ਨੂੰ ਪਾਸ ਕਰ ਦਿਓ, ਅਸੀਂ ਇਸ ਦੇ ਬਿਲਕੁਲ ਨਾਲ ਹਾਂ।

**ਮੁੱਖ ਸੰਸਦੀ ਸਕੱਤਰ, ਸਿੰਚਾਈ:** ਮੈਨੂੰ ਗੱਲ ਤਾਂ ਪੂਰੀ ਕਰ ਲੈਣ ਦਿਓ। ਤੁਸੀਂ 6 ਵੇਰ ਬੋਲਦੇ ਹੋ, ਮੈਨੂੰ ਵੀ ਬੋਲ ਲੈਣ ਦਿਓ। ਮੈਂ ਇਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਮੇਰੇ ਵੀਰ ਨੇ ਇਸ ਮਤੇ ਦੇ ਹੱਕ ਵਿੱਚ ਸਹਿਮਤੀ ਜ਼ਾਹਿਰ ਕੀਤੀ ਹੈ। ਚੇਅਰਮੈਨ ਸਾਹਿਬ, ਅਸੀਂ ਪਾਸ ਕਰਾਉਣ ਲਈ ਹੀ ਮਤਾ ਲੈ ਕੇ ਆਏ ਹਾਂ। ਇੱਕ ਦੋ ਮੈਂ ਬੇਨਤੀਆਂ ਕਰਨੀਆਂ ਚਾਹੁੰਦਾ ਹਾਂ ਕਿ ਅੱਜ ਇਕੱਲੀ ਵੇਅਰ ਹਾਊਸਿੰਗ ਕਾਰਪੋਰੇਸ਼ਨ ਵੀ ਬਣੀ ਹੋਈ ਹੈ। ਮੈਨੂੰ ਇਸ ਚੀਜ਼ ਦਾ ਅਫਸੋਸ ਹੈ ਕਿ ਪੰਜਾਬ ਜਿਹੜਾ ਸਭ ਤੋਂ ਵੱਧ ਅਨਾਜ ਦਿੰਦਾ ਹੈ, ਅੰਨਦਾਤਾ ਦੇਸ਼ ਦਾ ਹੈ ਤਾਂ ਉਸਦਾ ਇੱਕ ਮੈਂਬਰ ਵੀ ਇਸ ਵਿੱਚ ਨਹੀਂ ਲਿਆ ਗਿਆ। ਇਸ ਕਰਕੇ ਜਦੋਂ ਸੈਂਟਰ ਵਿੱਚ ਗੱਲ ਕਰਨੀ ਹੁੰਦੀ ਹੈ, ਜਦੋਂ ਪਾਰਲੀਮੈਂਟ ਚਲਦੀ ਹੈ ਤਾਂ ਸਾਡੇ ਸਤਿਕਾਰਯੋਗ ਭੈਣ ਜੀ ਹਰਸਿਮਰਤ ਕੌਰ ਬਾਦਲ ਨੇ ਇਹ ਮਸਲਾ ਉੱਥੇ ਬੜੀ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸੱਕਤਰ, ਸਿੰਚਾਈ]

ਗੰਭੀਰਤਾ ਨਾਲ ਉਠਾਇਆ ਪਰ ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਸਾਡੇ ਸੂਬੇ ਦੇ ਇੱਕ ਕਾਂਗਰਸੀ ਐਮ.ਪੀ.ਨੇ ਉਥੇ ਖੜ੍ਹੇ ਹੋ ਕੇ ਕਿਹਾ ਕਿ ਸਾਡੇ ਸੂਬੇ ਵਿੱਚ ਤਾਂ ਸਟੋਰੇਜ਼ ਦੀ ਕਮੀ ਕੋਈ ਨਹੀਂ ਹੈ, ਇਹ ਤਾਂ ਐਵੇਂ ਰੌਲਾ ਪਾਈ ਜਾਂਦੇ ਹਨ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਮਸਲਾ ਹਿੰਦੁਸਤਾਨ ਦੀ ਸੁਪਰੀਮ ਕੋਰਟ ਤੱਕ ਪਹੁੰਚਿਆ ਅਤੇ ਸੁਪਰੀਮ ਕੋਰਟ ਨੇ ਹਿੰਦੁਸਤਾਨ ਦੀ ਸਰਕਾਰ ਨੂੰ ਇਹ ਨਿਰਦੇਸ਼ ਦਿੱਤੇ ਹਨ ਕਿ ਅਨਾਜ ਗਲ ਰਿਹਾ ਹੈ, ਸੜ ਰਿਹਾ ਹੈ, ਸੰਭਾਲਿਆ ਨਹੀਂ ਜਾਂਦਾ, ਇਸ ਕਰ ਕੇ ਇਸ ਨੂੰ ਗਰੀਬਾਂ ਵਿੱਚ ਵੰਡ ਦਿੱਤਾ ਜਾਵੇ। ਠੀਕ ਕਿਹਾ ਮੇਰੇ ਵੀਰ ਕੋਟਫੱਤਾ ਜੀ ਨੇ ਕਿ ਜੇ ਅਸੀਂ ਉਸਨੂੰ ਸੰਭਾਲ ਨਹੀਂ ਸਕਦੇ ਤਾਂ ਘੱਟੋ-ਘੱਟ ਜਿਹੜੇ 20-25% ਲੋਕ ਜਿਹੜੇ ਭੁੱਖੇ ਪੇਟ ਸੌਂਦੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਦਿੱਤਾ ਜਾਂਦਾ। ਸੋ ਸੈਂਟਰ ਦਾ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਕਿਉਂਕਿ ਹਾਲਾਤ ਇਹ ਬਣ ਗਏ ਹਨ ਕਿ ਆਂਧਰਾ ਪ੍ਰਦੇਸ਼ ਵਿੱਚ, ਉੜੀਸਾ ਵਿੱਚ ਅਤੇ ਹੋਰ ਸੂਬਿਆਂ ਵਿੱਚ ਅਨਾਜ਼ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ। ਚੇਅਰਮੈਨ ਸਾਹਿਬ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਉਂਕਿ 1997 ਵਿੱਚ ਮੈਨੂੰ ਫੂਡ ਐਂਡ ਸਪਲਾਈ ਡਿਪਾਰਟਮੈਂਟ ਵਿੱਚ ਰਹਿਣ ਦਾ ਮੌਕਾ ਮਿਲਿਆ ਸੀ। ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਜਿਹੜੀ ਚੀਜ਼ ਪੰਜਾਬ ਪੈਦਾ ਕਰਦਾ ਹੈ, ਮਸਲਣ ਚਾਵਲ ਹੈ ਜੋ ਜੇ.ਐਂਡ.ਕੇ ਨੂੰ ਜਾਣਾ ਹੈ, ਉਹ ਪੰਜਾਬ ਤੋਂ ਕਿਉਂ ਨਹੀਂ ਜਾਂਦਾ? ਉਹ ਪਹਿਲਾਂ ਪੰਜਾਬ ਤੋਂ ਦੂਜੇ ਪਾਸੇ ਨੂੰ ਢੋਆ-ਢੁਆਈ ਹੁੰਦੀ ਹੈ, ਫਿਰ ਉੱਥੇ ਜੇ.ਐਂਡ.ਕੇ. ਨੂੰ ਜਾਂਦਾ ਹੈ। ਇਸੇ ਤਰ੍ਹਾਂ ਜੋ ਅਨਾਜ ਹਿਮਾਚਲ ਨੂੰ ਜਾਣਾ ਹੈ, ਉਹ ਪੰਜਾਬ ਤੋਂ ਸਿੱਧਾ ਹਿਮਾਚਲ ਨੂੰ ਜਾਣ ਦੀ ਬਜਾਏ ਪਹਿਲਾਂ ਦੂਜੇ ਪਾਸੇ ਨੂੰ ਢੋਆ-ਢੁਆਈ ਹੁੰਦੀ ਹੈ ਅਤੇ ਫਿਰ ਉੱਥੋਂ ਹਿਮਾਚਲ ਪ੍ਰਦੇਸ਼ ਨੂੰ ਜਾਂਦਾ ਹੈ। ਇਸ ਕਰਕੇ ਬਹੁਤ ਸਾਰੀਆਂ ਸੈਂਟਰਲ ਗੌਰਮਿੰਟ ਦੀਆਂ ਪਾਲਿਸੀਆਂ ਅਜਿਹੀਆਂ ਬਣੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਤਬਦੀਲੀ ਕਰਨ ਦੀ ਲੋੜ ਹੈ। ਸਰਦਾਰ ਲਾਲ ਸਿੰਘ ਚਲੇ ਗਏ ਉਹ ਇੱਥੇ ਨਹੀਂ ਬੈਠੇ, ਉਹ ਇੱਕੋ ਕਰੀ ਜਾਂਦੇ ਹਨ ਕਿ ਸੈਂਟਰ ਨੇ ਜੀ ਉਹ ਪਾਸ ਕਰ ਦਿੱਤਾ। ਸੈਟਰ, ਚੇਅਰਮੈਨ ਸਾਹਿਬ, ਪੰਜਾਬ ਨੂੰ ਜਿਹੜੀ ਸਕੀਮ ਦਿੰਦਾ ਹੈ, ਉਹ ਗੱਡੇ ਨਾਲ ਕੱਟਾ ਬੰਨ ਦਿੰਦਾ ਹੈ। ਮਨਰੇਗਾ ਦੀ ਗੱਲ ਮੇਰੇ ਵੀਰ ਕਈ ਵੇਰ ਕਰਦੇ ਹਨ। ਉਸਦੇ ਵਿੱਚ ਇਸ ਤਰ੍ਹਾਂ ਦੀਆਂ ਕਈ ਸ਼ਰਤਾਂ ਲਗਾ ਦਿੱਤੀਆਂ ਹਨ ਕਿ ਮਨਰੇਗਾ ਸਕੀਮ ਦੇ ਜਿਹੜੇ ਪੈਸੇ ਹਨ, ਉਹ ਅਸੀਂ ਪੰਜਾਬ ਵਿੱਚ ਖਰਚ ਹੀ ਨਹੀਂ ਕਰ ਸਕਦੇ। ਜੇ ਪੰਜਾਬ ਨੂੰ ਪੈਸੇ ਦੇਣੇ ਹਨ ਤਾਂ ਸਿੱਧੇ ਤਰੀਕੇ ਨਾਲ ਦੇ ਦਿਓ ਅਸੀਂ ਆਪਣੀ ਪਾਲਿਸੀ ਬਣਾ ਕੇ ਉਸ ਨੂੰ ਖਰਚ ਲਈਏ। ਐਜੂਕੇਸ਼ਨ ਦੇ

Original with;
Punjab Vidhan Sabha
Digitized by;
Panjab Digital Library

ਮਹਿਕਮੇ ਵਿੱਚ ਵੀ ਪੈਸੇ ਆਉਂਦੇ ਹਨ ਉਸ ਦੇ ਨਾਲ ਵੀ ਕੋਈ ਨਾ ਕੋਈ ਸ਼ਰਤ ਲਗਾ ਦਿੱਤੀ ਜਾਂਦੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸੈਂਟਰ ਨੂੰ ਆਖਿਆ ਜਾਵੇ ਕਿ ਉਹ ਸ਼ਰਤਾਂ ਨੂੰ ਨਰਮ ਕਰੇ ਅਤੇ ਵੇਅਰ ਹਾਊਸਿੰਗ ਦੀ ਕਪੈਸਿਟੀ ਵਧਾਈ ਜਾਵੇ ਤਾਂ ਕਿ ਦੇਸ਼ ਦਾ ਜੋ ਵਡਮੁੱਲਾ ਅਨਾਜ ਹੈ, ਜਿਸ ਤੋਂ ਬਿਨਾਂ ਜ਼ਿੰਦਗੀ ਜਿਊਣੀ ਅਸਾਨ ਨਹੀਂ, ਉਸ ਦੀ ਸੰਭਾਲ ਹੋ ਸਕੇ। ਇਸ ਲਈ ਜੇ ਸਾਡੇ ਕੋਲ ਅਨਾਜ ਸਰਪਲੱਸ ਹੈ ਤਾਂ ਪਾਕਿਸਤਾਨ ਤੇ ਹੋਰ ਗੁਆਂਢੀ ਸੂਬਿਆਂ ਨੂੰ ਐਕਸਪੋਰਟ ਕੀਤਾ ਜਾਵੇ। ਸੋ, ਮੈਂ ਇਸ ਮਤੇ ਦੇ ਹੱਕ ਵਿੱਚ ਆਪਣੇ ਵਿਚਾਰ ਪੇਸ਼ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਤੋਤਾ ਸਿੰਘ (ਧਰਮਕੋਟ):** ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੜੇ ਹੀ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਰੂਲਿੰਗ ਅਤੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਬੈਠੇ ਹਨ। ਮੈਂ ਇਨ੍ਹਾਂ ਵਿੱਚੋਂ ਵੱਡੀ ਉਮਰ ਦਾ ਹਾਂ। ਮੈਨੂੰ ਸਾਰੀ ਹਿਸਟਰੀ ਦਾ ਪਤਾ ਹੈ ਕਿ ਕਿਵੇਂ ਕੰਮ ਸਟਾਰਟ ਹੋਇਆ ਤੇ ਕਿਵੇਂ ਇਸ ਦੀ ਲੋੜ ਬਣੀ। ਤੁਹਾਨੂੰ ਉਸ ਦੀ ਜਾਣਕਾਰੀ ਵੀ ਲੈਣੀ ਚਾਹੀਦੀ ਹੈ। 1947 ਤੋਂ 1967 ਤੱਕ ਇੱਥੇ ਲਗਾਤਾਰ 20 ਸਾਲ ਕਾਂਗਰਸ ਪਾਰਟੀ ਦਾ ਰਾਜ ਰਿਹਾ ਉਦੋਂ ਇੱਥੇ ਕੋਈ ਸਰਕਾਰੀ ਖਰੀਦ ਨਹੀਂ ਹੁੰਦੀ ਸੀ। ਕੇਵਲ ਵਪਾਰੀ ਹੀ ਪੰਜਾਬ ਵਿੱਚ ਖਰੀਦਦਾ ਸੀ। ਕਣਕ ਤੇ ਮੱਕੀ ਉਦੋਂ ਵੀ ਪੰਜਾਬ ਵਿੱਚ ਸਰਪਲੱਸ ਪੈਦਾ ਹੁੰਦੀ ਸੀ। ਉਦੋਂ ਵਪਾਰੀ ਦੂਸਰੇ ਸਟੇਟਾਂ ਵਿੱਚ ਲੈ ਕੇ ਜਾਂਦਾ ਸੀ ਤੇ ਜ਼ੋਨ ਸਿਸਟਮ ਬਣਿਆ ਹੋਇਆ ਸੀ। ਉਸ ਤੋਂ ਮਗਰੋਂ 1967 ਵਿੱਚ ਪਹਿਲੀ ਵਾਰ ਇੱਥੇ ਸ਼੍ਰੋਮਣੀ ਅਕਾਲੀ ਦਲ ਤੇ ਫਰੰਟ ਦੀ ਸਰਕਾਰ ਬਣੀ। 76/- ਰੁ: ਕੁਇੰਟਲ ਕਣਕ ਦਾ ਭਾਅ ਰੱਖਿਆ ਗਿਆ। ਜਦੋਂ 76/- ਰੁ: ਕੁਇੰਟਲ ਕਣਕ ਦਾ ਭਾਅ ਰੱਖਿਆ ਗਿਆ ਉਸ ਵੇਲੇ ਸਰਕਾਰੀ ਖਰੀਦ ਕੀਤੀ ਗਈ, ਉਹ ਇਕੱਲੀ ਫੂਡ ਸਪਲਾਈ ਡਿਪਾਰਟਮੈਂਟ ਦੀ ਇੱਕੋ ਏਜੰਸੀ ਖਰੀਦਦੀ ਸੀ। ਉਸ ਨੇ ਐਫ.ਸੀ.ਆਈ. ਦੇ ਖਾਤੇ ਵਿੱਚੋਂ ਦੂਸਰੇ ਸੂਬਿਆਂ ਨੂੰ ਕਣਕ ਭੇਜਣ ਵਾਸਤੇ ਖਰੀਦ ਕੇ ਦਿੱਤੀ। ਉਸ ਵੇਲੇ ਜਿਹੜੇ ਗਡਾਊਨ ਬਣਾਏ ਗਏ ਸੀ ਉਹ ਜਾਂ ਤਾਂ ਪਲਿੰਥਾਂ ਸੀ ਤੇ ਜਾਂ ਫਿਰ ਛੱਤ ਲਈ ਪੱਕੇ ਘਰ ਵੱਟਿਆਂ ਵਾਲੇ ਪਾ ਕੇ ਐਗਰੀਮੈਂਟ ਕੀਤੇ ਗਏ। ਉਸ ਤੋਂ ਮਗਰੋਂ 1977 ਵਿੱਚ ਇੱਥੇ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਬਾਦਲ ਸਾਹਿਬ ਐਗਰੀਕਲਚਰ ਮਨਿਸਟਰ ਬਣੇ। ਇਹ ਚਾਰ ਪੰਜ ਮਹੀਨਿਆਂ ਬਾਅਦ ਇੱਥੇ ਮੁੱਖ ਮੰਤਰੀ ਬਣ ਗਏ ਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਉਥੇ ਫੂਡ ਮਨਿਸਟਰ ਬਣ ਗਏ। ਉਸ ਵੇਲੇ ਫਸਲ ਵੱਧ ਹੋਣ ਲੱਗ ਪਈ। ਐਫ.ਸੀ.ਆਈ ਦੇ ਕੋਟੇ ਵਿੱਚ ਕਣਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਤੇ ਝੋਨੇ ਦੀ ਵੱਧ ਖਰੀਦ ਹੁੰਦੀ ਸੀ ਤੇ ਇਹ ਫੈਸਲਾ ਲਿਆ ਗਿਆ ਇਸ ਵਾਸਤੇ ਆਪਣੇ ਗੁਦਾਮ ਚਾਹੀਦੇ ਹਨ। ਉਸ ਵੇਲੇ ਪ੍ਰਾਈਵੇਟਾਂ ਦੀ ਬਜਾਏ ਐਫ.ਸੀ.ਆਈ ਨੇ ਆਪਣੇ ਗੁਦਾਮ ਬਣਾਏ, ਭਾਵੇਂ ਚੈੱਕ ਕਰ ਲੈਣਾ। ਐਫ.ਸੀ.ਆਈ ਨੇ ਆਪਣੀ ਪੱਧਰ ਤੇ ਗੁਦਾਮ ਬਣਾ ਕੇ ਦਿੱਤੇ ਤੇ ਅੱਜ ਵੀ 1978-79 ਦੇ ਉਹ ਖੜ੍ਹੇ ਹਨ। ਫਿਰ ਉਸ ਤੋਂ ਮਗਰੋਂ ਇਸ ਪਾਸੇ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ। ਕਿੰਨਾ ਸਮਾਂ ਲੰਘ ਗਿਆ। ਇਸ ਦਾ ਅੰਦਾਜ਼ਾ ਲਗਾਓ। ਉਸ ਦੀ ਸਜ਼ਾ ਇਨ੍ਹਾਂ ਨੇ ਵੀ ਭੁਗਤੀ ਪਰ ਜ਼ਿਆਦਾ ਅਸੀਂ ਭੁਗਤੀ। 1995-96 ਵਿੱਚ ਹਾਲਾਤ ਐਸੇ ਬਣੇ ਕਿ ਮਿੱਲਾਂ ਦੀ ਜੋ ਇੱਥੇ ਕਪੈਸਿਟੀ ਸੀ, ਉਹ 2400 ਟਨ ਸੀ। ਸਟੋਰੇਜ਼ ਨਾ ਹੋਣ ਕਾਰਨ ਮਾਲ ਲੱਗੇ ਨਾ ਅਤੇ 2-3 ਮਹੀਨੇ ਸ਼ੈਲਰ ਬੰਦ ਰਹੇ। ਝੋਨਾ ਡੈਮੇਜ਼ ਹੋ ਗਿਆ। ਸਿੱਟਾ ਇਹ ਨਿਕਲਿਆ ਕਿ ਪੰਜਾਬ ਦੀਆਂ 700 ਮਿੱਲਾਂ ਡਿਫਾਲਟਰ ਹੋ ਗਈਆਂ। ਇਹ ਗੱਲ 1995-96 ਦੀ ਹੈ। ਇਸ ਕਰਕੇ ਕਪੈਸਿਟੀ 1700 ਟਨ ਤੇ ਰਹਿ ਗਈ। ਫਿਰ ਕੀ ਬਣਿਆ? ਹਾਲਾਤ ਐਸੇ ਬਣੇ ਕਿ ਅਸੀਂ ਵੀ ਸਜ਼ਾ ਭੁਗਤੀ। 1997 ਵਿੱਚ ਫਿਰ ਅਸੀਂ ਸਰਕਾਰ ਵਿੱਚ ਆ ਗਏ। ਫੂਡ ਸਪਲਾਈ ਮਨਿਸਟਰ ਮਿੱਤਲ ਸਾਹਿਬ ਬਣੇ। ਸਟੋਰੇਜ ਹੈ ਨਹੀਂ ਸੀ। ਸ਼ੈਲਰ ਮਹੀਨਾ ਚਲਿਆ ਕਰਨ। ਫਿਰ ਮਹੀਨਾ ਬੰਦ। ਫਿਰ ਚਲਿਆ ਕਰਨ। ਫਿਰ ਬੰਦ। ਔਰ ਅੱਜ ਹਾਲਾਤ ਕੀ ਹਨ? ਰੂਲਿੰਗ ਪਾਰਟੀ ਤੇ ਆਪੋਜ਼ੀਸ਼ਨ ਪਾਰਟੀ ਬੈਠੀ ਹੈ। ਬੜਾ ਦੁੱਖ ਲੱਗਦਾ ਹੈ, ਜਦੋਂ ਵੇਲੇ ਸਿਰ ਮਿਲਿੰਗ ਨਹੀਂ ਹੁੰਦੀ। ਸਭ ਤੋਂ ਵੱਧ ਜ਼ਿਆਦਾ ਪੰਜਾਬ ਸਰਕਾਰ ਅਤੇ ਏਜੰਸੀਆਂ ਦਾ ਨੁਕਸਾਨ ਹੁੰਦਾ ਹੈ। ਪੰਜਾਬ ਦੀ ਕਪੈਸਿਟੀ ਇੰਨੀ ਸੀ, ਪੰਜਾਬ ਸਰਕਾਰ ਅਤੇ ਏਜੰਸੀਆਂ ਦਾ ਨੁਕਸਾਨ ਹੁੰਦਾ ਹੈ। ਪੰਜਾਬ ਵਿੱਚ ਰਾਈਸ ਮਿੱਲਾਂ ਦੀ ਮਿਲਿੰਗ ਕਰਨ ਦੀ ਕਪੈਸਿਟੀਸੀ ਕਿ 31 ਅਕਤੂਬਰ ਤੱਕ ਝੋਨਾ ਖਰੀਦ ਲੈਂਦੇ ਹਾਂ ਤੇ 1 ਨਵੰਬਰ ਤੋਂ ਜੇ ਮਿਲਿੰਗ ਹੋਣ ਲੱਗ ਪਵੇ, ਪੰਜਾਬ ਵਿੱਚ ਇੰਨੀ ਕਪੈਸਿਟੀ ਹੈ ਕਿ 28 ਫਰਵਰੀ ਤੱਕ ਸਾਰੀ ਚੌਲਾਂ ਦੀ ਮਿਲਿੰਗ ਹੋ ਸਕਦੀ ਹੈ ਜੇ ਬਰੇਕ ਨਾ ਪਵੇ ਅਤੇ ਸਪੇਸ ਮਿਲਦੀ ਰਹੇ। ਜੇ ਸਪੇਸ ਮਿਲਦੀ ਰਹੇ, ਸਟੋਰ ਹੋਣ ਤੇ ਚਾਰ ਮਹੀਨਿਆਂ ਵਿੱਚ ਖਰੀਦ ਕੀਤੀ ਜਾ ਸਕਦੀ ਹੈ। ਉਸ ਨਾਲ ਰਾਈਸ ਮਿੱਲਾਂ ਨੂੰ ਬਹੁਤ ਫਾਇਦਾ ਮਿਲਦਾ ਹੈ। ਕਿਉਂ? ਕਿਉਂਕਿ ਸੋਕ ਘੱਟ ਜਾਂਦੀ ਹੈ। ਅੱਜ ਜੋ ਮਿਲਿੰਗ ਹੋ ਰਹੀ ਹੈ, 5% ਸੋਕ ਹੋਣੀ ਹੈ। ਇਸ ਲਈ ਮੇਰੇ ਕਹਿਣ ਤੋਂ ਭਾਵ ਹੈ ਕਿ ਜੇ 100 ਗੱਡੀ ਕਿਸੇ ਨੇ ਕੱਢਣੀ ਹੈ ਤੇ 5 ਗੱਡੀਆਂ, ਭਾਵ 25 ਲੱਖ ਦੀਆਂ ਘੱਟ ਗਈਆਂ। ਪੰਜ ਲੱਖ ਵਿੱਚ ਇੱਕ ਗੱਡੀ ਪੈਂਦੀ ਹੈ। ਇਸ ਲਈ ਮੇਰੇ ਕਹਿਣ ਤੋਂ ਭਾਵ ਕਿ ਏਜੰਸੀਆਂ ਦਾ ਕਿੰਨਾ ਨੁਕਸਾਨ ਹੁੰਦਾ ਹੈ। ਇਸ ਲਈ ਜੇ

Original with;
Punjab Vidhan Sabha
Digitized by;
Panjab Digital Library

28 ਫਰਵਰੀ ਤੱਕ ਮਿਲਿੰਗ ਹੋ ਜਾਵੇ ਤੇ ਪੰਜਾਬ ਦੀਆਂ ਏਜੰਸੀਆਂ ਨੇ ਐਫ.ਸੀ.ਆਈ ਦੇ ਖਾਤੇ ਚੌਲ ਲਗਾ ਦੇਣਾ ਹੈ।

* 1.24 ਵਜੇ ਬਾਅਦ ਦੁਪਹਿਰ (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਪੰਜਾਬ ਦੀਆਂ ਏਜੰਸੀਆਂ ਦੇ ਇੰਟਰਸਟ ਦਾ ਕਿੰਨਾ ਫਾਇਦਾ ਹੋ ਗਿਆ। ਅੰਦਾਜ਼ਾ ਲਗਾਓ। ਉਸ ਦਾ ਸਿੱਟਾ ਕੀ ਭੁਗਤ ਰਹੇ ਹਨ? ਸਿੱਟਾ ਇਹ ਭੁਗਤ ਰਹੇ ਹਨ ਕਿ ਕਈ ਕਈ ਜ਼ਿਲ੍ਹਿਆਂ ਵਿੱਚ ਚਾਲੀ ਚਾਲੀ ਪਰਸੈਂਟ ਮਿਲਿੰਗ ਹੋਈ ਹੈ। ਕਿੱਥੇ ਪੰਜਾਹ ਪਰਸੈਂਟ ਹੈ। ਕਿੱਥੇ ਸੱਠ ਪਰਸੈਂਟ ਹੈ। ਇਸ ਦਾ ਕਾਰਨ ਹੈ ਕਿ ਸਟੋਰੇਜ਼ ਨਹੀਂ ਹੈ। ਮੈਂ ਸਮਝਦਾ ਹਾਂ ਕਿ ਜਦੋਂ ਅਸੀਂ 1997 ਵਿੱਚ 2-3 ਸਾਲ ਸਜ਼ਾ ਭੁਗਤੀ। ਔਰ ਬਾਦਲ ਸਾਹਿਬ ਦੀ ਸਰਪ੍ਰਸਤੀ ਥੱਲੇ, ਮੈਂ ਭਾਵੇਂ ਫੂਡ ਮਨਿਸਟਰ ਨਹੀਂ ਸੀ, ਮੈਨੂੰ ਕਿਸਾਨ ਹੋਣ ਦੇ ਨਾਤੇ ਤਜਰਬਾ ਸੀ। ਅਸੀਂ 1967 ਤੋਂ ਆੜ੍ਹਤੀਏ ਹਾਂ, ਅਸੀਂ 1980 ਦੇ ਰਾਈਸ ਮਿਲਰ ਵੀ ਹਾਂ ਔਰ ਮੈਨੂੰ ਤਜਰਬਾ ਸੀ ਔਰ ਬਾਦਲ ਸਾਹਿਬ ਕਹਿੰਦੇ ਹਨ ਕਿ ਤੁਸੀਂ ਨਾਲ ਚੱਲੋ।

**Mr. Speaker: Thank you** ਥੈਂਕ ਯੂ ਜੀ, ਕਲੋਜ਼ ਕਰੋ।

**ਸਰਦਾਰ ਤੋਤਾ ਸਿੰਘ:** ਮੈਂ ਕਲੋਜ਼ ਕਰਦਾ ਹਾਂ ਜੀ, ਇਹ ਬੜਾ ਇੰਪੋਰਟੈਂਟ ਮਸਲਾ ਹੈ। ਮੈਂ ਨਾਲ ਗਿਆ। ਮਿੱਤਲ ਸਾਹਿਬ ਮਨਿਸਟਰ ਸੀ, ਟੰਡਨ ਸਾਹਿਬ ਸੀ। ਸਰਪ੍ਰਸਤ ਬਾਦਲ ਸਾਹਿਬ ਸੀ। ਅਸੀਂ ਸਾਰੇ ਗਏ। ਡਿਸਾਈ ਸਾਹਿਬ ਸੀ ਅਤੇ ਵਾਜਪਾਈ ਸਾਹਿਬ ਨੇ ਥੱਲੇ ਹਦਾਇਤਾਂ ਜਾਰੀ ਕੀਤੀਆਂ। ਤਿੰਨ ਗੱਲਾਂ ਕਿਹੜੀਆਂ ਸੀ? ਇੱਕ ਤਾਂ ਸਟੋਰੇਜ਼ ਮਨਜ਼ੂਰ ਕਰਵਾਏ, ਜਿਹੜੇ, ਜਿਹੜੇ ਵੇਅਰ ਹਾਊਸ ਦੇ ਲਾਲ ਰੰਗ ਦੇ ਬਣੇ ਹਨ। ਇਨ੍ਹਾਂ ਦੀ ਉਸ ਵੇਲੇ 2000 ਦੇ ਵਿੱਚ ਪ੍ਰਵਾਨਗੀ ਲਈ। ਦੂਸਰੀ ਪ੍ਰਵਾਨਗੀ ਲਈ, ਮਿਲਿੰਗ ਹੋ ਨਹੀਂ ਰਹੀ ਸੀ, ਸ਼ੈਲਰ ਡਿਫਾਲਟਰ ਹੋ ਗਏ ਸੀ। ਇਨ੍ਹਾਂ ਨੂੰ ਮਿਲਿੰਗ ਕਰਕੇ 67 ਕਿੱਲੋ ਦੇਣੀ ਪੈਂਦੀ ਹੈ। ਅੱਜ ਜੇ ਕੱਢੋਗੇ ਤਾਂ 67 ਕਿਲੋ ਚੌਲ ਨਹੀਂ ਨਿਕਲਦਾ, ਇਹ 62-63 ਕਿੱਲੋ ਨਿਕਲਦਾ ਹੈ ਕਿਉਂਕਿ ਉਹ ਸੁੱਕ ਗਿਆ ਹੈ। ਜੇਕਰ 22 ਫਰਵਰੀ ਤੋਂ ਪਹਿਲਾਂ ਕੱਢ ਲਈਏ ਤਾਂ ਉਹ 67 ਕਿੱਲੋ ਦੀ ਜਗ੍ਹਾ 66 ਕਿੱਲੋ ਨਿਕਲ ਆਵੇਗਾ, ਇੱਕ ਕਿੱਲੋ ਦਾ ਘਾਟਾ ਸ਼ੈਲਰ ਵਾਲਿਆਂ ਨੂੰ ਪਵੇਗਾ। ਉਹ ਦੂਜੀਆਂ ਗੱਲਾਂ ਵਿੱਚ ਪੂਰਾ ਹੋ ਜਾਂਦਾ ਹੈ। ਇਸ ਲਈ ਮੇਰਾ ਕਹਿਣ ਤੋਂ ਭਾਵ ਹੈ, ਮਾਨਯੋਗ ਸਪੀਕਰ ਸਾਹਿਬ, ਕਿ ਉਸ ਵੇਲੇ 67 ਕਿੱਲੋ ਦੀ ਮਿਲਿੰਗ ਕਰਵਾਈ ਔਰ ਤਿੰਨ ਕਿੱਲੋ ਦਾ ਰਾਈਸ ਮਿੱਲਾਂ ਨੂੰ ਫਾਇਦਾ ਲੈ ਕੇ ਦਿੱਤਾ। ਇਸ ਦਾ ਸਿੱਟਾ ਇਹ ਨਿਕਲਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਕਿ ਸ਼ੈਲਰਾਂ ਵਿੱਚ ਜਾਨ ਪਈ ਅਤੇ ਮੁੜ ਕੇ ਇੱਥੇ ਨਵੇਂ ਸ਼ੈਲਰ ਲੱਗੇ। ਨਵੇਂ ਸ਼ੈਲਰਾਂ ਨੂੰ ਸਬਸਿਡੀ ਲੈ ਕੇ ਦਿੱਤੀ ਕਿਉਂਕਿ ਲੋਕ ਡਰਦੇ ਨਵੇਂ ਸ਼ੈਲਰ ਲਗਾ ਨਹੀਂ ਰਹੇ ਸੀ। ਸ਼ੈਲਰ ਐਗਰੋ ਇੰਡਸਟਰੀ ਹੈ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅੱਜ ਪੰਜਾਬ ਵਿੱਚ 3500 ਟਨ ਤੋਂ ਵੱਧ ਦੀ ਕੈਪੇਸਿਟੀ ਹੈ। ਅੱਜ ਮੈਂ ਭਰੋਸੇ ਨਾਲ ਕਹਿੰਦਾ ਹਾਂ ਕਿ ਸਾਡੇ ਫੂਡ ਮਨਿਸਟਰ ਬੈਠੇ ਹਨ ਕਿ ਸਾਡੀ ਗੁਦਾਮਾਂ ਦੀ ਲੋੜ ਪੂਰੀ ਹੋ ਜਾਵੇ, ਮੂਵਮੈਂਟ ਇਨ ਟਾਈਮ ਹੋ ਜਾਵੇ ਤਾਂ 28 ਫਰਵਰੀ ਤੋਂ ਪਹਿਲਾਂ ਪਹਿਲਾਂ ਜਿਹੜਾ ਝੋਨਾ ਖਰੀਦਿਆ ਹੋਇਆ ਹੈ, ਉਸ ਦੀ ਮਿਲਿੰਗ ਹੋ ਜਾਵੇਗੀ ਅਤੇ ਕੋਈ ਨੁਕਸਾਨ ਨਹੀਂ ਹੋਵੇਗਾ। ਇਸ ਲਈ ਸਾਨੂੰ ਇਸ ਪਾਸੇ ਵੀ ਬਹੁਤ ਗੰਭੀਰਤਾ ਦੇ ਨਾਲ ਧਿਆਨ ਦੇਣ ਦੀ ਲੋੜ ਹੈ। ਇਹ ਬੜਾ ਇੰਪਾਰਟੈਂਟ ਮਤਾ ਹੈ, ਇਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਜਿੱਥੇ ਅਸੀਂ ਗੁਦਾਮਾਂ ਦੀ ਗੱਲ ਕਰ ਰਹੇ ਹਾਂ, ਗੁਦਾਮਾਂ ਦੇ ਨਾਲ ਸਾਨੂੰ ਇਹ ਵੀ ਐਡ ਕਰਨਾ ਚਾਹੀਦਾ ਹੈ ਕਿ ਮੂਵਮੈਂਟ ਤੇਜ਼ ਹੋਵੇ। 11 ਲੱਖ ਟਨ ਮਹੀਨੇ ਵਿੱਚ ਜਾਂਦਾ ਹੈ, ਜਦ ਤੱਕ ਮਹੀਨੇ ਦਾ 20 ਲੱਖ ਟਨ ਤੋਂ ਉਪਰ ਮਾਲ ਨਹੀਂ ਜਾਂਦਾ, ਉਨਾ ਚਿਰ ਸਾਡੇ ਸਟੋਰ ਖਾਲੀ ਨਹੀਂ ਹੋਣੇ। ਇਸ ਲਈ ਸਾਨੂੰ ਨਾਲ ਮੂਵਮੈਂਟ ਦਾ ਵੀ ਪਾਉਣਾ ਚਾਹੀਦਾ ਹੈ। ਇਹ ਮੇਰੀ ਬੇਨਤੀ ਹੈ ਕਿ ਦੋਨੋਂ ਗੱਲਾਂ ਦਾ ਮਤਾ ਲੈ ਕੇ ਆਉਣਾ ਚਾਹੀਦਾ ਹੈ ਅਤੇ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਬਹੁਤ ਬਹੁਤ ਧੰਨਵਾਦ।

**ਖੁਰਾਕ ਤੇ ਸਿਵਲ ਸਪਲਾਈ ਅਤੇ ਸੂਚਨਾ ਤਕਨਾਲੋਜੀ ਮੰਤਰੀ (ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਜੀ। ਮੈਂ ਹਾਊਸ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਫੈਸਲਾ ਕੀਤਾ ਕਿ ਇਸ ਰੈਜ਼ੋਲਿਊਸ਼ਨ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਮੈਂ ਸਾਰਿਆਂ ਦਾ ਬਹੁਤ ਬਹੁਤ ਇਸ ਗੱਲ ਲਈ ਧੰਨਵਾਦ ਕਰਦਾ ਹਾਂ। ਮੈਂ ਥੋੜ੍ਹਾ ਜਿਹਾ ਐਕਸਪਲੇਨ ਕਰ ਦੇਵਾਂ ਕਿ ਇਹ ਇਸ਼ੂ ਕੀ ਹੈ। ਕਈ ਵਾਰ ਇਸ਼ੂਜ਼ ਨਹੀਂ ਪਤਾ ਹੁੰਦੇ ਆਪਾਂ ਹੋਰ ਪਾਸੇ ਗੱਲ ਲੈ ਜਾਂਦੇ ਹਾਂ। ਪਿਛਲੇ ਸਮੇਂ ਤੋਂ ਜਦੋਂ ਮੈਨੂੰ ਟਾਈਮ ਮਿਲਿਆ ਹੈ ਅਤੇ ਸੈਂਟਰ ਨਾਲ ਵਾਸਤਾ ਰਿਹਾ ਹੈ, ਕਦੇ ਮੇਰਾ ਬਿਆਨ ਨਹੀਂ ਆਇਆ ਕਿ ਮੈਂ ਸੈਂਟਰ ਦਾ ਕ੍ਰਿਟੀਸਿਜ਼ਮ ਕੀਤਾ ਹੋਵੇ। ਬੇਸ਼ੱਕ ਤੁਸੀਂ ਦੇਖ ਲਵੋ। ਅਸੀਂ ਬੜਾ ਕੋਆਪ੍ਰੇਟ ਕਰਕੇ ਚੱਲੇ ਹਾਂ ਔਰ ਕੋਆਪ੍ਰੇਟ ਕਰਕੇ ਪੰਜਾਬ ਦੀ ਖੇਤੀ ਨੂੰ, ਪੰਜਾਬ ਦੇ ਫਾਰਮਰ ਨੂੰ ਹਮੇਸ਼ਾ ਸੁਲਝਾਇਆ ਹੈ। ਮੈਂ ਆਪ ਪ੍ਰਧਾਨ ਮੰਤਰੀ ਸਾਹਿਬ ਨੂੰ ਕਈ ਵਾਰ ਮਿਲਿਆ ਹਾਂ। ਕਈ ਵਾਰ ਇਹੋ ਜਿਹੀਆਂ ਮੀਟਿੰਗਾਂ ਵਿੱਚ ਵੀ

Original with;
Punjab Vidhan Sabha
Digitized by;
Panjab Digital Library

ਗਿਆ ਹਾਂ, ਨਾਰਥ ਦੇ ਸੀ.ਐਮਜ਼ ਦੀ ਕੇਮਟੀ ਹੈ। ਉਥੇ ਵੀ ਮੈਨੂੰ ਬਹੁਤ ਵੱਡਾ ਮਾਣ ਜਾ ਕੇ ਰਿਪ੍ਰੈਜ਼ੈਂਟ ਕਰਨ ਦਾ ਬਖਸ਼ਿਸ਼ ਹੋਇਆ ਹੈ। ਮੈਂ ਸਮਝਦਾ ਹਾਂ ਕਿ ਕਈ ਇਹੋ ਜਿਹੇ ਫੈਸਲੇ ਹੋਏ ਹਨ, ਜਿਵੇਂ ਕਿ ਸਾਡੇ ਵੱਲੋਂ, ਪੰਜਾਬ ਵੱਲੋਂ ਜਿਹੜੀ ਸੁਜੈਸ਼ਨ ਦਿੱਤੀ ਗਈ ਹੈ, ਉਸ ਤੇ ਸੈਂਟਰ ਸਰਕਾਰ ਨੇ ਫੈਸਲਾ ਕਰਕੇ ਦੇਸ਼ ਵਿੱਚ ਤਿੰਨ ਸਬ-ਕਮੇਟੀਆਂ ਬਣਾਈਆਂ ਸੀ। ਇੱਕ ਸ਼੍ਰੀ ਨਰਿੰਦਰ ਮੋਦੀ, ਸੀ.ਐਮ., ਗੁਜਰਾਤ ਦੇ ਥੱਲੇ ਬਣਾਈ ਸੀ। ਇੱਕ ਬਣਾਈ ਸੀ ਡਾਕਟਰ ਆਹਲੂਵਾਲੀਆ ਸਾਹਿਬ ਥੱਲੇ ਅਤੇ ਇੱਕ ਸਾਡੇ ਬਹੁਤ ਸਤਿਕਾਰਯੋਗ ਹਰਿਆਣਾ ਦੇ ਸੀ.ਐਮ. ਸਾਹਿਬ ਥੱਲੇ। ਉਹ ਵੀ ਮੇਰੀ, ਪੰਜਾਬ ਦੀ ਸੁਜੈਸ਼ਨ ਤੇ ਹੀ ਕਾਇਮ ਕੀਤੀਆਂ ਗਈਆਂ ਸੀ। ਮੈਨੂੰ ਪ੍ਰਧਾਨ ਮੰਤਰੀ ਦੀ ਮੀਟਿੰਗ ਵਿੱਚ ਵੀ ਜਾਣ ਦਾ ਮੌਕਾ ਮਿਲਿਆ ਹੈ। As way back as 2007-08 ਵਿੱਚ ਮੈਂ ਚਿੱਠੀਆਂ ਪਾਈਆਂ ਸੀ ਕਿ ਪੰਜਾਬ ਵਿੱਚ ਸਪੇਸ ਦੀ ਬਹੁਤ ਹੀ ਸ਼ਾਰਟੇਜ ਹੈ ਔਰ ਇੰਨੀ ਹਾਈ ਸ਼ਾਰਟੇਜ ਹੈ ਕਿ ਇਹ ਨਹੀਂ ਕਿ ਇੱਕ-ਦੋ ਸਾਲਾਂ ਵਿੱਚ ਬਣ ਗਈ ਹੈ। ਇਹ ਕਈ ਸਾਲਾਂ ਦੀ ਅਕਿਊਮੂਲੇਸ਼ਨ ਹੈ, ਜਿਸ ਨਾਲ ਸ਼ਾਰਟੇਜ ਹੋਈ ਹੈ। ਮੈਂ 2008 ਦੇ ਵਿੱਚ ਸਪੋਰਟ ਮੰਗਦੇ ਹੋਏ ਸਾਡੇ ਮੌਜੂਦਾ ਕਮਰਸ ਮਨਿਸਟਰ, ਸ਼੍ਰੀ ਕਮਲ ਨਾਥ ਜੀ ਨੂੰ ਚਿੱਠੀ ਲਿਖੀ ਸੀ ਕਿ ਪੰਜਾਬ ਵਿੱਚ 80 ਲੱਖ ਟਨ ਦੀ ਸ਼ਾਰਟੇਜ ਹੈ, ਤੁਸੀਂ ਸਾਨੂੰ ਸਪੋਰਟ ਕਰੋ, ਸਾਨੂੰ ਮੁਸ਼ਕਲ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਕੀ 80 ਲੱਖ ਟਨ ਦੀ ਸ਼ਾਰਟੇਜ ਇੱਕ ਸਾਲ ਵਿੱਚ ਬਣ ਗਈ, ਦੋ ਸਾਲ ਵਿੱਚ ਬਣ ਗਈ, ਤਿੰਨ ਸਾਲ ਵਿੱਚ ਬਣ ਗਈ। It is accumulation of several years that this problem was not addressed. ਇਹ ਐਡਰੈਸ ਹੋ ਸਕਦੀ ਸੀ ਲੇਕਿਨ ਜਿਹੜੀ ਬਣੀ, ਉਹ ਲਾਸਟ ਵਿੱਚ ਬਣੀ। ਮੈਂ ਪੁਲੀਟੀਕਲ ਤੌਰ ਤੇ ਗੱਲ ਨਹੀਂ ਕਰ ਰਿਹਾ। ਜਦੋਂ ਲਾਸਟ ਸ਼ੌਰਟੇਜ਼ ਹੋਈ ਜਿਵੇਂ ਸਾਡੇ ਬਹੁਤ ਸਤਿਕਾਰਯੋਗ ਜੱਥੇਦਾਰ ਤੋਤਾ ਸਿੰਘ ਜੀ ਨੇ ਕਿਹਾ ਕਿ 25 ਲੱਖ ਟਨ ਦੀ ਸੀ ਜਦੋਂ 2000 ਦੇ ਵਿੱਚ ਹੋਈ ਸੀ ਔਰ 2001-02 ਦੇ ਵਿੱਚ ਇਹ ਬਣੀ। ਉਸ ਤੋਂ ਬਾਅਦ ਪੰਜ ਸਾਲ ਜਦੋਂ ਕਾਂਗਰਸ ਪਾਰਟੀ ਦੀ ਸਰਕਾਰ ਰਹੀ ਹੈ ਤਾਂ ਮੇਰੇ ਪਾਸ ਇਸ ਦਾ ਰਿਕਾਰਡ ਹੈ ਅਤੇ ਮੈਂ ਕੋਈ ਗੱਲ ਲਗਾ ਕੇ ਨਹੀਂ ਕਹਿਣਾ ਚਾਹੁੰਦਾ, ਨਾ ਸਰਦਾਰ ਲਾਲ ਸਿੰਘ ਜੀ ਦੇ ਪ੍ਰਤੀ ਨਾ ਕਿਸੇ ਹੋਰ ਦੇ ਪ੍ਰਤੀ। ਸਪੀਕਰ ਸਾਹਿਬ, ਉਨ੍ਹਾਂ ਪੰਜ ਸਾਲਾਂ ਦੇ ਵਿੱਚ ਪੰਜਾਬ ਦੇ ਵਿੱਚ ਕੋਈ ਵੀ ਵੇਅਰ ਹਾਊਸ ਨਹੀਂ ਬਣਿਆ, ਇਹ ਮੇਰੇ ਕੋਲ ਰਿਕਾਰਡ ਹੈ ਜੇਕਰ ਗਲਤ ਕਹਾਂ ਤਾਂ ਸਰਦਾਰ ਲਾਲ ਸਿੰਘ ਜੀ ਬਹੁਤ ਸਤਿਕਾਰਯੋਗ ਹਨ, ਮੈਨੂੰ ਪੁਆਇੰਟ ਆਊਟ

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਿਵਲ ਸਪਲਾਈ ਅਤੇ ਸੂਚਨਾ ਤਕਨਾਲੋਜੀ ਮੰਤਰੀ]

ਕਰ ਦੇਣ ਕਿ ਆਹ ਅਸੀਂ ਬਣਾਈ ਹੈ and I will stand corrected. ਉਸ ਵਕਤ 2003 ਵਿੱਚ ਪੰਜਾਬ ਦੇ ਵਿੱਚ ਕਈ ਮੁਸ਼ਕਲਾਂ ਆਈਆਂ। ਲੀਡਰ ਆਫ ਦਿ ਆਪੋਜ਼ੀਸ਼ਨ ਜੀ ਵਾਰੀ ਵਾਰੀ ਕਹਿੰਦੇ ਹਨ ਕਿ ਡਾਈਵਰਜ਼ਨ ਆਫ ਫੰਡਜ਼ ਹੋ ਜਾਂਦਾ ਹੈ, ਇਹ ਹੋ ਜਾਂਦਾ ਹੈ, ਖੈਰ ਇਹੋ ਜਿਹੀ ਕੋਈ ਗੱਲ ਹੋਣੀ ਹੈ। ਇਨ੍ਹਾਂ ਵੱਲੋਂ ਉਸ ਵੇਲੇ 2003 ਦੇ ਵਿੱਚ ਪਨਗਰੇਨ ਕਰਕੇ ਕਾਰਪੋਰੇਸ਼ਨ ਬਣਾਈ ਗਈ। ਉਸ ਦਾ ਆਬਜੈਕਟਿਵ ਕੀ ਰੱਖਿਆ To unertake trade, purchase, storage, movement including inter-state movements of food grains and other food- stuffs. ਉਸ ਮੈਮੋਰੰਡਮ ਆਫ ਐਸੋਸੀਏਸ਼ਨ ਦਾ ਮੇਨ ਆਬਜੈਕਟਿਵ ਇਹ ਸੀ ਔਰ ਉਸ ਦੀ ਕਿਸ ਨੇ ਪ੍ਰਧਾਨਗੀ ਕੀਤੀ, ਆਨਰੇਬਲ ਸਰਦਾਰ ਲਾਲ ਸਿੰਘ ਜੀ ਨੇ ਬਤੌਰ ਫੂਡ ਮਨਿਸਟਰ ਇਹ ਕਾਰਪੋਰੇਸ਼ਨ ਬਣਾਉਣ ਦੀ ਪ੍ਰਧਾਨਗੀ ਕੀਤੀ, ਇਸ ਦੇ ਸਾਰੇ ਰੈਜ਼ੋਲਿਊਸ਼ਨ, ਅੰਡਰਟੇਕਿੰਗਜ਼, ਆਬਜੈਕਟਿਵਜ਼ ਸਾਰੇ ਡਰਾਫਟ ਉਨ੍ਹਾਂ ਦੀ ਚੇਅਰਮੈਨੀ ਦੇ ਥੱਲੇ ਹੋਏ ਔਰ ਫਿਰ ਉਨ੍ਹਾਂ ਨੇ ਇਹ ਸਾਰੇ ਬਣਾ ਕੇ, ਚੈਕ ਕਰਕੇ ਉਸ ਤੋਂ ਬਾਅਦ ਉਸ ਵੇਲੇ ਦੇ ਬਹੁਤ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੂੰ for his orders ਲਈ ਭੇਜੇ। ਇਵੈਂਚੂਅਲੀ ਕੈਬਨਿਟ ਕਮੇਟੀ ਦੀ ਮੀਟਿੰਗ ਹੋਈ ਸੀ 6.03.2003 ਨੂੰ ਇਹ ਆਬਜੈਕਟਿਵ ਡਿਸਾਈਡ ਕਰਦੇ ਹੋਏ ਕਿ ਵੇਅਰ ਹਾਊਸ ਖਰੀਦ ਲਈ ਜੋ ਪੈਸਾ ਸੈਂਟਰ ਗੌਰਮਿੰਟ ਤੋਂ ਆਵੇਗਾ, ਉਹ ਪਨਗਰੇਨ ਦੇ ਕੋਲ ਆਵੇਗਾ ਅਤੇ ਕੈਬਨਿਟ ਦੇ ਵਿੱਚ ਫਿਰ 2003 ਵਿੱਚ ਇਸ ਨੂੰ ਪਾਸ ਕੀਤਾ ਗਿਆ। ਇਸ ਤੋਂ ਬਾਅਦ ਕਿਉਂਕਿ ਇਹ ਕਾਰਪੋਰੇਸ਼ਨ ਬਣਾ ਦਿੱਤੀ ਗਈ ਅਤੇ ਅੱਗੇ ਡਿਊਟੀਆਂ ਲਗ ਗਈਆਂ ਕਿ ਸਾਰਾ ਕੁਝ ਖਰੀਦੋ, ਦਿੱਲੀ ਤੋਂ ਪੈਸਾ ਤੁਸੀਂ ਲਿਆਉਗੇ ਜੋ ਦਿੱਲੀ ਅੱਗੇ ਮੰਗ ਰੱਖੋਗੇ, ਉਹ ਪੈਸੇ ਤੁਸੀਂ ਰੱਖੋਗੇ, ਜੋ ਵੇਅਰ ਹਾਊਸ ਬਣਾਉਗੇ ਉਹ ਤੁਸੀਂ ਬਣਾਉਗੇ। ਇਹ 2003 ਦੇ ਵਿੱਚ ਬਣਾ ਦਿੱਤੀ। ਪਰ ਕੀ ਉਸ ਵੇਲੇ ਆਬਜੈਕਟਿਵ ਮੀਟ ਹੋਏ। ਇਹ ਮੈਨੂੰ ਤਾਂ ਕਹਿਣਾ ਪੈ ਰਿਹਾ ਹੈ ਕਿਉਂਕਿ ਸਰਦਾਰ ਲਾਲ ਸਿੰਘ ਜੀ ਕਈ ਗੱਲਾਂ ਕਹਿ ਕੇ ਗਏ ਹਨ ਮੈਂ ਵੱਧ ਤੋਂ ਵੱਧ ਚੰਗੇ ਤਰੀਕੇ ਦੇ ਨਾਲ ਗੱਲ ਦੱਸਣੀ ਚਾਹੁੰਦਾ ਹਾਂ ਕਿ ਮੇਰੀ ਸਮਝ ਦੇ ਮੁਤਾਬਿਕ ਉਸ ਵੇਲੇ ਇਹ ਜ਼ਿੰਮੇਵਾਰੀ ਦੇ ਨਾਲ ਨਹੀਂ ਹੋ ਪਾਇਆ ਕਿਉਂਕਿ ਨਾ ਤਾਂ ਚਾਰ ਸਾਲ ਕੋਈ ਦਿੱਲੀ ਦੇ ਵਿੱਚ ਰਿਕੁਆਇਰਮੈਂਟ ਦੀ ਡਿਮਾਂਡ ਭੇਜੀ, ਕੋਈ ਬੈਲੰਸ ਸ਼ੀਟ ਨਹੀਂ ਬਣਾਈ, ਕਿਉਂਕਿ ਬੈਲੰਸ ਸ਼ੀਟ ਦਿੱਤੇ ਬਗੈਰ ਤੁਸੀਂ ਦਿੱਲੀ ਗੌਰਮਿੰਟ ਆਫ ਇੰਡੀਆ ਨਾਲ, ਫੂਡ ਕਾਰਪੋਰੇਸ਼ਨ ਆਫ ਇੰਡੀਆ ਨਾਲ, ਜਾਂ ਮਨਿਸਟਰੀ ਫਾਰ ਫੂਡ ਦੇ

Original with;
Punjab Vidhan Sabha
Digitized by;
Panjab Digital Library

ਨਾਲ ਕੋਈ ਚੀਜ਼ ਨਹੀਂ ਰੱਖਦੇ ਕਿਉਂਕਿ you failed to substantiate your demand with balance sheet with requirements. I once again repeat, I can stand corrected, 2007 ਤੱਕ ਜਿੰਨੀ ਦੇਰ ਤੱਕ ਇਹ ਗੌਰਮਿੰਟ ਰਹੀ ਕੋਈ ਬੈਲੰਸ ਸੀਟ ਬਣਾਈ ਨਹੀਂ, ਬਣਾ ਕੇ ਪਾਸ ਨਹੀਂ ਕੀਤੀ ਔਰ ਸਬਮਿੱਟ ਨਹੀਂ ਕੀਤੀ। ਇਸ ਦੇ ਰਿਜ਼ਲਟ ਅਨੁਸਾਰ ਉਸ ਸਾਰੇ ਸਮੇਂ ਦੇ ਅਕਾਉਂਟਸ ਗੌਰਮਿੰਟ ਆਫ ਇੰਡੀਆ ਦੇ ਨਾਲ ਪੈਂਡਿੰਗ ਹੋ ਗਏ, ਕੋਈ ਨਵੀਂ ਗੋਡਾਊਨ ਬਣਾਉਣ ਵਾਸਤੇ ਐਪਲੀਕੇਸ਼ਨ ਨਹੀਂ ਪਾਈ, ਨਾ ਕੋਈ ਪਰਮਿਸ਼ਨ ਲਈ। ਇਸ ਤੋਂ ਬਾਅਦ ਸਾਡੀ ਗੌਰਮਿੰਟ ਆਈ, ਕਈ ਵਾਰੀ ਕੁਝ ਸਿੱਖਣ ਨੂੰ ਟਾਈਮ ਲੱਗ ਜਾਂਦਾ ਹੈ, ਅਸੀਂ ਵੇਖਿਆ ਕਿ there is a huge shortage of ware-housing, ਅਸੀਂ ਕੇਸ ਮੂਵ ਕੀਤਾ, ਮੈਂ ਕਈ ਵਾਰ ਜਾ ਕੇ ਆਇਆ। ਹੌਲੀ-ਹੌਲੀ ਇਸ ਨੂੰ ਬਿਲਡ ਅੱਪ ਕੀਤਾ, ਸ਼ਾਰਟੇਜ਼ ਡਿਕਲੇਅਰ ਕਰਵਾਈ। ਸਪੀਕਰ ਸਾਹਿਬ, 120 ਲੱਖ ਟਨ ਦੀ ਜੋ ਨੇਸ਼ਨ ਦੇ ਵਿੱਚ ਸ਼ਾਰਟੇਜ਼ ਸੀ, ਉਸ ਦੇ ਵਿੱਚੋਂ 80 ਲੱਖ ਟਨ ਦੀ ਸ਼ਾਰਟੇਜ ਕੇਵਲ ਤੇ ਕੇਵਲ ਪੰਜਾਬ ਦੇ ਵਿੱਚ ਸੀ। ਤੁਸੀਂ ਆਪ ਅੰਦਾਜ਼ਾ ਲਗਾ ਲਵੋ ਕਿ ਇਹ ਕਿੰਨੀ ਵੱਡੀ ਸ਼ਾਰਟੇਜ਼ ਸੀ। ਵੇਖੋ ਆਪਾਂ ਸਿੰਪਲਿਸਟੀਕਲੀ ਕਹਿ ਦਿੰਦੇ ਹਾਂ ਕਿ ਸ਼ਾਰਟੇਜ਼ ਹੈ, ਬੜੀ ਹੈਵੀ ਕਮਾਡੀਟੀਜ਼ ਹੈ ਜੇਕਰ ਸ਼ਾਰਟੇਜ਼ ਅੰਮ੍ਰਿਤਸਰ ਦੇ ਵਿੱਚ ਹੈ ਤਾਂ ਗੁਰਦਾਸਪੁਰ ਦੇ ਵਿੱਚ ਸਰਪਲੱਸ ਹੈ ਤਾਂ ਅਸੀਂ ਮੂਵ ਨਹੀਂ ਕਰ ਸਕਦੇ, ਜੇ ਫਾਜ਼ਿਲਕਾ ਦੇ ਵਿੱਚ ਸਾਡੇ ਕੋਲ ਜ਼ਿਆਦਾ ਸਪੇਸ ਹੈ ਤੇ ਸਾਡੇ ਕੋਲ ਮਾਨਸਾ ਦੇ ਵਿੱਚ ਓਵਰ ਪ੍ਰੋਡਕਸ਼ਨ ਹੈ ਤਾਂ ਅਸੀਂ ਮੂਵ ਨਹੀਂ ਕਰ ਸਕਦੇ। ਅਸੀਂ ਸਾਰੇ ਪੰਜਾਬ ਨੂੰ 144 ਜ਼ੋਨਾਂ ਦੇ ਵਿੱਚ ਡਿਵਾਈਡ ਕਰਕੇ....ਜੋਨ ਦੀ ਸਰਪੱਲਸ ਔਰ ਨੈਗੇਟਿਵ ਵੇਅਰ ਹਾਉਸ ਕਢਵਾ ਕੇ ਫਿਰ ਇਹ 80 ਲੱਖ ਟਨ ਦੀ ਸਮਰੱਥਾ ਵਾਲਾ ਦੀ ਸ਼ਾਰਟੇਜ਼ ਗੌਰਮਿੰਟ ਤੋਂ ਕਰਵਾਈ। ਉਨ੍ਹਾਂ ਨੇ ਸਾਨੂੰ ਦਿੰਦੇ ਹੋਏ ਕਿਹਾ ਕਿ ਚਾਰ ਕੁ ਲੱਖ ਟਨ ਦੀ ਸਮਰੱਥਾ ਵਾਲਾ ਵੇਅਰ ਹਾਊਸਿੰਗ ਬਣਾ ਦੇਵਾਂਗੇ, ਚਾਰ ਕੁ ਲੱਖ ਦੀ ਸਮਰਥਾ ਵਾਲਾ ਕੋਈ ਹੋਰ ਬਣਾ ਦੇਵੇਗਾ ਅਤੇ 71 ਲੱਖ ਸਟੇਟ ਏਜੰਸੀਜ਼ ਜਾਂ ਗੌਰਮਿੰਟ ਬਣਾ ਕੇ ਦੇ ਦੇਣਗੀਆਂ। ਕਿਉਂਕਿ ਇਹ ਕਾਰਪੋਰੇਸ਼ਨ ਬਣਾਈ ਗਈ ਸੀ for the objectives of these and automatically the work came in pipeline. ਅਸੀਂ ਮੂਵ ਕੀਤਾ ਸੀ ਕਿ ਜੋ ਤੁਸੀਂ ਟਰਮਜ਼ ਐਂਡ ਕੰਡੀਸ਼ਨਜ਼ ਬਣਾਏ ਹਨ, ਉਹ ਠੀਕ ਨਹੀਂ ਹਨ, ਭਾਈ ਸਾਹਿਬ, ਮੈਂਬਰ ਸਾਹਿਬ ਉਠ ਕੇ ਚਲੇ ਗਏ ਹਨ, ਉਨ੍ਹਾਂ ਨੇ ਗੱਲ ਕੀਤੀ ਸੀ ਕਿ ਪੰਜਾਬ ਸਰਕਾਰ ਆਪ ਕਿਉਂ ਨਹੀਂ ਬਣਾ ਲੈਂਦੀ। ਮੈਂ ਵੀ ਇਹ ਹੀ ਸੋਚਦਾ ਹੁੰਦਾ ਸੀ ਕਿ ਆਪ ਕਿਉਂ ਨਹੀਂ

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਿਵਲ ਸਪਲਾਈ ਅਤੇ ਸੂਚਨਾ ਤਕਨਾਲੋਜੀ ਮੰਤਰੀ]

ਬਣਾ ਲੈਂਦੇ। ਉਸ ਦੇ ਕਈ ਕਾਰਨ ਹੁੰਦੇ ਹਨ ਕਿ ਵੇਅਰ ਹਾਊਸ ਬਣਾਉਣ ਲੱਗੇ ਕੁਝ ਨਾ ਕੁਝ ਤੁਹਾਨੂੰ ਰੇਟ ਆਫ਼ ਰਿਟਰਨ ਇਨਵੈਸਟਰ ਨੂੰ ਆਫਟਰ ਪੇਮੈਂਟ ਪ੍ਰੋਵਾਈਡ ਕਰਨਾ ਹੁੰਦਾ ਹੈ ਜੇ ਆਪਾਂ ਕਹਾਂਗੇ ਕਿ ਸਾਲ ਵਾਸਤੇ ਬਣਾ ਲਵੋ, ਸ਼ਾਇਦ ਕੋਈ ਨਾ ਬਣਾਵੇ, ਨਾ ਕੋਈ ਜ਼ਮੀਨ, ਨਾ ਕੋਈ ਸ਼ੈਡ, ਕੁਝ ਨਹੀਂ ਬਣਾਏਗਾ। ਜੇ ਮੈਂ ਦੋ ਸਾਲ ਕਹਾਂ ਤਾਂ ਸ਼ਾਇਦ ਇੱਕ-ਅੱਧਾ ਤਿਆਰ ਹੋ ਜਾਵੇ। ਜੇ ਮੈਂ ਤਿੰਨ ਸਾਲ ਕਹਾਂਗਾ ਤਾਂ ਹੋਰ ਵੱਧ ਹੋ ਜਾਣਗੇ, ਜੇ ਮੈਂ 5 ਸਾਲ ਕਹਾਂਗਾ ਤਾਂ ਹੋਰ ਹੋ ਜਾਣਗੇ ਅਤੇ ਜੇਕਰ ਮੈਂ 10 ਸਾਲ ਕਹਾਂਗਾ ਤਾਂ ਸ਼ਾਇਦ ਜ਼ਿਆਦਾ ਆ ਜਾਣ ਪਰ ਇਸ ਦੇ ਨਾਲ ਇਹ ਵੀ ਕਹਿਣਾ ਪੈਂਦਾ ਹੈ ਕਿ ਟਾਇਮ ਡਿਊਰੇਸਨ ਤਾਂ ਇਨਕਰੀਜ ਕਰ ਦਿੰਦੇ ਹਾਂ ਪਰ ਇਸ ਦੇ ਨਾਲ ਕਾਸਟ ਆਫ਼ ਰੈਂਟ ਵੀ ਰਿਡਿਊਸ ਕਰਨਾ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਕਾਸਟ ਆਫ਼ ਰੈਂਟ ਰਿਡਿਊਸ ਹੋਵੇ ਤਾਂ ਕਿ ਅੱਗੇ ਜਾ ਕੇ ਕੰਜ਼ਿਊਮਰ ਉੱਤੇ, ਗੌਰਮਿੰਟ ਆਫ਼ ਇੰਡੀਆ ਉੱਤੇ, ਦੇਸ ਉੱਤੇ ਬੋਝ ਨਾ ਪਵੇ। ਇਸ ਕਰਕੇ ਜਦੋਂ ਤਿੰਨ ਸਾਲ ਵਾਲੀ ਇਹ ਸਕੀਮ ਆਈ, ਅਸੀਂ ਰੀਪ੍ਰੈਜੈਂਟ ਕੀਤਾ ਕਿ ਅਸੀਂ ਤਿੰਨ ਸਾਲ ਕੁਝ ਵੀ ਨਹੀਂ ਬਣਾਉਣਾ ਕਿਉਂਕਿ ਪੰਜਾਬ ਵਿੱਚ ਜ਼ਮੀਨਾਂ ਬਹੁਤ ਮਹਿੰਗੀਆਂ ਹਨ, ਤੁਸੀਂ ਜਿਹੜਾ ਖਰਚਾ ਆਵੇਗਾ ਉਹ ਦੇ ਨਹੀਂ ਸਕੋਗੇ। ਹੌਲੀ ਹੌਲੀ ਗੱਲ ਪੰਜ ਸਾਲ ਤੇ ਆਈ, ਪੰਜ ਸਾਲ ਦਾ ਟੈਂਡਰ ਕੀਤਾ ਅਤੇ response was obviously going to be bad. ਫੇਰ ਅਸੀਂ ਉਨ੍ਹਾਂ ਨੂੰ ਚਿੱਠੀ ਲਿਖੀ, ਅਸੀਂ ਕਿਹਾ ਕਿ this is what has happened. We have tender. ਇਸ ਵਿੱਚ ਇਹ ਇਹ ਕਮੀਆਂ ਹਨ, these are our suggestions. ਕਿ ਪੰਜ ਸਾਲ ਤੋਂ ਵਧਾ ਕੇ 7 ਜਾਂ 10 ਸਾਲ ਕਰ ਦਿਓ। In our recommendations, I am happy to state that the Govt. of India listened and they approved from first seven years and subsequently ਉਨ੍ਹਾਂ ਨੇ 7 ਸਾਲ ਤੋਂ ਵਧਾ ਕੇ 10 ਸਾਲ ਕਰ ਦਿੱਤਾ। ਉਸ ਤੇ ਅਸੀਂ ਗੌਰ ਕੀਤਾ। ਸਪੀਕਰ ਸਾਹਿਬ, ਤੁਸੀਂ ਇਹ ਜਾਣ ਕੇ ਖੁਸ਼ ਹੋਵੋਗੇ ਕਿ ਪੰਜਾਬ ਸਟੇਟ ਪਹਿਲੇ ਨੰਬਰ ਤੇ ਹੈ, ਜਿਹੜੀ ਮੈਕਸੀਮਮ ਵੇਅਰ ਹਾਊਸ ਟੇਕ ਕਰ ਸਕੀ ਹੈ ਅਤੇ ਸਾਰਿਆਂ ਤੋਂ ਪਹਿਲਾਂ ਕੀਤੇ ਹਨ। ਕਈਆਂ ਨੂੰ ਹਰਿਆਣੇ ਨਾਲ ਕੰਪੇਅਰ ਕਰਨ ਦਾ ਸ਼ੌਂਕ ਹੁੰਦਾ ਹੈ। ਜਿੱਥੇ ਹਰਿਆਣੇ ਨੇ 40 ਲੱਖ ਟਨ ਦੀ ਵੇਅਰ ਹਾਊਸਿੰਗ ਪਲੇਸ ਕੀਤੀ, ਮੈਂ ਫਿਗਰਜ਼ ਦੇਖ ਕੇ ਦੱਸ ਦਿੰਦਾ ਹਾਂ ਕਿ ਹੁਣ ਤੱਕ 14-15 ਲੱਖ ਟਨ ਹੀ ਪਲੇਸ ਕਰ ਚੁੱਕੇ ਹਨ। ਅਸੀਂ ਹੁਣ ਤੱਕ ਸਾਡੇ 41 ਲੱਖ ਟਨ ਦੀ ਸਟੋਰੇਜ਼ ਪੰਜਾਬ ਵਿੱਚ ਪਲੇਸ ਕਰ ਚੁੱਕੇ ਹਾਂ। ਇਹ

Original with;
Punjab Vidhan Sabha
Digitized by;
Panjab Digital Library

ਗੱਲ ਇੱਕ ਪਾਸੇ ਰਹੀ। ਕਈ ਵਾਰ ਇਹ ਵਰੀ ਕਰਨ ਲੱਗ ਜਾਂਦੇ ਹਨ ਕਿ ਵੇਅਰਹਾਊਸਿੰਗ ਵਾਸਤੇ ਕਿਉਂ? ਤੁਸੀਂ ਤਾਂ ਕਹਿੰਦੇ ਹੋ ਕਿ ਗੱਲ ਮੁੱਕੀ, ਅਸੀਂ ਤਾਂ ਫੈਸਲਾ ਕਰ ਦਿੱਤਾ। I am very thankful that ਇਹ ਪਾਸ ਕਰ ਚੁੱਕੇ ਹਨ ਪਰ ਹਾਲੇ ਪ੍ਰਾਬਲਮ ਉੱਥੇ ਹੀ ਹੈ। ਗੱਲ ਜੂਟ ਬੋਰੀਆਂ ਦੀ ਵੀ ਆਈ ਕਿ ਇਹ ਕਰ ਦਿਓ, ਉਹ ਕਰ ਦਿਓ। ਸਪੀਕਰ ਸਾਹਿਬ, ਮੈਂ ਬਹੁਤ ਸਤਿਕਾਰ ਨਾਲ ਕਹਿਣਾ ਚਾਹੁੰਦਾ ਹਾਂ ਕਿ this is simply just to highlight the issues, ਬੜੇ ਗ੍ਰੇਵ ਇਸ਼ੂਜ਼ ਅੱਗੇ ਆਉਣੇ ਹਨ। I am sad to say that their is an acute shortage of jute bags in the nation. ਬਹੁਤ ਵੱਡੀ ਗੰਭੀਰਤਾ ਬਣੀ ਹੋਈ ਹੈ। Production in the nation is not equal to the demand in the nation. ਗੱਲ ਇਹ ਵੀ ਆਈ ਸੀ ਕਿ ਪਤਾ ਨਹੀਂ ਤੁਸੀਂ ਸਰਕਾਰ ਬਣਾ ਲਵੋਗੇ ਕਿ ਨਹੀਂ ਪਰ ਸਾਡੇ ਵਾਸਤੇ ਪੰਜਾਬ ਦੀ ਸੇਵਾ ਜ਼ਿਆਦਾ ਜ਼ਰੂਰੀ ਹੈ। ਆਵਾਂਗੇ ਕਿ ਨਹੀਂ ਆਵਾਂਗੇ ਇਹ ਅਲੱਗ ਗੱਲ ਹੈ। Ours is the only State in India which had a stock of 3 lakh bales and that to, before the elections were announced. ਪਰ ਸਾਡੀ ਡਿਮਾਂਡ ਕੇਵਲ 170 ਲੱਖ ਦੀ ਸੀ ਅਸੀਂ 130 ਲੱਖ ਦੀ ਪ੍ਰੋਕਿਓਰਮੈਂਟ ਕੀਤੀ ਹੈ। ਮੈਂ 3 ਲੱਖ ਬੇਲਜ਼ ਬਗੈਰ ਕਿਸੇ ਸਟੇਟ ਦੇ ਜਾਗਣ ਤੋਂ ਪਹਿਲਾਂ, ਇਲੈਕਸ਼ਨਾਂ ਤੋਂ ਪਹਿਲਾਂ ਪ੍ਰੋਕਿਓਰ ਕਰਕੇ ਸਟੇਟ ਦੇ ਗੁਦਾਮਾਂ ਵਿੱਚ ਰਖਵਾ ਗਿਆ ਸੀ। (ਥੰਪਿੰਗ) The demand of our neighbouring State of Haryana for the current wheat season was 2 lakh 37 thousand bales and our demand was 1 lakh 61 thousand bales only. ਹਾਲੇ ਤੱਕ ਅਸੀਂ 130 ਲੱਖ ਪ੍ਰੋਕਿਓਰ ਕੀਤਾ ਹੈ that is because we had a stock ready with us. Sir, even today, ਮੈਂ ਫੇਰ ਕਹਿ ਰਿਹਾ ਹਾਂ ਕਿ ਗੌਰਮਿੰਟ ਆਫ਼ ਇੰਡੀਆ ਦੀ ਮੁਸ਼ਕਿਲ ਹੈ, I am not finding any fault and ਮੇਰੇ ਕੋਲ document ਹੈ regarding the meeting held on 6th June which clearly shows that even today 8190 ਬੇਲਜ਼ ਹਨ ਜਿਹੜੀਆਂ ਕਿ ਸੈਂਟਰ ਦੀਆਂ ਏਜੰਸੀਆਂ ਪ੍ਰੋਕਿਓਰ ਕਰਕੇ ਸਾਨੂੰ ਸਪਲਾਈ ਨਹੀਂ ਕਰ ਸਕੀਆਂ, even as of today and yet we have procured 1 lack 30 thousand bales and one good news in this is that ਕਿਉਂਕਿ ਅਸੀਂ ਉੱਥੇ ਭੱਜ-ਨੱਠ ਵੀ ਪੂਰੀ ਕੀਤੀ ਸੀ। ਸਾਡੀ ਸਭ ਤੋਂ ਲੀਸਟ ਆਊਟਸਟੈਂਡਿੰਗ ਹੈ। ਅੱਜ ਦੀ ਤਰੀਕ ਵਿੱਚ ਵ੍ਹੀਟ ਸੀਜ਼ਨ ਦੀ

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਿਵਲ ਸਪਲਾਈ ਅਤੇ ਸੂਚਨਾ ਤਕਨਾਲੋਜੀ ਮੰਤਰੀ]

ਗੌਰਮਿੰਟ ਆਫ਼ ਇੰਡੀਆ ਦੇ ਕੋਲ ਰਿਪੋਰਟ ਪੁਰਾਣੇ ਆਰਡਰਜ਼ ਦੀ ਆਊਟਸਟੈਂਡਿੰਗ ਢਾਈ ਲੱਖ ਬੇਲਜ਼ ਦੀ ਹੈ ਅਤੇ ਕੇਵਲ ਪੰਜਾਬ ਦੀ ਆਊਟ ਸਟੈਂਡਿੰਗ ੪190 ਬੇਲਜ਼ ਹੈ। ਪ੍ਰਾਬਲਮ ਇੱਥੋਂ ਸ਼ੁਰੂ ਹੁੰਦਾ ਹੈ, ਜਿਸ ਗੱਲ ਦੀ ਮੈਂ ਵਰੀ ਕਰ ਰਿਹਾ ਹਾਂ which I would like to explain to the August House, ਸਪੀਕਰ ਸਾਹਿਬ, ਪੈਡੀ ਵਿੱਚ ਸਾਡੀ ਡਿਮਾਂਡ 7 ਲੱਖ 71 ਹਜ਼ਾਰ ਬੇਲ ਹੈ। ਮੈਨੂੰ ਹੁਣ ਕੋਈ ਕਹੇਗਾ ਕਿ ਪੇਮੈਂਟ ਭੇਜ ਦਿਓ, ਇਸ ਵਿੱਚ ਕਿਹੜੀ ਵੱਡੀ ਗੱਲ ਹੈ। ਕਿਸੇ ਨੂੰ ਇਸ ਵਿੱਚ ਇਤਬਾਰ ਆ ਜਾਵੇਗਾ। ਮੈਂ ਪੇਮੈਂਟ ਭੇਜ ਦਿੱਤੀ ਹੈ। but the worrisome point is that country's monthly production of bales is only 2.5 lac. July, august and September, ਇਨ੍ਹਾਂ ਤਿੰਨ ਮਹੀਨਿਆਂ ਨੂੰ ਢਾਈ ਨਾਲ ਮਲਟੀਪਲਾਈ ਕਰ ਲਉ ਤਾਂ ਇਹ ਸਾਢੇ ਸੱਤ ਲੱਖ ਨੇਸ਼ਨਲ ਪ੍ਰੋਡਕਸ਼ਨ ਬਣਦੀ ਹੈ। ਪੰਜਾਬ ਦੀ ਡਿਮਾਂਡ 7, 71,000 by 30th September ਹੈ। How are we going to get this material ? ਇਸ ਦੇ ਵਿੱਚ ਐਫ.ਸੀ.ਆਈ. ਨੇ ਵੀ ਲੈਣਾ ਹੈ, ਹਰਿਆਣੇ, ਛਤੀਸਗੜ੍ਹ ਤੇ ਮੱਧ ਪ੍ਰਦੇਸ਼ ਸਾਰਿਆਂ ਨੇ ਖਰੀਦਣਾ ਹੈ। ਕੇਵਲ ਪੰਜਾਬ ਨੇ ਹੀ ਨਹੀਂ ਖਰੀਦਣਾ ਪਰ ਕਿਉਂਕਿ ਸਾਨੂੰ ਕਣਕ ਦੇ ਸੀਜ਼ਨ ਦੇ ਦਿਨਾਂ ਵਿੱਚ ਹੀ ਝੋਨੇ ਦੀ worry ਹੋ ਗਈ ਸੀ because I saw a huge stock of wheat coming and I realized ਕਿ ਜਿਹੜੀਆਂ ਮਈ ਤੇ ਜੂਨ ਦੀਆਂ ਪ੍ਰੋਡਕਸ਼ਨਾਂ ਪੈਡੀ ਨੂੰ ਡੈਡੀਕੇਟਿਡ ਸੀ, ਉਹ ਮਈ ਤੇ ਜੂਨ ਦੀ ਪ੍ਰੋਡਕਸ਼ਨ ਵੀ ਵ੍ਹੀਟ ਨੂੰ ਡੈਡੀਕੇਟਿਡ ਹੋ ਗਈ ਹੈ ਔਰ ਪੰਜ ਲੱਖ ਬੇਲਜ਼ ਪੈਡੀ ਦੇ ਸੀਜ਼ਨ ਦੀ, that is diverted to the wheat season. ਜੂਨ ਦੀਆਂ ਬੇਲਜ਼ ਦੀਆਂ ਸਪਲਾਈਜ਼ ਵੀ ਜੋ ਹਨ, ਉਹ ਪੈਡੀ ਵਾਸਤੇ ਨਹੀਂ ਮਿਲ ਰਹੀਆਂ, I can share with you also that these are diverted to all wheat. ਅੱਜ ਵੀ ਢਾਈ ਲੱਖ ਟਨ ਵ੍ਹੀਟ ਦੀ ਆਊਟਸਟੈਂਡਿੰਗ ਹੈ, I am sad to say that I have been intimated also that we cannot meet your demand. ਇਸ ਲਈ ਡਿਮਾਂਡਜ਼ ਸਾਡੇ ਕੋਲ ਘੱਟ ਹੋਈਆਂ ਹਨ। I have been intimated. So we are making best of our efforts and that is why we are fighting on several fronts. ਸਾਨੂੰ ਵੇਅਰ ਹਾਊਸਿੰਗ ਦੀ ਵੀ ਲੋੜ ਹੈ ਜੀ। ਅਸੀਂ ਕੋਈ ਮਨ ਮਰਜ਼ੀ ਨਹੀਂ ਕਰ ਸਕਦੇ ਕਿ ਜਿੱਥੇ ਮਰਜ਼ੀ ਵੇਅਰ ਹਾਊਸਿੰਗ ਬਣਾ ਲਈਏ। The Government of India decides about it. We assist

Original with;
Punjab Vidhan Sabha
Digitized by;
Panjab Digital Library

them, we help them and I am thankful to them for giving us 51 lacs. It is a big thing and we hope to get more also. They assist us. They listen to us. I have words of praise for them for the kind of cooperation they give us.

**ਸਰਦਾਰ ਜਗਮੋਹਨ ਸਿੰਘ ਕੰਗ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਕਿ ** **

**Mr. Speaker:** No, this is no Point of Order.

**ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤੇ ਤਕਨਾਲੋਜੀ ਮੰਤਰੀ:** ਸਪੀਕਰ ਸਾਹਿਬ, ਕੰਗ ਸਾਹਿਬ ਬਹੁਤ ਸਤਿਕਾਰਯੋਗ ਹਨ। ਮੈਂ ਮੀਟਿੰਗਜ਼ ਵੀ ਕਰ ਲਵਾਂਗਾ ਅਤੇ ਇਨ੍ਹਾਂ ਦੇ ਵਿਊਜ਼ ਵੀ ਲੈ ਲਵਾਂਗਾ। ਵਿਊਜ਼ ਡਿਸਕਸ ਕੀਤੇ ਜਾਂਦੇ ਹਨ। But this is as recent as 4-5 days ago that they have said. But despite this I had lobbied. ਮੈਨੂੰ ਉਨ੍ਹਾਂ ਨੇ ਸਪਲਾਈ ਦਿਖਾਈ ਹੈ ਕਿ ਜੁਲਾਈ ਵਿੱਚ ਦੇਵਾਂਗੇ। ਮੈਂ ਜੂਨ ਵਿੱਚ ਵੀ ਉਨ੍ਹਾਂ ਤੋਂ 61000 ਬੇਲਜ਼ ਲੈਣ ਨੂੰ ਮਨਾ ਲਿਆ ਹੈ। ਸੋ, ਸਾਡੀ ਲਾਬੀ ਹੁੰਦੀ ਹੈ ਜੀ। ਅਸੀਂ ਜਾ ਕੇ ਜ਼ੋਰ ਲਾਈਦਾ ਹੈ। ਕਰੀਦਾ ਹੈ, ਸਾਰਾ ਕੁਝ ਪਾਸ ਕਰਵਾਈਦਾ ਹੈ ਜੀ। ਅਸੀਂ ਕਰਦੇ ਹਾਂ। ਸੋ, ਇਹ ਕੁਝ ਪ੍ਰਾਬਲਮਜ਼ ਹੈਗੀਆਂ ਸੀ, ਵਰੀਜ਼ ਹੈਗੀਆਂ ਸੀ, I am sorry, ਮੇਰਾ ਪਰਪਜ਼ ਕਿਸੇ ਦੇ ਬਰਖਿਲਾਫ ਬੋਲਣ ਦਾ ਨਹੀਂ ਹੈ। ਮੈਂ ਤਾਂ ਹਮੇਸ਼ਾਂ ਕਹਿੰਦਾ ਹਾਂ, ਮੈਂ ਤਾਂ ਆਪਣੇ ਆਨਰੇਬਲ ਲੀਡਰ ਆਫ਼ ਦੀ ਆਪੋਜੀਸ਼ਨ ਨੂੰ ਵੀ ਕਹਾਂਗਾ, ਮੇਰਾ ਖਿਆਲ ਹੈ ਕਿ ਅੱਜ ਤਾਈਂ ਮੇਰਾ ਤਾਂ ਕੋਈ ਬਿਆਨ ਨਹੀਂ ਆਇਆ ਹਾਲਾਂਕਿ ਮੇਰੀ ਡੀਲਿੰਗ ਗੌਰਮਿੰਟ ਆਫ ਇੰਡੀਆ ਨਾਲ ਹੈ। Every week or every 10 days, I am there. I have to meet either Food Minister of India or Agriculture Minister, ਕਿਉਂਕਿ ਸਾਨੂੰ ਉਨ੍ਹਾਂ ਨੂੰ ਪ੍ਰਾਬਲਮਜ਼ ਦੱਸਣੀਆਂ ਪੈਂਦੀਆਂ ਹਨ। I got an opportunity from the Commerce Minister. ਇੱਥੇ 1121 ਦੀ ਗੱਲ ਆਈ ਸੀ। ਉਹ ਵੀ ਲੀਗਲ ਸੈੱਲ ਵਿੱਚ ਜਾ ਕੇ ਕਰਨਾ ਪਿਆ, ਕਿਉਂਕਿ there is a problem whether that is Basmati or not etc. Commission on agriculture Costs and Price ਦੇ ਨਾਲ ਐਮ.ਐਸ.ਪੀ. ਦੀ ਗੱਲ ਹੋ ਰਹੀ ਸੀ ਕਿ ਐਮ.ਐਸ.ਪੀ. ਵਧਾਉਣੀ ਹੈ। ਉਹ ਵੀ ਡਿਸਕਸ਼ਨਜ਼ ਹੁੰਦੀਆਂ ਹਨ। I try my best and I must say that I get a lot of assistance but at the same time these problems need

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਿਵਲ ਸਪਲਾਈ ਅਤੇ ਸੂਚਨਾ ਤਕਨਾਲੋਜੀ ਮੰਤਰੀ]

to be shared with the House. ਇਸ ਕਰਕੇ ਇਹ ਰੈਜ਼ੋਲਿਊਸ਼ਨ ਲਿਆਉਣ ਦੀ ਗੱਲ ਆਈ। So, everybody is involved. ਇਹ ਸਾਡੀਆਂ ਸਾਰਿਆਂ ਦੀਆਂ ਇਨਵਾਲਵਮੈਂਟਸ ਯੂਨੈਨੀਮਸਲੀ ਡਿਸਕਸ਼ਨ ਦੇ ਨਾਲ ਹਨ ਤਾਂ ਕਿ ਅਸੀਂ ਹੋਰ ਇੰਪਾਵਰਡ ਹੋ ਕੇ ਪੰਜਾਬ ਦੀ ਕਿਸਾਨੀ ਵਾਸਤੇ, ਪੰਜਾਬ ਵਾਸਤੇ ਕੰਮ ਕਰੀਏ ਅਤੇ ਆਪਣੇ ਆਪ ਨੂੰ ਸਕਿਉਰ ਕਰ ਸਕੀਏ। I am once again very very thankful and grateful to everybody for extending this cooperation. Speaker Sahib, Thank you very much.

**ਸਰਦਾਰ ਤੋਤਾ ਸਿੰਘ:** ਸਪੀਕਰ ਸਾਹਿਬ, ਮੂਵਮੈਂਟ ਦੀ ਗਿਣਤੀ ਵਧਾਉਣੀ ਚਾਹੀਦੀ ਹੈ ਜੀ ਅਤੇ ਇਸ ਮਤੇ ਵਿੱਚ "ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ" ਲਫਜ਼ਾਂ ਤੋਂ ਬਾਅਦ "ਅਤੇ ਅਨਾਜ ਦੀ ਮੂਵਮੈਂਟ ਕਰਨ" ਲਫਜ਼ ਵੀ ਜੋੜ ਦਿੱਤੇ ਜਾਣ।

**ਮਾਨਯੋਗ ਸਪੀਕਰ:** ਇਹ ਐਡੀਸ਼ਨ ਕਰ ਲਈ ਜਾਵੇ। ਹੁਣ ਤੁਸੀਂ ਅਮੈਂਡਮੈਂਟ ਮੂਵ ਕਰੋ।

**ਸਰਦਾਰ ਤੋਤਾ ਸਿੰਘ:** ਸ਼੍ਰੀਮਾਨ ਮੈਂ ਪ੍ਰਸਤਾਵ ਕਰਦਾ ਹਾਂ ਕਿ-

ਇਸ ਮਤੇ ਵਿੱਚ "ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ" ਲਫਜ਼ਾਂ ਤੋਂ ਬਾਅਦ ਇਹ ਵੀ ਜੋੜ ਦਿੱਤਾ ਜਾਵੇ-

"ਅਤੇ ਅਨਾਜ ਦੀ ਮੂਵਮੈਂਟ ਕਰਨ"

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ ਕਿ-

ਇਸ ਮਤੇ ਵਿੱਚ "ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ" ਲਫਜ਼ਾਂ ਤੋਂ ਬਾਅਦ ਇਹ ਵੀ ਜੋੜ ਦਿੱਤਾ ਜਾਵੇ-

"ਅਤੇ ਅਨਾਜ ਦੀ ਮੂਵਮੈਂਟ ਕਰਨ"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ ਕਿ-

"ਇਸ ਮਤੇ ਵਿੱਚ "ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ" ਤੋਂ ਬਾਅਦ ਇਹ ਵੀ ਜੋੜ ਦਿੱਤਾ ਜਾਵੇ-

"ਅਤੇ ਅਨਾਜ ਦੀ ਮੂਵਮੈਂਟ ਕਰਨ"

***ਪ੍ਰਸਤਾਵ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ।***

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਨਾਲ ਮਾਮਲਾ ਉਠਾਏ ਕਿ ਰਾਜ ਵਿੱਚ ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ ਅਤੇ ਅਨਾਜ ਦੀ ਮੂਵਮੈਂਟ ਕਰਨ ਲਈ ਫੌਰੀ ਲੋੜੀਂਦੇ ਢੁੱਕਵੇਂ ਕਦਮ ਚੁੱਕੇ ਜਾਣ।"

***ਸੋਧਿਆ ਪ੍ਰਸਤਾਵ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ।***

---

## RESOLUTION REG. RECOMMENDING TO THE STATE GOVERNMENT TO TAKE EFFECTIVE STEPS TO CONTROL THE STRAY DOGS POPULATION IN THE STATE

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

> "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਅਵਾਰਾ ਕੁੱਤਿਆਂ ਦੁਆਰਾ ਬੱਚਿਆਂ, ਬੁੱਢਿਆਂ ਅਤੇ ਔਰਤਾਂ ਨੂੰ ਕੱਟਣ ਦੇ ਵੱਧ ਰਹੇ ਕੇਸਾਂ ਦੇ ਮੱਦੇ ਨਜ਼ਰ ਪੀੜਤਾਂ ਨੂੰ ਹਲਕਾਅ ਤੋਂ ਬਚਾਉਣ, ਇਸਦੇ ਢੁੱਕਵੇਂ ਇਲਾਜ ਲਈ ਅਤੇ ਕੁੱਤਿਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਅਸਰਦਾਰ ਕਦਮ ਚੁੱਕੇ ਜਾਣ।"

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ ਕਿ-

> "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਅਵਾਰਾ ਕੁੱਤਿਆਂ ਦੁਆਰਾ ਬੱਚਿਆਂ, ਬੁੱਢਿਆਂ ਅਤੇ ਔਰਤਾਂ ਨੂੰ ਕੱਟਣ ਦੇ ਵੱਧ ਰਹੇ ਕੇਸਾਂ ਦੇ ਮੱਦੇ ਨਜ਼ਰ ਪੀੜਤਾਂ ਨੂੰ ਹਲਕਾਅ ਤੋਂ ਬਚਾਉਣ, ਇਸਦੇ ਢੁੱਕਵੇਂ ਇਲਾਜ ਲਈ ਅਤੇ ਕੁੱਤਿਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਅਸਰਦਾਰ ਕਦਮ ਚੁੱਕੇ ਜਾਣ।"

**ਮਾਲ ਤੇ ਮੁੜ ਵਸੇਬਾ ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ. ਆਈ. ਮਾਮਲੇ ਮੰਤਰੀ (ਬੈਠੇ-ਬੈਠੇ):** ਬੰਦਿਆਂ ਦਾ ਵੀ ਐਡ ਕਰਵਾ ਲਓ ਜੀ ਵਿੱਚ, ਉਨ੍ਹਾਂ ਨੂੰ ਤੁਸੀਂ ਕਹਿੰਦੇ ਹੋ ਕਿ ਵੱਢੀ ਜਾਣ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ):** ਮੈਂ ਕਿਹਾ ਜੀ ਇਸ ਵਿੱਚ ਸਾਰਾ ਕੁਝ ਹੀ ਆ ਗਿਆ, ਜਦੋਂ ਆਵਾਰਾ ਕੁੱਤਾ ਹੀ ਘਰੇ ਵੜ ਗਿਆ ਤਾਂ ਉਹ ਹਰੇਕ ਨੂੰ ਵੱਢੇਗਾ। (ਹਾਸਾ) ਅਵਾਜ਼ਾਂ: ਇਸ ਦੀ ਮੂਵਮੈਂਟ ਤੇਜ ਕਰਵਾ ਦਿਓ ਜੀ। (ਵਿਘਨ, ਸ਼ੋਰ)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ:** ਸਾਇਲੈਂਸ ਪਲੀਜ਼!

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਪਹਿਲਾਂ ਤਾਂ ਮੇਰੀ ਇਹ ਬੇਨਤੀ ਹੈ ਕਿ ਬੜਾ ਸੀਰੀਅਸ ਮਸਲਾ ਹੈ ਔਰ ਇਹ ਪਹਿਲੀ ਵਾਰ ਸਦਨ ਵਿੱਚ ਨਹੀਂ ਆਇਆ, ਇਸ ਬਾਰੇ ਸਵਾਲ ਵੀ ਆਏ ਹਨ ਔਰ ਇਸ ਤੋਂ ਪਹਿਲਾਂ ਵੀ ਕਾਫੀ ਗੱਲ ਹੋ ਚੁੱਕੀ ਹੈ ਕਿ ਅਵਾਰਾ ਕੁੱਤਿਆਂ ਦੀ ਗਿਣਤੀ ਵਿੱਚ ਬਹੁਤ ਜ਼ਿਆਦਾ ਵਾਧਾ ਹੋ ਰਿਹਾ ਹੈ ਔਰ ਇੱਥੇ ਸਾਡੇ ਨਵਾਂ ਸ਼ਹਿਰ ਤੋਂ ਐਮ.ਐਲ.ਏ. ਬੈਠੇ ਹਨ। ਇਨ੍ਹਾਂ ਨੇ ਮੈਨੂੰ ਕੱਲ੍ਹ ਹੀ ਦੱਸਿਆ ਸੀ ਕਿ ਪਿਛਲੇ ਦਿਨਾਂ ਵਿੱਚ 6 ਬੱਚਿਆਂ ਨੂੰ ਆਵਾਰਾ ਕੁੱਤਿਆਂ ਨੇ ਕੱਟਿਆ, ਹਸਪਤਾਲ ਵਿੱਚ ਲਿਜਾਇਆ ਗਿਆ, ਉੱਥੇ ਕੋਈ ਦਵਾਈ ਨਹੀਂ ਮਿਲ ਸਕੀ। ਇਨ੍ਹਾਂ ਨੇ ਫਿਰ ਐਨ.ਜੀ.ਓਜ਼ ਬੁਲਾ ਕੇ ਬੱਚਿਆਂ ਨੂੰ ਦਵਾਈ ਦਿੱਤੀ, ਉਨ੍ਹਾਂ ਦੀ ਹੈਲਪ ਕੀਤੀ। ਸੋ, ਇਸਦੇ ਲਈ ਵੈਸੇ ਤਾਂ ਡਿਸਕਸ਼ਨ ਕਰਕੇ ਦੇਖ ਲਓ, ਕੋਈ ਹੋਰ ਸੁਝਾਅ ਦੇਣਾ ਹੈ, ਕੁਝ ਹੋਰ ਐਡ ਕਰਨਾ ਹੈ, ਕੋਈ ਐਕਟ ਬਣਾਉਣਾ ਹੈ, ਕੋਈ ਕਾਨੂੰਨ ਬਣਾਉਣਾ ਹੈ ਜਾਂ ਹੋਰ ਕਿਸੇ ਤਰੀਕੇ ਨਾਲ ਉਨ੍ਹਾਂ ਨੂੰ ਸਟਰੀਲਾਈਜ਼ ਕਰਨਾ ਹੈ। ਮੰਤਰੀ ਜੀ ਵੀ ਬੈਠੇ ਨਹੀਂ ਹਨ, ਸੈਂਟਰ ਤੋਂ ਵੀ ਫੰਡ ਆਉਂਦੇ ਹਨ। ਜਿਵੇਂ ਕਰੂਐਲਟੀ ਐਕਟ ਹੈ, ਜਿਹੜਾ ਸੈਂਟਰ ਨੇ ਪਾਸ ਕੀਤਾ ਹੋਇਆ ਹੈ, ਕੀ ਕੋਈ ਅਸੀਂ ਇਧਰੋਂ ਬਣਾ ਕੇ ਭੇਜਿਆ ਤਾਂ ਕਿ ਉਹ ਐਕਟ ਅਮੈਂਡ ਕੀਤਾ ਜਾਵੇ ਜਾਂ (ਹਾਸਾ)

**ਮਾਲ ਤੇ ਮੁੜ ਵਸੇਬਾ ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ. ਆਈ. ਮਾਮਲੇ ਮੰਤਰੀ (ਸਰਦਾਰ ਬਿਰਕਮ ਸਿੰਘ ਮਜੀਠੀਆ) (ਬੈਠੇ-ਬੈਠੇ):** ਅਸੀਂ ਸਾਰੇ ਅਧਿਕਾਰ ਤੁਹਾਨੂੰ ਦੇ ਦਿੱਤੇ ਤੁਸੀਂ ਭਾਵੇਂ ਜਿੱਥੇ ਮਰਜ਼ੀ ਛੱਡ ਆਓ।

**Mr. Speaker:** Please listen. This matter is very serious, please keep silence.

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਸੀਰੀਅਸ ਮਸਲਾ ਹੈ। ਅੰਮ੍ਰਿਤਸਰ ਵਿੱਚ ਵੀ ਕਾਫ਼ੀ ਕੇਸ ਹੋਏ ਹਨ ਈਵਨ ਡੈਥਸ ਵੀ ਹੋਈਆਂ ਹਨ ਔਰ ਮੇਰੇ ਆਪਣੇ ਇੱਥੇ ਹੀ ਘੁਰਕਣੀ ਪਿੰਡ ਹੈ ਜੀ, ਉੱਥੇ ਇੱਕ ਆਵਾਰਾ ਕੁੱਤੇ ਨੇ ਕੱਟਿਆ ਤੇ ਉਸ ਤੋਂ ਬਾਅਦ ਹਲਕੇ ਕੁੱਤੇ ਨੇ ਕੱਟਿਆ। ਦੋ ਤਾਂ ਉਥੇ ਡੈਥਸ ਹੋ ਗਈਆਂ ਜੀ। ਸੋ, ਗੱਲ ਇਹ ਹੈ ਕਿ ਇਸ ਦੀ ਆਪਾਂ ਕੋਈ ਅਮੈਂਡਮੈਂਟ ਲਿਆ ਕੇ ਕੁਝ ਕਰੀਏ, ਇੱਕ ਤਾਂ ਹਸਪਤਾਲਾਂ ਵਿੱਚ ਦਵਾਈਆਂ ਪੂਰੀਆਂ ਹੋਣ ਕਿਉਂਕਿ ਗਰੀਬ ਆਦਮੀ ਇੰਜੈਕਸ਼ਨ ਵੀ ਨਹੀਂ ਲਗਵਾ ਸਕਦਾ,

** Expunged as ordered by the speaker.

Original with;
Punjab Vidhan Sabha
Digitized by;
Panjab Digital Library

ਮਹਿੰਗੇ ਬਹੁਤ ਹਨ। ਲੋਕਾਂ ਦਾ ਬਚਾਅ ਹੋਵੇ, ਇਲਾਜ ਤੁਰੰਤ ਹੋਵੇ, ਦਵਾਈਆਂ ਪੂਰੀਆਂ ਹੋਣ, ਆਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕੀਤਾ ਜਾਵੇ। ਸੋ, ਇਹ ਮੇਰੀ ਬੇਨਤੀ ਹੈ ਕਿ ਸਾਰਾ ਹਾਊਸ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰੇ ਇਸ ਲਈ ਮੈਂ ਹਾਊਸ ਵਿੱਚ ਸਾਰਿਆਂ ਦੀ ਸਹਿਮਤੀ ਲੈਣਾ ਚਾਹੁੰਦਾ ਹਾਂ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.):** ਸਪੀਕਰ ਸਾਹਿਬ, ਇਸ ਮੁੱਦੇ ਤੇ ਪਹਿਲਾਂ ਵੀ ਬੜੀ ਬਹਿਸ ਹੋ ਚੁੱਕੀ ਹੈ। ਇਸ ਤੇ ਕਈ ਸਵਾਲ ਵੀ ਆ ਚੁੱਕੇ ਹਨ, ਇਹ ਬੜਾ ਸੀਰੀਅਸ ਮਸਲਾ ਹੈ। ਅਵਾਰਾ ਕੁੱਤਿਆਂ ਦੇ ਕਾਰਨ ਕਈ ਮੌਤਾਂ ਵੀ ਹੋ ਚੁੱਕੀਆਂ ਹਨ। ਮੇਰੀ ਬੇਨਤੀ ਹੈ ਕਿ ਇਸ ਤੇ ਤਾਂ ਪਹਿਲਾਂ ਵੀ ਬਹੁਤ ਬਹਿਸ ਹੋ ਚੁੱਕੀ ਹੈ, ਇਸ ਲਈ ਹੁਣ ਇਸ ਤੇ ਬਿਨਾਂ ਕੋਈ ਹੋਰ ਬਹਿਸ ਕੀਤਿਆਂ ਇਸ ਨੂੰ ਪਾਸ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ):** ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦੀ ਆਗਿਆ ਦਿੱਤੀ ਹੈ ਜਿਹੜਾ ਮਾਨਯੋਗ ਮੈਂਬਰ ਮੋਫਰ ਸਾਹਿਬ ਲੈ ਕੇ ਆਏ ਹਨ, ਇਸ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਇਹ ਅਵਾਰਾ ਕੁੱਤਿਆਂ ਦੀ ਪੰਜਾਬ ਦੇ ਵਿੱਚ ਇੱਕ ਬਹੁਤ ਹੀ ਗੰਭੀਰ ਸਮੱਸਿਆ ਹੈ, ਜਿਹੜੀ ਸਾਰਿਆਂ ਦੇ ਨਾਲ ਸਬੰਧ ਰੱਖਦੀ ਹੈ। ਆਵਾਰਾ ਕੁੱਤਿਆਂ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਸ਼ਰੇਆਮ ਪਲਣ ਦੇ ਨਾਲ ਬਜ਼ੁਰਗਾਂ, ਬੱਚਿਆਂ ਅਤੇ ਬੀਬੀਆਂ ਨੂੰ ਕਈ ਦਫਾ ਕੱਟਣ ਦੀ, ਅਟੈਕ ਕਰਨ ਦੀ ਅਤੇ ਬੱਚਿਆਂ ਨੂੰ ਖਾਣ ਦੀ ਵੀ ਗੱਲ ਸਾਹਮਣੇ ਆਈ ਹੈ। ਸਪੀਕਰ ਸਾਹਿਬ, ਕੁੱਤਿਆਂ ਨੂੰ ਦਰਵੇਸ਼ ਜਾਨਵਰ ਸਮਝਿਆ ਜਾਂਦਾ ਹੈ। ਇੱਕ ਪਾਸੇ ਤਾਂ ਜਿਹੜੇ ਪਾਲਤੂ ਹਨ, ਇਹ ਇਨਸਾਨ ਦੇ ਸਾਥੀ ਹਨ, ਘਰਾਂ ਦੀ ਰਖਵਾਲੀ ਵੀ ਕਰਦੇ ਹਨ ਅਤੇ ਜਿਹੜੇ ਦੂਜੇ ਪਾਸੇ ਅਵਾਰਾ ਹਨ, ਉਹ ਸਮਾਜ ਲਈ ਬਹੁਤ ਵੱਡਾ ਖ਼ਤਰਾ ਬਣਦੇ ਜਾ ਰਹੇ ਹਨ। ਜਾਨਵਰਾਂ ਦੀ ਰਾਖੀ ਅਤੇ ਬਚਾਅ ਲਈ ਦੁਨੀਆ ਵਿੱਚ ਵੱਡੀਆਂ ਵੱਡੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ, ਵਰਲਡ ਲਾਈਫ ਫੰਡ, ਪੀਪਲ ਫਾਰ ਐਨੀਮਲਜ਼ ਰਾਈਟਸ ਪਰ ਜਿਹੜੇ ਜਾਨਵਰ ਅਵਾਰਾ ਹੋ ਜਾਂਦੇ ਹਨ, ਉਹ ਇਨਸਾਨ ਲਈ ਖਤਰਾ ਪੈਦਾ ਕਰਦੇ ਹਨ। ਅਵਾਰਾ ਕੁੱਤਿਆਂ ਦਾ ਝੁੰਡਾਂ ਵਿੱਚ ਫਿਰਨਾ ਅਤੇ ਉਨ੍ਹਾਂ ਦੀ ਗਿਣਤੀ ਵਿੱਚ ਦਿਨੋਂ ਦਿਨ ਵਾਧਾ ਹੋਣਾ ਇੱਕ ਬਹੁਤ ਵੱਡੀ ਚਿੰਤਾ ਦਾ ਕਾਰਨ ਹੈ। ਇਨ੍ਹਾਂ ਦੀ ਵਧਦੀ ਗਿਣਤੀ ਅਤੇ ਖੁਲ੍ਹੇ ਵਿੱਚ ਫਿਰਨਾ ਬੱਚਿਆਂ ਅਤੇ ਸਿਆਣਿਆਂ ਲਈ ਖਤਰਨਾਕ ਵੀ ਹੈ ਅਤੇ ਇਸ ਨੂੰ ਕਾਬੂ ਕਰਨ ਦੀ ਅਤਿ-ਅਵੱਸ਼ਕਤਾ ਹੈ। ਮਾਨਯੋਗ ਸਪੀਕਰ ਸਾਹਿਬ, ਕਈ ਵਾਰੀ ਅਜਿਹੀਆਂ ਘਟਨਾਵਾਂ ਵੀ ਵਾਪਰਦੀਆਂ ਹਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

ਕਿ ਸਕੂਲ ਜਾਂਦੇ ਬੱਚਿਆਂ ਤੇ ਇਨ੍ਹਾਂ ਕੁੱਤਿਆਂ ਨੇ ਜਾਨਲੇਵਾ ਹਮਲੇ ਕੀਤੇ ਅਤੇ ਉਸਦੇ ਬਹੁਤ ਗੰਭੀਰ ਸਿੱਟੇ ਨਿਕਲੇ ਹਨ। ਇਨ੍ਹਾਂ ਨੂੰ ਕਾਬੂ ਕਰਨ ਦੀ ਲੋੜ ਹੈ। ਅਵਾਰਾ ਕੁੱਤਿਆਂ ਦੀ ਆਬਾਦੀ ਨੂੰ ਰੋਕਣ ਦੀ ਬਹੁਤ ਜ਼ਿਆਦਾ ਲੋੜ ਹੈ। ਇਸ ਦੇ ਲਈ ਪੰਜਾਬ ਸਰਕਾਰ ਕੋਈ ਚਾਹੇ ਨਸਬੰਦੀ ਦਾ ਪ੍ਰੋਗਰਾਮ ਲੈ ਕੇ ਆਵੇ। ਇਨ੍ਹਾਂ ਦੇ ਵਖਰੇ ਸਟਰੇਅ ਡਾਗ ਕੈਨਲ ਬਣਾਏ ਜਾਣ, ਜਿੱਥੇ ਇਨ੍ਹਾਂ ਨੂੰ ਕਾਬੂ ਕਰਕੇ ਰੱਖਿਆ ਜਾਵੇ। ਇਹ ਬਹੁਤ ਲਾਜ਼ਮੀ ਹੈ। ਜਿਹੜੀ ਗੱਲ ਮੋਫਰ ਸਾਹਿਬ ਨੇ ਕਹੀ ਕਿ ਸਿਵਲ ਹਸਪਤਾਲਾਂ ਦੇ ਵਿੱਚ ਐਂਟੀ ਰੈਬੀਜ਼ ਵੈਕਸੀਨਜ਼ ਦੀ ਬੜੀ ਘਾਟ ਹੈ, ਕਈ ਲੋਕ ਜਿਹੜੇ ਅਫੋਰਡ ਕਰ ਸਕਦੇ ਹਨ, ਉਹ ਆਪਣਾ ਇਲਾਜ ਪ੍ਰਾਈਵੇਟ ਡਾਕਟਰਾਂ ਤੋਂ ਕਰਵਾ ਲੈਂਦੇ ਹਨ ਲੇਕਿਨ ਇਹ ਇਕੱਲੀ ਇੱਕ ਸ਼ਹਿਰ ਦੀ ਗੱਲ ਨਹੀਂ। ਆਪਾਂ ਹਰ ਰੋਜ਼ ਅਖਬਾਰਾਂ ਦੇ ਵਿੱਚ ਪੜ੍ਹਦੇ ਹਾਂ ਅਤੇ ਦੇਖਦੇ ਹਾਂ ਕਿ ਹਰ ਸ਼ਹਿਰ ਦੇ ਵਿੱਚ ਹਰ ਰੋਜ਼ 10-10, 15-15 ਕੇਸ ਡੌਗ ਬਾਈਟਸ ਦੇ ਆਉਂਦੇ ਹਨ। ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਹਰ ਸਿਵਲ ਹਸਪਤਾਲ ਦੇ ਵਿੱਚ ਐਂਟੀ ਰੈਬੀਜ਼ ਵੈਕਸੀਨੇਸ਼ਨ ਦਾ ਪੂਰਾ ਸਟਾਕ ਮੁਕੰਮਲ ਤੌਰ ਤੇ ਹੋਣਾ ਚਾਹੀਦਾ ਹੈ। ਇਨ੍ਹਾਂ ਅਵਾਰਾ ਕੁੱਤਿਆਂ ਦੇ ਵਧਣ ਦਾ ਇੱਕ ਬਹੁਤ ਵੱਡਾ ਕਾਰਨ ਹੈ ਕਿ ਜਿਹੜੇ ਸ਼ਹਿਰਾਂ ਦੇ ਵਿੱਚ ਖੁੱਲੇ ਗਾਰਬੇਜ਼ ਡੰਪਸ ਪਏ ਹਨ ਜਾਂ ਜਿਹੜੇ ਸਲੱਮਜ਼ ਹਨ, ਉੱਥੇ ਵੀ ਇਹ ਕੁੱਤੇ ਬਹੁਤ ਤੇਜ਼ੀ ਨਾਲ ਵਧਦੇ ਹਨ। ਚਾਹੀਦਾ ਇਹ ਹੈ ਕਿ ਜਿਹੜੇ ਗਾਰਬੇਜ਼ ਦੇ ਡੰਪਸ ਜਾਂ ਪਿੰਡਾਂ ਦੇ ਵਿੱਚ ਜਿਹੜੀਆਂ ਹੱਡਾਂ-ਰੋੜੀਆਂ ਹਨ, ਉਨ੍ਹਾਂ ਦੇ ਆਲੇ-ਦੁਆਲੇ ਚਾਰ ਦਿਵਾਰੀ ਕਰਨੀ ਚਾਹੀਦੀ ਹੈ। ਗਾਰਬੇਜ਼ ਡੰਪਸ ਨੂੰ ਕਲੋਜ਼ ਕਰਨਾ ਚਾਹੀਦਾ ਹੈ ਅਤੇ ਹੱਡਾਂ ਰੋੜੀਆਂ ਨੂੰ ਕਲੋਜ਼ ਕਰਕੇ ਜਿੱਥੇ ਇਹ ਕੁੱਤੇ ਸਕੈਵੈਨਜ਼ਿੰਗ ਕਰਦੇ ਹਨ, ਉਸ ਤੋਂ ਇਨ੍ਹਾਂ ਕੁੱਤਿਆਂ ਨੂੰ ਰੋਕਣਾ ਚਾਹੀਦਾ ਹੈ। ਕਈ ਵਾਰੀ ਐਨੀਮਲ ਰਾਈਟਸ ਸੰਸਥਾਵਾਂ ਵੀ ਇਸ ਕੰਮ ਵਿੱਚ ਰੁਕਾਵਟ ਬਣਦੀਆਂ ਹਨ ਅਤੇ ਉਹ ਆਪਣਾ ਹੱਕ ਜਤਾਉਂਦੀਆਂ ਹਨ ਪਰੰਤੂ ਅਸੀਂ ਇਸ ਸਦਨ ਦੇ ਰਾਹੀਂ ਉਨ੍ਹਾਂ ਨੂੰ ਵੀ ਅਪੀਲ ਕਰਾਂਗੇ ਕਿ ਤੁਸੀਂ ਵੀ ਇਸ ਕੰਮ ਵਿੱਚ ਸਰਕਾਰ ਦਾ ਸਾਥ ਦਿਓ ਅਤੇ ਜਿਹੜਾ ਇਹ ਵਧਦਾ ਜਾ ਰਿਹਾ ਖਤਰਾ ਹੈ, ਇਸ ਨੂੰ ਜ਼ਰੂਰ ਰੋਕਣਾ ਚਾਹੀਦਾ ਹੈ। ਕੀ ਕਾਰਨ ਹੈ ਕਿ ਲੰਦਨ ਵਿੱਚ, ਨਿਊਯਾਰਕ ਵਿੱਚ ਕੋਈ ਅਵਾਰਾ ਕੁੱਤਾ ਨਹੀਂ ਫਿਰਦਾ। ਹੋਰ ਵੀ ਜਿਹੜੇ ਡਿਵੈਲਪਡ ਕੰਟਰੀਜ਼ ਹਨ, ਉਨ੍ਹਾਂ ਵਿੱਚ ਵੀ ਆਪਾਂ ਦੇਖਦੇ ਹਾਂ ਕਿ ਉਥੇ ਸਾਰੇ ਪਾਲਤੂ ਪੈਟਸ ਹੁੰਦੇ ਹਨ ਅਤੇ ਕੋਈ ਵੀ ਅਵਾਰਾ ਵੇਖਣ ਨੂੰ ਨਹੀਂ ਮਿਲਦਾ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਖੁੱਲ੍ਹੇ ਗਾਰਬੇਜ਼ ਡੰਪ ਵਿੱਚੋਂ ਸ਼ਰੇਆਮ ਕੁੱਤੇ ਖਾ ਕੇ ਪਲਦੇ ਹਨ। ਸਲੰਮ ਡਵੈਲਰਜ਼ ਵਿੱਚ ਜਿਹੜੇ ਲੋਕ ਰਹਿੰਦੇ ਹਨ, ਉਹ ਵੀ ਅਵਾਰਾ ਕੁੱਤਿਆਂ ਨੂੰ ਪਾਲਤੂ ਸਮਝ

Original with;
Punjab Vidhan Sabha
Digitized by;
Panjab Digital Library

ਕੇ ਪਾਲਦੇ ਹਨ। ਉਨ੍ਹਾਂ ਲੋਕਾਂ ਤੱਕ ਵੀ ਪਹੁੰਚ ਕਰ ਕੇ ਉਨ੍ਹਾਂ ਅੰਦਰ ਅਵੇਅਰਨੈਸ ਲਿਆਉਣੀ ਚਾਹੀਦੀ ਹੈ। ਇਹ ਬੜੀ ਗੰਭੀਰ ਸਮੱਸਿਆ ਹੈ। ਕਈ ਦਫਾ ਸਾਡੇ ਬੱਚੇ ਵੀ ਕੁੱਤਿਆਂ ਦੇ ਸ਼ਿਕਾਰ ਬਣੇ ਹਨ ਅਤੇ ਸਿਆਣੇ ਵੀ ਸ਼ਿਕਾਰ ਬਣੇ ਹਨ। ਜਿਵੇਂ ਮਜੀਠੀਆ ਸਾਹਿਬ ਨੇ ਕਿਹਾ ਹੈ ਕਿ ਹਰ ਇੱਕ ਵਿਅਕਤੀ ਨੂੰ ਇਨ੍ਹਾਂ ਤੋਂ ਖਤਰਾ ਹੈ। ਇਹ ਝੁੰਡਾਂ ਵਿੱਚ ਫਿਰਦੇ ਹਨ। ਇੱਕ ਤਕੜਾ ਆਦਮੀ ਵੀ ਬਾਹਰ ਨਿਕਲਣ ਲੱਗਿਆਂ ਡਰਦਾ ਹੈ। ਆਪਾਂ ਸਾਰਿਆਂ ਨੂੰ ਇਸ ਮਤੇ ਉਤੇ ਗੌਰ ਕਰਕੇ ਇਸ ਦਾ ਕੋਈ ਨਾ ਕੋਈ ਪੱਕੇ ਤੌਰ ਤੇ ਹੱਲ ਲੱਭਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਸਬੰਧਤ ਮਹਿਕਮਿਆਂ ਜਿਵੇਂ ਐਨੀਮਲ ਹਸਬੈਂਡਰੀ ਦਾ ਹੋਵੇ, ਜੰਗਲਾਤ ਦਾ ਹੋਵੇ ਜਾਂ ਹੈਲਥ ਦਾ ਹੋਵੇ, ਇਨ੍ਹਾਂ ਨਾਲ ਤਾਲਮੇਲ ਕਰਕੇ, ਇਨ੍ਹਾਂ ਅਵਾਰਾ ਕੁੱਤਿਆਂ ਉੱਤੇ ਕਾਬੂ ਪਾਉਣ ਦੀ ਲੋੜ ਹੈ। ਸਪੀਕਰ ਸਾਹਿਬ, ਮੈਂ ਇੰਨਾ ਕਹਿੰਦਾ ਹੋਇਆ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ।

**ਸਰਦਾਰ ਇਕਬਾਲ ਸਿੰਘ ਝੂੰਦਾਂ (ਅਮਰਗੜ੍ਹ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇੱਕ ਬਹੁਤ ਹੀ ਅਹਿਮ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਰੇ ਹਾਊਸ ਵੱਲੋਂ ਸਮਾਜਕ ਤੌਰ ਤੇ ਇਸ ਬਹੁਤ ਵੱਡੀ ਸਮੱਸਿਆ ਉੱਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਆਪਾਂ ਰੋਜ਼ ਕਿਸੇ ਨਾ ਕਿਸੇ ਰੂਪ ਵਿੱਚ ਅਖਬਾਰਾਂ ਵਿੱਚ ਅਜਿਹੀਆਂ ਮੁਸ਼ਕਲਾਂ ਨੂੰ ਪੜ੍ਹਦੇ ਹਾਂ ਕਿ ਕਿਤੇ ਬੱਚਿਆਂ ਨੂੰ ਖਾਧਾ ਗਿਆ ਜਾਂ ਲੇਡੀਜ਼ ਉੱਤੇ ਅਟੈਕ ਕੀਤੇ ਗਏ ਆਦਿ। ਆਪਾਂ ਅਜੇ ਤੱਕ ਇਸ ਦਾ ਕੋਈ ਸਾਰਥਕ ਹੱਲ ਲੱਭਣ ਵਿੱਚ ਨਾ ਤਾਂ ਕਾਨੂੰਨੀ ਤੌਰ ਤੇ ਅਤੇ ਨਾ ਹੀ ਸਮਾਜਕ ਤੌਰ ਤੇ ਕਾਮਯਾਬ ਹੋ ਸਕੇ ਹਾਂ। ਮੈਂ ਕੋਈ ਬਹੁਤ ਲੰਮਾ ਸਮਾਂ ਨਹੀਂ ਬੋਲਣਾ। ਕੇਵਲ ਇੱਕ ਹੀ ਸੁਝਾਓ ਦੇਣਾ ਹੈ। ਉਹ ਇਹ ਹੈ ਕਿ ਆਪਾਂ ਕੇਂਦਰ ਦੇ ਕਾਨੂੰਨ ਵਿੱਚ ਤਾਂ ਕੋਈ ਅਮੈਂਡਮੈਂਟ ਨਹੀਂ ਕਰ ਸਕਦੇ ਲੇਕਿਨ ਪੰਜਾਬ ਸਰਕਾਰ ਆਪਣੇ ਤੌਰ ਤੇ ਇਸ ਸਮੱਸਿਆ ਵਿੱਚ ਕੀ ਐਕਸ਼ਨ ਲੈ ਸਕਦੀ ਹੈ, ਇਸ ਨੂੰ ਸੰਜੀਦਾ ਤੌਰ ਤੇ ਲੈਣਾ ਚਾਹੀਦਾ ਹੈ ਤਾਂ ਜੋ ਇਸ ਦਾ ਕੋਈ ਹੱਲ ਲੱਭਿਆ ਜਾ ਸਕੇ।

ਹੱਡਾ-ਰੋੜੀ ਦੀ ਗੱਲ ਹੋਈ ਹੈ। ਹਰ ਪਿੰਡ ਵਿੱਚ ਹੱਡਾ-ਰੋੜੀ ਹੈ। ਆਪਾਂ ਸਾਰੇ ਪਿੰਡ ਜਾਂ ਸਹਿਰਾਂ ਵਿੱਚ ਰਹਿੰਦੇ ਹਾਂ। ਜਦੋਂ ਵੀ ਕੋਈ ਸਵੇਰੇ ਸੈਰ ਕਰਨ ਜਾਂਦਾ ਹੈ ਤਾਂ ਪਹਿਲੀ ਗੱਲ ਤਾਂ ਉਹ ਜਾਣ ਤੋਂ ਹੀ ਝਿਜਕਦਾ ਹੈ। ਜੇਕਰ ਜਾਂਦਾ ਵੀ ਹੈ ਤਾਂ ਉਹ ਕੋਈ ਚੰਗਾ ਡਾਂਗ-ਸੋਟਾ ਲੈ ਕੇ ਨਿਕਲਦਾ ਹੈ। 20-20, 25-25 ਕੁੱਤੇ ਇਕੱਠੇ ਘੁੰਮਦੇ ਰਹਿੰਦੇ ਹਨ। ਅਵਾਰਾ ਕੁੱਤਿਆਂ ਦੀ ਸਮੱਸਿਆ ਦਾ ਹਰੇਕ ਪਿੰਡ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨੂੰ ਪੂਰੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ ਝੂੰਦਾਂ]

ਸੰਜੀਦਗੀ ਨਾਲ ਲੈਣਾ ਚਾਹੀਦਾ ਹੈ ਕਿ ਇਸ ਵਸਤੇ ਕੀ ਆਲਟਰਨੇਟਿਵ ਲੈ ਕੇ ਇਸ ਦਾ ਹੱਲ ਲੱਭਿਆ ਜਾ ਸਕਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਸਾਨੂੰ ਕੇਂਦਰ ਸਰਕਾਰ ਨੂੰ ਵੀ ਲਿਖ ਕੇ ਭੇਜਣਾ ਚਾਹੀਦਾ ਹੈ। ਕਿਸੇ ਨਾ ਕਿਸੇ ਰੂਪ ਵਿੱਚ ਸਮਾਜ ਵਿਚਲੇ ਬੈਡ ਐਲੀਮੈਂਟਸ ਨੂੰ ਵੀ ਮਾਰਨ ਦੀ ਇਜਾਜ਼ਤ ਹੈ, ਉਸੇ ਤਰ੍ਹਾਂ ਕਿਸੇ ਨਾ ਕਿਸੇ ਰੂਪ ਵਿੱਚ ਅਜਿਹੇ ਕੁੱਤਿਆਂ ਨੂੰ ਮਾਰਨ ਦੀ ਵੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਸਾਨੂੰ ਇਹ ਮਤਾ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਧੰਨਵਾਦ (...ਵਿਘਨ...)

**ਮਾਨਯੋਗ ਸਪੀਕਰ:** ਸ਼੍ਰੀ ਐਸ.ਆਰ. ਕਲੇਰ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਇੱਕ ਮਤਾ ਹੋਰ ਵੀ ਰਹਿੰਦਾ ਹੈ, ਉਸ ਨੂੰ ਟਾਕ-ਆਊਟ ਕਰਨ ਲਈ ਇਹ ਸਭ ਕੁਝ ਕੀਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਜਿਹੜਾ ਮਤਾ ਲਿਆਂਦਾ ਗਿਆ ਸੀ, ਉਹ ਵੀ ਇਸ ਕਰਕੇ ਲਿਆਂਦਾ ਗਿਆ ਸੀ ਕਿ ਐਮ.ਐਲ.ਏਜ਼ ਦੀਆਂ ਡਿਮਾਂਡਜ਼ ਨੂੰ ਕਨਸਿਡਰ ਨਾ ਕੀਤਾ ਜਾ ਸਕੇ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਅਗਲੇ ਮਤੇ ਨੂੰ ਵੀ ਟਾਈਮ ਦਿੱਤਾ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਕਿਰਪਾ ਕਰਕੇ ਬੈਠ ਜਾਉ। ਸ਼੍ਰੀ ਐਸ.ਆਰ.ਕਲੇਰ ਜੀ।

**ਸ਼੍ਰੀ ਐਸ.ਆਰ.ਕਲੇਰ (ਐਸ.ਸੀ., ਜਗਰਾਉਂ):** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਹੀ ਅਹਿਮ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਬਹੁਤ ਹੀ ਸ਼ਾਰਟ ਵਿੱਚ ਬੋਲਾਂਗਾ। ਮੈਂ ਬਹੁਤ ਲੰਮਾ ਨਹੀਂ ਬੋਲਾਂਗਾ। ਬਿਲਕੁਲ ਸ਼ਾਰਟ ਹੋਵੇਗਾ (ਵਿਘਨ) 33 ਸਾਡੇ ਆਨਰੇਬਲ ਮੈਂਬਰਜ਼ ਵਲੋਂ ਇਹ ਮਤਾ ਰੱਖਿਆ ਗਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਬਿਨਾਂ ਆਗਿਆ ਤੋਂ ਕੁਝ ਬੋਲ ਰਹੇ ਸਨ, ਜੋ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

**ਮਾਨਯੋਗ ਸਪੀਕਰ:** ਸਾਰੇ ਮੈਂਬਰਾਂ ਨੂੰ ਬੋਲਣ ਦਿਓ ਜੀ। ਤੁਸੀਂ ਬੈਠੋ ਜੀ।

**ਸ਼੍ਰੀ ਐਸ.ਆਰ.ਕਲੇਰ:** ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ 15585 ਬੰਦਿਆਂ ਨੂੰ ਪਿਛਲੇ ਸਾਲ ਵਿੱਚ ਕੁੱਤਿਆਂ ਨੇ ਕੱਟਿਆ। ਮੈਂ ਚੰਗੀ ਸੁਜੈਸ਼ਨ ਦੇਵਾਂਗਾ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਬਿਨਾਂ ਆਗਿਆ ਤੋਂ ਕੁਝ ਬੋਲ ਰਹੇ ਸਨ, ਜੋ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ):** ਸਪੀਕਰ ਸਾਹਿਬ, ਇੱਕ ਬੇਨਤੀ ਹੈ ਕਿ ਮੋਫਰ ਸਾਹਿਬ ਨੇ ਆਪ ਗੱਲ ਕਹੀ ਹੈ ਕਿ ਮੁੱਦਾ ਬੜਾ ਸੀਰੀਅਸ ਹੈ। ਨਵੇਂ ਮੈਂਬਰ ਚੁਣਕੇ ਆਏ ਹਨ ਅਤੇ ਆਪਣੀ ਸੁਜੈਸ਼ਨ ਰੱਖਣੀ ਚਾਹੁੰਦੇ ਹਨ ਅਤੇ ਤੁਸੀਂ ਉਨ੍ਹਾਂ ਦੀ ਆਵਾਜ਼ ਨੂੰ ਦਬਾ ਰਹੇ ਹੋ, ਇਹ ਗੱਲ ਚੰਗੀ ਨਹੀਂ। ਦੇਖੋ ਨਵੀਂ ਪ੍ਰਥਾ ਪਈ ਹੈ। (ਵਿਘਨ) ਨਵੀਂ ਪ੍ਰਥਾ ਪਈ ਹੈ, ਇਸ ਪ੍ਰਥਾ ਨੂੰ ਕਾਇਮ ਰੱਖੋ। (ਵਿਘਨ) ਉਨ੍ਹਾਂ ਦੀ ਗੱਲ ਸੁਣੋ। We have to be patient. ਕਲੇਰ ਸਾਹਿਬ ਆਏ ਹਨ ਅਤੇ ਏ.ਡੀ.ਸੀ ਰਹੇ ਹਨ, ਉਹ ਆਪਣੇ ਤਜ਼ਰਬੇ ਤੋਂ ਗੱਲ ਦੱਸ ਰਹੇ ਹਨ। ਤੁਸੀਂ ਠਰੰਮੇ ਨਾਲ ਸੁਣੋ। ਤੁਸੀਂ ਗੱਲ ਸੁਣਨ ਦਾ ਠਰੰਮ ਰੱਖੋ।

**ਸ਼੍ਰੀ ਐਸ.ਆਰ. ਕਲੇਰ:** ਮੈਂ ਚੰਗੇ ਸੁਝਾਅ ਹੀ ਦੇਵਾਂਗਾ, ਮੈਂ ਇੰਨਾ ਸਮਾਂ ਤਾਂ ਲਾਉਣਾ ਵੀ ਨਹੀਂ ਸੀ, ਜਿੰਨਾ ਤੁਸੀਂ ਰੌਲਾ ਪਾ ਦਿੱਤਾ ਹੈ। ਇਸ ਤੋਂ ਘੱਟ ਸਮੇਂ ਵਿੱਚ ਤਾਂ ਮੈਂ ਆਪਣੀ ਗੱਲ ਸਮਾਪਤ ਕਰ ਦੇਣੀ ਸੀ, ਤੁਸੀਂ ਕਿਰਪਾ ਕਰਕੇ ਬੈਠੋ ਜੀ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਹਾਊਸ ਦਾ ਸਮਾਂ ਵੇਸਟ ਕਰ ਰਹੇ ਹੋ, ਪਲੀਜ਼ ਬੈਠ ਜਾਓ।

**ਸ਼੍ਰੀ ਐਸ.ਆਰ.ਕਲੇਰ:** ਮੈਂ ਇਹ ਦੱਸਣ ਲੱਗਿਆ ਹਾਂ ਕਿ ਪਿਛਲੇ ਸਾਲ 15585 ਵਿਅਕਤੀਆਂ ਨੂੰ ਬੱਚਿਆਂ ਨੂੰ ਜਾਂ ਔਰਤਾਂ ਨੂੰ ਕੁੱਤਿਆਂ ਨੇ ਕੱਟਿਆ ਹੈ (ਵਿਘਨ) ਬੜਾ ਗੰਭੀਰ ਮਸਲਾ ਹੈ। ਮੈਂ ਸਰਕਾਰ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ:

(1) ਕਿ ਡੋਗ ਪੂਲਜ਼ ਬਣਾਏ ਜਾਣ, ਹਰ ਨਗਰ ਵਿੱਚ, ਮਿਊਂਸਿਪਲ ਕੌਂਸਲ ਦੇ ਵਿੱਚ, ਪੰਚਾਇਤ ਦੇ ਵਿੱਚ ਜਿਸ ਤਰ੍ਹਾਂ ਪਹਿਲਾਂ ਕੈਟਲ ਪੂਲਜ਼ ਬਣੇ ਹਨ, ਉਸੇ ਤਰ੍ਹਾਂ ਡੋਗਜ਼ ਪੂਲਜ਼ ਵੀ ਬਣਾਏ ਜਾਣ।

(2) ਐਨ.ਜੀ.ਓਜ਼ ਦੇ ਸੈੱਟ-ਅੱਪ ਨਾਲ ਐਸੋਸੀਏਟ ਕੀਤਾ ਜਾਵੇ। ਇਹ ਇੰਨਾ ਵੱਡਾ ਮਸਲਾ ਹੈ ਜਿਹੜਾ ਕਿ ਇਕੱਲਾ ਸਰਕਾਰ ਦੇ ਪੱਧਰ ਤੇ ਹੱਲ ਨਹੀਂ ਕੀਤਾ ਜਾ ਸਕਦਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਐਨ.ਜੀ.ਓਜ਼ ਨੂੰ ਵੀ ਨਾਲ ਐਸੋਸੀਏਟ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਐਸ.ਆਰ.ਕਲੇਰ]

(3) ਮੈਂ ਦੱਸਣਾ ਚਾਹੁੰਦਾ ਹਾਂ ਕਿ 5230 ਡੌਗਜ਼ ਇੱਕ ਸਾਲ ਵਿੱਚ ਸਟਰਲਾਈਜ਼ ਕੀਤੇ ਗਏ ਹਨ, ਇਹ ਸਫੀਸ਼ੈਂਟ ਨਹੀਂ ਹਨ। ਮੈਂ, ਸਪੀਕਰ ਸਾਹਿਬ, ਇੱਕ ਗੱਲ ਹੋਰ ਦੱਸਣੀ ਚਾਹੁੰਦਾ ਹਾਂ ਕਿ ਅਹਿਮਦਾਬਾਦ ਦੀ ਇੱਕ ਕੰਪਨੀ ਨੇ ਇੱਕ ਟੀਕਾ ਇਜ਼ਾਦ ਕੀਤਾ ਹੈ ਅਤੇ ਉਸਦੇ ਨਾਲ ਸਟਰਲਾਈਜੇਸ਼ਨ ਹੋ ਜਾਂਦੀ ਹੈ। ਕਿਉਂਕਿ ਇੱਥੇ ਬਹੁਤ ਸਾਰਿਆਂ ਨੂੰ ਪਤਾ ਹੈ ਅਤੇ ਇੱਥੇ ਕਈ ਵੈਟਰਨਰੀ ਡਾਕਟਰ ਵੀ ਬੈਠੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਸਟਰਲਾਈਜ਼ੇਸ਼ਨ ਦਾ ਜਿਹੜਾ ਉਪਰੇਸ਼ਨ ਹੈ, ਉਹ ਬਹੁਤ ਕੰਪਲੀਕੇਟਿਡ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਹ ਜਿਹੜਾ ਇਨਜੈਕਸ਼ਨ ਹੈ, ਉਹ ਪੰਜਾਬ ਸਰਕਾਰ ਖਰੀਦੇ ਅਤੇ ਉਸ ਨੂੰ ਜਿਹੜਾ ਸਾਡਾ ਨੈਸ਼ਨਲ ਐਨੀਮਲ ਬੋਰਡ ਹੈ, ਉਸਨੇ ਵੀ ਮਾਨਤਾ ਦਿੱਤੀ ਹੈ ਅਤੇ ਅਹਿਮਦਾਬਾਦ ਦੀ ਕੰਪਨੀ ਉਸ ਨੂੰ ਮੈਨੂਫੈਕਚਰ ਕਰਦੀ ਹੈ। ਸੋ, ਇਹ ਜਿਹੜਾ ਸਰਟਰਲਾਈਜ਼ੇਸ਼ਨ ਦਾ ਕੰਮ ਹੈ, ਉਹ ਇਸ ਦੇ ਨਾਲ ਜਲਦੀ ਨੇਪਰੇ ਚਾੜ ਸਕਦੇ ਹਾਂ।

ਮੈਂ ਇੰਨੀਆਂ ਬੇਨਤੀਆਂ ਕਰਦਾ ਹੋਇਆ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਜੀ।

**ਮਾਨਯੋਗ ਸਪੀਕਰ:** ਸਰਦਾਰ ਦਲਜੀਤ ਸਿੰਘ ਚੀਮਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਬਿਨਾਂ ਆਗਿਆ ਤੋਂ ਕੁਝ ਬੋਲ ਰਹੇ ਸਨ, ਜੋ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ):** ਸਪੀਕਰ ਸਾਹਿਬ, ਇਹ ਫਰੀਡਮ ਆਫ ਐਕਸਪਰੈਸ਼ਨ ਨੂੰ ਵਾਇਲੇਟ ਕਰ ਰਹੇ ਹਨ। ਇਹ ਸਾਨੂੰ ਬਾਹਰ ਵੀ ਬੋਲਣ ਨਹੀਂ ਦਿੰਦੇ ਤੇ ਅੰਦਰ ਵੀ ਬੋਲਣ ਨਹੀਂ ਦਿੰਦੇ। ਜਾਖੜ ਸਾਹਿਬ, ਤੁਸੀਂ ਹੀ ਇਨ੍ਹਾਂ ਨੂੰ ਇਸ ਗੱਲ ਤੋਂ ਰੋਕੋ। ਫਰੀਡਮ ਆਫ ਐਕਸਪਰੈਸ਼ਨ ਸਾਡਾ ਰਾਈਟ ਹੈ। ਜਾਖੜ ਸਾਹਿਬ, ਤੁਹਾਡੀ ਮੌਜੂਦਗੀ ਵਿੱਚ ਸਾਰੇ ਰਾਈਟ ਖੋਹੇ ਜਾ ਰਹੇ ਹਨ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਿਹਗੜ੍ਹ ਸਾਹਿਬ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ। ਮੇਰੇ ਬਹੁਤ ਹੀ ਕਾਬਲ ਸਾਥੀ ਹਨ, ਮਜੀਠੀਆ ਸਾਹਿਬ। ਇਨ੍ਹਾਂ ਨੇ ਕਿਹਾ ਹੈ ਕਿ ਸਦਨ ਦੇ ਸਾਡੇ ਬਹੁਤ ਹੀ

Original with;
Punjab Vidhan Sabha
Digitized by;
Panjab Digital Library

ਸਤਿਕਾਰਯੋਗ ਮੈਂਬਰਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਸਾਡੇ ਕਾਬਲ ਸਾਥੀ ਹਨ। ਮੈਂ ਇਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ ਔਰ (ਵਿਘਨ) (ਸ਼ੋਰ) ਇਨ੍ਹਾਂ ਨੂੰ ਦੱਸਣਾ ਜ਼ਰੂਰੀ ਹੈ। ਇੱਜ਼ਤ ਇਸ ਕਰਕੇ ਵੀ ਕਰਦਾ ਹਾਂ ਕਿ ਅਸੀਂ ਪੁਰਾਣੇ ਸਾਥੀ ਹਾਂ। ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਆਵਾਜ਼ ਦਬਾਉਣ ਦੀ, ਸ਼ਾਇਦ ਸਾਰਾ ਸਦਨ ਇਸ ਗੱਲ ਦਾ ਗਵਾਹ ਹੈ ਕਿ ਇਸ ਸਦਨ ਵਿੱਚ ਪਿਛਲੇ ਅੱਠ-ਨੌਂ ਦਿਨਾਂ ਵਿੱਚ ਜੇ ਕਿਸੇ ਨੇ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਹੈ ਜਾਂ ਚੁੱਪ ਕਰਵਾਉਣ ਦੀ ਆਦਤ ਪਾਈ ਹੈ ਤਾਂ ਇਹ ਇਨ੍ਹਾਂ ਮੰਤਰੀ ਸਾਹਿਬ ਨੇ ਹੀ ਪਾਈ ਹੈ। (ਵਿਘਨ) (ਸ਼ੋਰ)

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ:** ਸਪੀਕਰ ਸਾਹਿਬ, ਅਵਾਰਾ ਕੁੱਤਿਆਂ ਦਾ ਇੰਨਾ ਗੰਭੀਰ ਮੁੱਦਾ ਹੈ। ਮੇਰੇ ਆਪਣੇ ਕੋਲ ਪਾਲਤੂ ਕੁੱਤਾ ਹੈ ਤੇ ਮੈਂ ਡਰਦਾ ਮਾਰਾ ਉਸ ਨੂੰ ਘਰੋਂ ਨਹੀਂ ਕੱਢਦਾ ਕਿ ਉਹ ਕਿਸੇ ਨੂੰ ਵੱਢ ਨਾ ਲਵੇ। ਇਹ ਇੰਨਾ ਸੀਰੀਅਸ ਮੁੱਦਾ ਹੈ। ਚੀਮਾ ਸਾਹਿਬ ਬੜੀ ਸਿਆਣਪ ਨਾਲ ਬੋਲ ਰਹੇ ਹਨ ਤੇ ਤੁਸੀਂ ਪਤਾ ਨਹੀਂ ਕਿਉਂ ਪੁਰਾਣੀਆਂ ਯੂਨੀਵਰਸਿਟੀਆਂ ਦੀਆਂ ਗੱਲਾਂ ਵਿਧਾਨ ਸਭਾ ਵਿੱਚ ਕੱਢ ਰਹੇ ਹੋ। ਇਹ ਨਾ ਕੱਢੋ। ਤੁਸੀਂ ਮੇਰੇ ਤੋਂ ਉਮਰ ਵਿੱਚ ਵੀ ਵੱਡੇ ਹੋ। ਆਪਾਂ ਭਰਾ ਹਾਂ। ਜਿਹੜਾ ਰੇਜ਼ੋਲਿਊਸ਼ਨ ਲਿਆਂਦਾ ਗਿਆ ਹੈ, ਇਹ ਪੰਜਾਬ ਦੇ ਲੋਕਾਂ ਦੇ ਹਿਤਾਂ ਨਾਲ ਸਬੰਧਿਤ ਹੈ। ਮੋਫਰ ਸਾਹਿਬ ਵੀ ਚਿੰਤਿਤ ਹਨ। ਕਾਂਗਰਸ ਦੇ ਚੰਨੀ ਸਾਹਿਬ ਵੀ ਚਿੰਤਤ ਹਨ। ਸੁੱਖੀ ਰੰਧਾਵਾ ਜੀ ਵੀ ਚਿੰਤਿਤ ਹਨ। ਮੇਰੇ ਬਹੁਤ ਹੀ ਸਤਿਕਾਰਯੋਗ ਬਜ਼ੁਰਗ ਬਾਜਵਾ ਸਾਹਿਬ ਵੀ ਚਿੰਤਤ ਹਨ। ਸਾਰੇ ਚਿੰਤਾ ਵਿਅਕਤ ਕਰ ਰਹੇ ਹਨ ਪਰ ਇਹ ਹੋਰ ਗੱਲਾਂ ਹੀ ਕਰਨ ਬੈਠ ਗਏ ਹਨ। ਕਿਉਂ? ਇਹ ਕਹਿੰਦੇ ਹਨ ਕਿ ਇਹ ਉਂਗਲਾਂ ਵਿਖਾਉਂਦਾ ਹੈ ਜਾਂ ਉਂਗਲਾਂ ਤੇ ਨਚਾਉਂਦਾ ਹੈ। ਤੁਸੀਂ ਨਾ ਨੱਚੋ ਮੇਰੀਆਂ ਉਂਗਲਾਂ ਤੇ। ਤੁਸੀਂ ਸਤਿਕਾਰਯੋਗ ਹੋ। ਮੈਂ ਤੁਹਾਡੀ ਕਦਰ ਕਰਦਾ ਹਾਂ। ਤੁਸੀਂ ਜੋ ਕਹੋਗੇ, ਮੈਂ ਕਰਾਂਗਾ। ਅਸੀਂ ਪੁਰਾਣੇ ਮਿੱਤਰ ਹਾਂ। ਆਪਾਂ ਕਾਈਂਡਲੀ ਮਤੇ ਬਾਰੇ ਗੱਲ ਕਰੀਏ। ਆਪਾਂ ਇਹ ਗੱਲਾਂ ਫਿਰ ਕਰ ਲਵਾਂਗੇ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼। ਨਾਗਰਾ ਸਾਹਿਬ। (ਵਿਘਨ) (ਸ਼ੋਰ) ਮਿੱਤਲ ਸਾਹਿਬ ਇੱਕ ਮਿੰਟ, ਪਹਿਲਾਂ ਇਹ ਬੋਲ ਲੈਣ।

**ਸਰਦਾਰ ਸਾਧੂ ਸਿੰਘ:** ਸਪੀਕਰ ਸਾਹਿਬ, ਐਮ.ਐਲ.ਏਜ਼ ਦੇ ਰਾਈਟ ਦੀ ਗੱਲ ਹੈ। ਕੁੱਤਿਆਂ ਬਾਰੇ ਕਾਫੀ ਡਿਸਕਸ਼ਨ ਹੋ ਚੁੱਕੀ ਹੈ। ਕਿਰਪਾ ਕਰਕੇ ਇਸ ਮਤੇ ਨੂੰ ਪਾਸ ਕਰਕੇ ਅਗਲਾ ਮਤਾ ਲਿਆਂਦਾ ਜਾਵੇ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ:** ਮਿੱਤਲ ਜੀ, ਪਹਿਲਾਂ ਨਾਗਰਾ ਸਾਹਿਬ ਦੀ ਗੱਲ ਸੁਣ ਲੈਣ ਦਿਓ। (ਵਿਘਨ) (ਸ਼ੋਰ)

**ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸਪੀਕਰ ਸਾਹਿਬ, ਇੱਥੇ ਕਿਹਾ ਜਾ ਰਿਹਾ ਹੈ ਕਿ ਮਸਲਾ ਬੜਾ ਗੰਭੀਰ ਹੈ ਔਰ ਇਹ ਗੰਭੀਰ ਮਸਲਾ ਰੇਜ਼ ਵੀ ਇਸ ਪਾਸੋਂ ਹੋਇਆ ਹੈ। ਜੇ ਅਸੀਂ ਗੰਭੀਰ ਮਸਲੇ ਵਿੱਚ ਸ਼ਾਮਲ ਹੋ ਕੇ ਇਸ ਗੰਭੀਰ ਮਸਲੇ ਨੂੰ ਹੱਲ ਕਰਨ ਵਾਸਤੇ ਵਿਚਾਰ ਰੱਖਣਾ ਚਾਹੁੰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਵਿਚਾਰ ਨਾ ਰੱਖੋ। ਮੈਨੂੰ ਸਮਝ ਨਹੀਂ ਆਈ ਕਿ ਇਹ ਕੀ ਚਾਹੁੰਦੇ ਹਨ? (ਵਿਘਨ) (ਸ਼ੋਰ) ਸਾਨੂੰ ਬੋਲਣ ਦਿਓ। ਅਸੀਂ ਵਿੱਚ ਹਿੱਸਾ ਪਾਉਂਦੇ ਹਾਂ। ਅਸੀਂ ਤੁਹਾਡੀ ਗੰਭੀਰਤਾ ਨੂੰ ਸ਼ੇਅਰ ਕਰਦੇ ਹਾਂ.....(ਵਿਘਨ).... ਅਸੀਂ ਤੁਹਾਡੀ ਗੰਭੀਰਤਾ ਸ਼ੇਅਰ ਕਰਦੇ ਹਾਂ।

**ਸਰਦਾਰ ਜਗਮੋਹਨ ਸਿੰਘ ਕੰਗ:** ** ** **

**ਮਾਨਯੋਗ ਸਪੀਕਰ:** ਕੰਗ ਸਾਹਿਬ ਦਾ ਕੋਈ ਲਫਜ਼ ਰਿਕਾਰਡ ਨਹੀਂ ਕਰਨਾ। ਜਿਹੜਾ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਦਾ ਹੈ, ਉਹ ਰਿਕਾਰਡ ਨਾ ਹੋਵੇ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਚਲੋ ਉਸ ਗੱਲ ਦੇ ਵਿੱਚ ਵੈਸੇ ਤਾਂ ਮੈਂ ਕਹਿਣਾ ਚਾਹੁੰਦਾ ਸੀ ਪਰ ਸਾਰੇ ਮੈਂਬਰਾਂ ਦੀ ਮਰਜ਼ੀ ਹੈ ਕਿ ਨਾ ਕਿਹਾ ਜਾਵੇ।

**ਮਾਨਯੋਗ ਸਪੀਕਰ:** ਤੁਸੀਂ ਕਹਿ ਲਵੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ, ਜਿਹੜਾ ਇਹ ਮਤਾ ਆਇਆ ਹੈ, ਅਸੀਂ ਸਾਰੇ ਇਸ ਵਾਸਤੇ ਸੰਜੀਦਾ ਹਾਂ। ਅਸੀਂ ਚਾਹੁੰਦੇ ਹਾਂ ਕਿ ਇਸ ਤੇ ਸਰਕਾਰ ਸੰਜੀਦਗੀ ਨਾਲ ਕਦਮ ਚੁੱਕੇ। ਜਿਹੜਾ ਸਾਡਾ ਇੱਕ ਬਹੁਤ ਅਹਿਮ ਮਸਲਾ ਹੈ, ਉਸ ਵਾਸਤੇ ਇਸ ਮਤੇ ਨੂੰ ਪਾਸ ਕਰ ਦਿੱਤਾ ਜਾਵੇ। ਇਹ ਸਰਬਸੰਮਤੀ ਨਾਲ ਪਾਸ ਹੁੰਦਾ ਹੈ, ਆਪਾਂ ਇਹ ਗੱਲ ਕਰੀਏ।

**Revenue & Rehabilitation, Information & Public Relations, Non-Conventional Energy and NRI Affairs Minister (Sardar Bikram Singh Majithia):** Speaker sahib, Nobody can dictate terms on the floor of the House ਕਿ ਕੌਣ ਬੋਲੇ ਅਤੇ ਕੌਣ ਨਾ ਬੋਲੇ। ਜਨਾਬ ਤੁਸੀਂ ਤਾਂ ਕਰ ਸਕਦੇ ਹੋ। ਹੁਣ ਜਿਹੜਾ ਪਹਿਲੀ ਵਾਰ ਮੈਂਬਰ ਚੁਣ ਕੇ ਆਇਆ ਹੈ, ਉਹ ਦੱਸੇਗਾ ਕਿ ਕੌਣ ਬੋਲੇ, ਕੌਣ ਨਾ ਬੋਲੇ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਚੀਮਾ ਸਾਹਿਬ ਸਾਡੀ ਪਾਰਟੀ ਦੇ ਬੜੇ ਸਤਿਕਾਰਯੋਗ ਮੈਂਬਰ ਹਨ। ਉਹ ਆਪਣੇ ਇਸ ਦੇ ਬਾਰੇ ਵਿਊ ਦੱਸਣਾ ਚਾਹੁੰਦੇ ਹਨ। ਇਹ ਕੀ ਤਰੀਕਾ ਪਾਸ ਕਰੋ, ਪਾਸ ਕਰੋ। ਮੈਂਬਰਾਂ ਦਾ ਹੱਕ ਹੈ ਜੀ। ਉਨ੍ਹਾਂ ਨੂੰ ਬੋਲਣ ਦਾ ਹੱਕ ਤਾਂ ਦਿੱਤਾ ਜਾਵੇ। ਉਨ੍ਹਾਂ ਦੀ ਗੱਲ ਸੁਣ ਲਵੋ, ਗੱਲ ਸੁਣ ਕੇ ਫਿਰ ਪਾਸ ਕਰ ਲਵੋ। ਅਸੀਂ ਤਾਂ ਚਾਹੁੰਦੇ ਹਾਂ ਕਿ ਪਾਸ ਕਰ ਲਵੋ ਪਰ ਗੱਲ ਤਾਂ ਸੁਣ ਲਵੋ।

**ਸਰਦਾਰ ਮਹੇਸ਼ਇੰਦਰ ਸਿੰਘ:** ਸਪੀਕਰ ਸਾਹਿਬ, ਪੰਜਾਬੀ ਦੇ ਸੂਫੀ ਕਵੀ ਬੁੱਲ੍ਹੇ ਸ਼ਾਹ ਹੋਏ ਹਨ। ਉਨ੍ਹਾਂ ਨੇ ਵੀ ਕੁੱਤਿਆਂ ਦੀ ਬਹੁਤ ਗੱਲ ਕੀਤੀ ਹੈ। ਪਤਾ ਨਹੀਂ ਸਾਡੇ ਇਹ ਬੰਦੇ ਕਿਉਂ ਭੱਜੇ ਜਾਂਦੇ ਹਨ। ਜੇਕਰ ਕੋਈ ਨਵਾਂ ਮੈਂਬਰ ਬੋਲਦਾ ਹੈ, ਚੀਮਾ ਸਾਹਿਬ ਵਰਗਾ ਕੋਈ ਸੱਜਣ ਬੋਲਦਾ ਹੈ ਤਾਂ ਕੋਈ ਨਵੀਂ ਗੱਲ ਆ ਸਕਦੀ ਹੈ, ਕੋਈ ਸਿਆਣੀ ਗੱਲ ਆ ਸਕਦੀ ਹੈ, ਤੁਸੀਂ ਸੁਣ ਤਾਂ ਲਵੋ। ਤੁਹਾਡੇ ਵਾਲੇ ਬਿਲ ਤੇ ਹੋਰ ਘੰਟਾ ਬਹਿ ਲਵਾਂਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ** ** ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਆਪਣਾ ਟਾਈਮ ਵੇਸਟ ਨਾ ਕਰੋ।

**ਡਾਕਟਰ ਦਲਜੀਤ ਸਿੰਘ ਚੀਮਾ (ਰੂਪਨਗਰ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ .........(ਵਿਘਨ)

**ਮਾਨਯੋਗ ਸਪੀਕਰ:** ਸਿਰਫ ਚੀਮਾ ਸਾਹਿਬ ਦੀ ਸਪੀਚ ਰਿਕਾਰਡ ਕਰਨੀ ਹੈ, ਬਾਕੀ ਜੋ ਜੋ ਬੋਲ ਰਹੇ ਹਨ, ਉਹ ਰਿਕਾਰਡ ਨਹੀਂ ਕਰਨਾ।

**ਡਾਕਟਰ ਦਲਜੀਤ ਸਿੰਘ ਚੀਮਾ:** ਸਾਡੇ ਮਾਨਯੋਗ ਇਸ ਹਾਊਸ ਦੇ ਜਿਹੜੇ ਸੀਨੀਅਰ ਮੈਂਬਰ, ਸਰਦਾਰ ਅਜੀਤ ਇੰਦਰ ਸਿੰਘ ਮੋਫਰ ਸਾਹਿਬ ਹਨ, ਉਨ੍ਹਾਂ ਨੇ ਇੱਕ ਬਹੁਤ ਹੀ ਅਹਿਮ ਮੁੱਦਾ ਇਸ ਹਾਊਸ ਦੇ ਵਿੱਚ ਲਿਆਂਦਾ ਹੈ। ਉਸ ਦੇ ਸਬੰਧ ਵਿੱਚ ਮੈਂ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਮੁੱਦਾ ਤਾਂ ਬਹੁਤ ਗੰਭੀਰ ਹੈ। ਮਤੇ ਇਸ ਹਾਊਸ ਵਿੱਚ ਪਹਿਲਾਂ ਵੀ ਬਹੁਤ ਆਏ ਹਨ ਲੇਕਿਨ ਮੈਂ ਮਹਿਸੂਸ ਕਰਦਾ ਹਾਂ, ਮੈਨੂੰ ਬੜਾ ਅਫਸੋਸ ਹੈ ਕਿ ਜਿੰਨੀ ** ** ਅਸੀਂ ਇਸ ਮਤੇ ਦੀ ਕੀਤੀ ਹੈ ...(ਹਾਸਾ).... ਪਹਿਲਾਂ ਇਸ ਮਤੇ ਨੂੰ ਹਾਊਸ ਵਿੱਚ......

**ਮਾਨਯੋਗ ਸਪੀਕਰ:** ਇਹ ** ** ਲਫਜ਼ ਐਕਸਪੰਜ ਕਰ ਦੇਣਾ।

** Not Recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

**ਡਾਕਟਰ ਦਲਜੀਤ ਸਿੰਘ ਚੀਮਾ:** ਇਹ ਸੋਚ ਕੇ ਕਿ ਇਹ ਸਮੱਸਿਆ ਬਹੁਤ ਗੰਭੀਰ ਹੈ, ਇਹ ਮਤਾ ਹਾਊਸ ਵਿੱਚ ਪੇਸ਼ ਕੀਤਾ ਗਿਆ ਹੈ। ਮਤਾ ਹਾਊਸ ਵਿੱਚ ਪਾਸ ਕੀਤਾ ਔਰ ਇਹ ਕਹਿਣ ਕਿ ਸਮੱਸਿਆ ਬਹੁਤ ਗੰਭੀਰ ਹੈ, ਹਾਊਸ ਬਿਨਾਂ ਦੇਰੀ ਤੋਂ ਪਾਸ ਕਰ ਦੇਵੇ। ਮੈਨੂੰ ਇਹ ਗੱਲ ਕਹਿੰਦੇ ਨੂੰ ਬੜੀ ਸ਼ਰਮ ਆਉਂਦੀ ਹੈ ਕਿ ਆਪਾਂ ਇਉਂ ਸੋਚ ਲਿਆ ਕਿ ਇਹ ਹਾਊਸ ਜਿਸ ਨੇ ਪਾਲਿਸੀ ਬਣਾਉਣ ਵਾਸਤੇ ਡਾਇਰੈਕਸ਼ਨ ਦੇਣੀ ਹੈ, ਇਹ ਹਾਊਸ ਪਾਸ ਕਰ ਦੇਵੇ ਅਤੇ ਬਾਅਦ ਵਿੱਚ ਕੁੱਤੇ ਆਪੇ ਹੀ ਆਰਡਰ ਬਣਾ ਕੇ ਸਿਊ-ਸਾਈਡ ਕਰ ਲੈਣਗੇ। ...(ਹਾਸਾ).. ਜਿੰਨਾ ਮੁੱਦਾ ਇਹ ਗੰਭੀਰ ਹੈ, ਸ਼ਾਇਦ ਦੁਨੀਆਂ ਦੇ ਵਿੱਚ ਇਸ ਤੋਂ ਵੱਧ ਮਸਲਾ ਕੋਈ ਗੰਭੀਰ ਨਹੀਂ ਹੋ ਸਕਦਾ। ਮੈਂ ਡਾਕਟਰ ਹਾਂ, ਇਸ ਕਰਕੇ ਕਹਿ ਰਿਹਾ ਹਾਂ। (ਆਵਾਜ਼ : ਕਾਹਦੇ ਡਾਕਟਰ ਹੋ ਜੀ।) ਹੁਣ ਕਾਹਦਾ ਡਾਕਟਰ ਰਹਿ ਗਿਆ ਜਦੋਂ ਦਾ ਤੁਹਾਡੇ ਨਾਲ ਤੁਰ ਪਿਆ ਹਾਂ। ਦੁਨੀਆਂ ਦੀਆਂ ਕੁਝ ਬਿਮਾਰੀਆਂ ਬਹੁਤ ਗੰਭੀਰ ਹਨ ਲੇਕਿਨ, ਸਪੀਕਰ ਸਾਹਿਬ, ਦੁਨੀਆਂ ਦੇ ਵਿੱਚ ਇੱਕੋ ਇੱਕ ਬਿਮਾਰੀ ਹੈ, ਜਿਸ ਦਾ ਹਾਲੇ ਤੱਕ ਸਾਇੰਸ ਇਲਾਜ਼ ਨਹੀਂ ਲੱਭ ਸਕੀ ਔਰ ਦੁਨੀਆਂ ਦੇ ਵਿੱਚ ਇੱਕੋ ਇੱਕ ਬਿਮਾਰੀ ਹੈ ਜਿਹੜੀ 100 ਪ੍ਰਤੀਸ਼ਤ Fatal ਹੈ। ਉਹ ਬਿਮਾਰੀ ਹੈ Rabies ਜਿਹੜੀ ਇਹ ਅਵਾਰਾ ਕੁੱਤਿਆਂ ਦੀ ਸਮੱਸਿਆ ਹੈ, ਇਹ ਉਸ ਤੋਂ ਪੈਦਾ ਹੁੰਦੀ ਹੈ। ਸੋ, ਇਹ ਜਿਹੜੀ ਸਮੱਸਿਆ ਹੈ, ਇਹ ਇਕੱਲੀ ਸਾਡੇ ਸੂਬੇ ਦੀ ਸਮੱਸਿਆ ਨਹੀਂ ਹੈ। ਇਹ ਇਕੱਲੀ ਸਾਡੇ ਦੇਸ਼ ਦੀ ਸਮੱਸਿਆ ਨਹੀਂ ਹੈ।

ਇਹ ਸਾਰੀ ਦੁਨੀਆਂ ਦੀ ਇਸ ਵੇਲੇ ਬਹੁਤ ਵੱਡੀ ਸਮੱਸਿਆ ਹੈ ਕਿਉਂਕਿ ਉਹ ਬਿਮਾਰੀ ਜਿਹੜੀ 100 ਪ੍ਰਤੀਸ਼ਤ ਫੈਟਲ ਹੈ, ਜਿਹੜੀ ਇੱਕ ਵਾਰੀ ਕਿਸੇ ਨੂੰ ਹੋ ਗਈ ਉਸ ਦਾ ਇਲਾਜ ਨਹੀਂ ਹੈ ਔਰ ਇਸ ਦੇ ਵਿੱਚ ਮੌਤ ਇੰਨੇ ਦਰਦਨਾਕ ਤਰੀਕੇ ਦੇ ਨਾਲ ਹੁੰਦੀ ਹੈ ਕਿ ਡਾਕਟਰ ਵੀ ਉਸ ਮਰੀਜ਼ ਦੇ ਨੇੜੇ ਜਾਣ ਤੋਂ ਕਤਰਾਉਂਦਾ ਹੈ, ਘਰ ਵਾਲੇ ਵੀ ਉਸ ਮਰੀਜ਼ ਦੇ ਕੋਲ ਖੜ੍ਹਨੇ ਤੋਂ ਕਤਰਾਉਂਦੇ ਹਨ ਔਰ ਹਸਪਤਾਲ ਦਾ ਜਿਹੜਾ ਪੈਰਾ ਮੈਡੀਕਲ ਸਟਾਫ ਹੁੰਦਾ ਹੈ, ਉਹ ਵੀ ਉਸ ਕਮਰੇ ਦੇ ਵਿੱਚ ਜਾਣ ਨੂੰ ਤਿਆਰ ਨਹੀਂ ਹੁੰਦਾ, ਜਿਸ ਕਮਰੇ ਦੇ ਵਿੱਚ ਹਲਕਾਅ ਦਾ ਮਰੀਜ਼ ਦਾਖਲ ਕੀਤਾ ਹੁੰਦਾ ਹੈ। ਸਾਰੇ ਰਿਸ਼ਤੇਦਾਰ, ਹਸਪਤਾਲ ਦਾ ਸਾਰਾ ਸਟਾਫ਼ ਅਤੇ ਸਾਰੇ ਡਾਕਟਰ ਇਹ ਅਰਦਾਸ ਕਰ ਰਹੇ ਹੁੰਦੇ ਹਨ ਕਿ ਜਿੰਨੀ ਛੇਤੀ ਇਸ ਮਰੀਜ਼ ਨੂੰ ਮੁਕਤੀ ਮਿਲ ਜਾਵੇ ਉਤਨੀ ਚੰਗੀ ਹੈ। ਸੋ, ਆਪਾਂ ਉਸ ਬਿਮਾਰੀ ਦੇ ਰੋਕਥਾਮ ਅਤੇ ਉਸ ਦੇ ਇਲਾਜ ਵਾਸਤੇ ਇਸ ਹਾਊਸ ਦੇ ਵਿੱਚ ਵਿਚਾਰ ਕਰਨ ਵਾਸਤੇ ਇਕੱਠੇ ਹੋਏ ਹਾਂ। ਬਾਕੀ ਲਗਭਗ ਸਾਰੇ ਮੈਂਬਰ ਮੇਰੇ ਤੋਂ ਸੀਨੀਅਰ ਹਨ। ਉਨ੍ਹਾਂ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਹਾਊਸ ਦਾ ਸੀਰੀਅਸ

Original with;
Punjab Vidhan Sabha
Digitized by;
Panjab Digital Library

ਮਸਲਾ ਹੈ। ਆਪਾਂ ਨੂੰ ਇਹ ਕਾਹਲੀ ਹੈ ਕਿ ਇਸ ਤੋਂ ਬਾਅਦ ਐਮ.ਐਲ.ਏਜ਼ ਦੀਆਂ ਗ੍ਰਾਂਟਾ ਦਾ ਮਸਲਾ ਹੈ। ਆਪਾਂ ਨੂੰ ਉਸ ਮਸਲੇ ਦੀ ਕਾਹਲੀ ਹੈ ਕਿ ਸਾਡੀ ਟੌਹਰ ਬਣੇ, ਆਪਾਂ ਚੈੱਕ ਵੰਡੀਏ। ਲੇਕਿਨ ਜਿਸ ਮਸਲੇ ਵਾਸਤੇ ਆਪਾਂ ਨੂੰ ਲੋਕਾਂ ਨੇ ਚੁਣਿਆ ਹੈ, ਚੰਗੀ ਪਾਲਿਸੀ ਆਪਾਂ ਨੇ ਸਟੇਟ ਵਾਸਤੇ ਬਣਾਉਣੀ ਹੈ, ਆਪਾਂ ਉਸ ਤੋਂ ਭੱਜ ਰਹੇ ਹਾਂ। ਮੈਂ ਸਮਝਦਾ ਹਾਂ ਕਿ ਇਸ ਤੋਂ ਮਾੜੀ ਗੱਲ.....

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਹਾਂ ਜੀ, ਚੰਨੀ ਜੀ। ਚੀਮਾ ਜੀ, ਤੁਸੀਂ ਬੈਠੋ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਦਾਰ ਦਲਜੀਤ ਸਿੰਘ ਚੀਮਾ ਜੀ ਬੜੇ ਸਿਆਣੇ ਲੀਡਰ ਹਨ, ਇਨ੍ਹਾਂ ਨੂੰ ਐਮ.ਐਲ.ਏਜ਼ ਦੇ ਪ੍ਰਤੀ ਇਸ ਤਰ੍ਹਾਂ ਦੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ। (ਵਿਘਨ) ਸਪੀਕਰ ਸਾਹਿਬ, ਮੈਨੂੰ ਪੂਰੀ ਗੱਲ ਕਰ ਲੈਣ ਦਿਉ ਜੀ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਅਗਲਾ ਮਤਾ ਹੈ, ਉਹ ਐਮ.ਐਲ.ਏਜ਼ ਦੀ ਟੌਹਰ ਦੇ ਬਾਰੇ ਨਹੀਂ, ਉਹ ਪੰਜਾਬ ਦੀਆਂ ਜਿੰਨੀਆਂ ਵੀ ਸੋਸ਼ਲ ਸਰਵਿਸ ਕਰਨ ਵਾਲੀਆਂ ਸੰਸਥਾਵਾਂ ਹਨ, ਪੰਜਾਬ ਦੇ ਨੌਜਵਾਨ ਕਲੱਬ ਹਨ, ਪੰਜਾਬ ਦੇ ਜਿੰਨੇ ਲੋਕ ਜਿਹੜੇ ਕਿ ਪੰਜਾਬ ਦੀ ਭਲਾਈ ਵਾਸਤੇ ਕੰਮ ਕਰਦੇ ਹਨ ਜਦੋਂ ਉਹ ਐਮ.ਐਲ.ਏ. ਨੂੰ ਬੁਲਾਉਂਦੇ ਹਨ ਤਾਂ ਉਹ ਚਾਹੁੰਦੇ ਹਨ ਕਿ ਸਰਕਾਰ ਵੱਲੋਂ, ਐਮ.ਐਲ.ਏ. ਕੁਝ ਦੇਵੇ ਜਾਂ ਅਨਾਊਂਸ ਕਰੇ, ਜਿਸ ਦੇ ਨਾਲ ਸੋਸ਼ਲ ਸਰਵਿਸ ਹੋ ਸਕੇ। ਇਹ ਉਨ੍ਹਾਂ ਦਾ ਮਸਲਾ ਹੈ, ਐਮ.ਐਲ.ਏਜ਼ ਦਾ ਮਸਲਾ ਨਹੀਂ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਚੀਮਾ ਸਾਹਿਬ ਨੇ ਅਲਫਾਜ਼ ਬੋਲੇ ਹਨ, ਉਹ ਵਾਪਸ ਲੈਣ।

**Mr. Speaker:** Nothing is unparliamentary.

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਮੇਰੀ ਗੱਲ ਪੂਰੀ ਹੋ ਲੈਣ ਦਿਉ ਜੀ। ਇਹ ਜਿਹੜਾ ਮਤਾ ਚਲ ਰਿਹਾ ਹੈ, ਇਸ ਮੁੱਦੇ ਉੱਤੇ ਬਹਿਸ ਹੋਰ ਲੰਮੀ ਕਰਨ ਦਾ ਇਕੋ ਇੱਕ ਮਕਸਦ ਹੈ ਕਿ ਅਗਲਾ ਜਿਹੜਾ ਮੁੱਦਾ ਹੈ ਉਸ ਨੂੰ ਟਾਕ ਆਊਟ ਕੀਤਾ ਜਾਵੇ। ਸੋ, ਚੀਮਾ ਸਾਹਿਬ ਨੂੰ ਆਪਣੇ ਅਲਫਾਜ਼ ਵਾਪਸ ਲੈਣੇ ਚਾਹੀਦੇ ਹਨ।

**Mr. Speaker:** Nothing is unparliamentary. Please sit down. ਇਹ ਅਨਪਾਰਲੀਮੈਂਟਰੀ ਲਫਜ਼ ਨਹੀਂ ਹਨ, ਕੋਈ ਐਕਸਪੰਜ ਕਰਨ ਦੀ ਲੋੜ ਨਹੀਂ ਹੈ। ਹਾਂ ਜੀ, ਚੀਮਾ ਸਾਹਿਬ ਜੀ।

Original with;
Punjab Vidhan Sabha
Digitized by;
Panjab Digital Library

**ਡਾਕਟਰ ਦਲਜੀਤ ਸਿੰਘ ਚੀਮਾ:** ਮਾਨਯੋਗ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਵੀ ਚਿੰਤਾ ਹੈ ਕਿ ਇਹ ਜਿਹੜੀ ਸਮੱਸਿਆ ਹੈ, ਇਹ ਭਾਵੇਂ ਸਾਰੇ ਦੇਸ਼ ਦੇ ਵਿੱਚ, ਸਾਰੀ ਦੁਨੀਆਂ ਦੇ ਵਿੱਚ ਤਾਂ ਬਹੁਤ ਗੰਭੀਰ ਹੈ ਲੇਕਿਨ ਕਿਸੇ ਵੀ ਸਮੱਸਿਆ ਨੂੰ ਟੈਕਲ ਕਰਨ ਵਾਸਤੇ ਸਭ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਉਨ੍ਹਾਂ ਦੇ ਸਾਡੇ ਕੋਲ ਅੰਕੜੇ ਜ਼ਰੂਰ ਹੋਣ। ਜਿਸ ਸਮੱਸਿਆ ਦੀ ਆਪਾਂ ਗੱਲ ਕਰ ਰਹੇ ਹਾਂ ਉਨ੍ਹਾਂ ਸਬੰਧੀ ਅਥੈਂਟੀਕੇਟਿਡ ਅੰਕੜੇ ਸਾਡੇ ਕੋਲ ਕੀ ਹਨ। ਜਿਹੜਾ ਅਨੁਮਾਨ ਹੈ, ਉਸ ਦੇ ਮੁਤਾਬਿਕ ਤਕਰੀਬਨ 2 ਕੋਰੜ 80 ਲੱਖ ਆਪਾਂ ਅੰਦਾਜ਼ਾ ਲਗਾਉਂਦੇ ਹਾਂ ਕਿ ਜਿਹੜੇ ਅਵਾਰਾ ਕੁੱਤੇ ਹਨ, ਉਹ ਸਾਡੇ ਹਿੰਦੁਸਤਾਨ ਦੇ ਵਿੱਚ ਮੌਜੂਦ ਹਨ। ਜਿਹੜੀ ਵਰਲਡ ਹੈਲਥ ਆਰਗੇਨਾਈਜੇਸ਼ਨ ਹੈ, ਉਸ ਦੀ ਰਿਪੋਰਟ ਦੇ ਮੁਤਾਬਿਕ 55000 ਦੀ ਗਿਣਤੀ ਦੇ ਵਿੱਚ ਰੇਬੀਜ਼ ਦੇ ਕੇਸ ਜਿਹੜੇ ਹਨ, ਇਹ ਸਾਰੇ ਵਰਲਡ ਦੇ ਵਿੱਚ ਹਰ ਸਾਲ ਹੁੰਦੇ ਹਨ। ਇਸ ਦਾ ਮਤਲਬ ਹੈ ਕਿ 55000 ਮੌਤਾਂ ਇਸ ਬਿਮਾਰੀ ਦੇ ਕਾਰਨ ਹੁੰਦੀਆਂ ਹਨ ਕਿਉਂਕਿ ਇਹ 100 ਪ੍ਰਤੀਸ਼ਤ ਫੇਟਲ ਹੈ। ਜਿੰਨੇ ਪੂਰੀ ਦੁਨੀਆਂ ਦੇ ਵਿੱਚ ਕੇਸ ਹੁੰਦੇ ਹਨ, ਉਸ ਤੋਂ ਅੱਧੇ ਤਕਰੀਬਨ ਜਿਹੜੇ ਕੇਸ ਹਨ, ਉਹ ਸਾਡੇ ਹਿੰਦੁਸਤਾਨ ਦੇ ਵਿੱਚ ਹੁੰਦੇ ਹਨ ਔਰ ਇਨ੍ਹਾਂ ਕੇਸਾਂ ਦੇ ਵਿੱਚੋਂ 99 ਪ੍ਰਤੀਸ਼ਤ ਕੇਸਿਜ਼ ਸਿਰਫ ਆਵਾਰਾ, ਹਲਕਾਅ ਵਾਲੇ ਕੁੱਤਿਆਂ ਦੇ ਕਾਰਨ ਹੁੰਦੇ ਹਨ। ਸਿਰਫ 1% ਕੇਸ ਹੋਰ ਜਾਨਵਰਾਂ ਵਾਲੇ ਹੁੰਦੇ ਹਨ। ਇਸ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ 40% Infect ਹੋਣ ਵਾਲੇ 15 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਹੁੰਦੇ ਹਨ ਕਿਉਂਕਿ ਅਕਸਰ ਸ਼ਾਮ ਨੂੰ ਜਾਂ ਕਿਸੇ ਵੇਲੇ ਵੀ ਜ਼ਿਆਦਾਤਰ ਸ਼ਿਕਾਰ ਹੋਣ ਵਾਲੇ ਬੱਚੇ ਹੁੰਦੇ ਹਨ। 15 ਸਾਲ ਤੋਂ ਘੱਟ ਉਮਰ ਦੇ 40 ਬੱਚਿਆਂ ਦਾ ਇਸ ਬਿਮਾਰੀ ਨਾਲ ਮਰਨਾ ਮੈਂ ਸਮਝਦਾ ਹਾਂ ਕਿ ਸਾਡੇ ਵਾਸਤੇ ਬਹੁਤ ਜ਼ਿਆਦਾ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਇਹ ਜਿਹੜੇ ਡਾਗ ਬਾਈਟ ਦੇ ਕੇਸ ਹਨ, ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਮੁਤਾਬਿਕ ਸਾਰੀ ਦੁਨੀਆ ਵਿੱਚ ਡੇਢ ਕਰੋੜ ਲੋਕ ਅਜਿਹੇ ਕੁੱਤਿਆਂ ਦੇ ਕੱਟਣ ਕਰਕੇ ਐਂਟੀ ਰੇਬੀਜ਼ ਵੈਕਸੀਨ ਲਗਵਾਉਂਦੇ ਹਨ। ਜੋ ਇਸ ਗੱਲ ਦਾ ਸੰਕੇਤ ਹੈ ਕਿ ਇਹ ਬਿਮਾਰੀ ਸਾਰੀ ਦੁਨੀਆਂ ਵਿੱਚ ਚਿੰਤਾ ਦਾ ਵਿਸ਼ਾ ਹੈ ਅਤੇ ਸਾਡੇ ਦੇਸ਼ ਵਿੱਚ ਇਹ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਗੌਰਮਿੰਟ ਆਫ਼ ਇੰਡੀਆ ਦਾ 1960 ਦਾ prevention of Cruetly to Animals Act ਬਣਿਆ ਸੀ। ਉਸ ਤਹਿਤ 2001 ਵਿੱਚ ਐਨੀਮਲ ਬਰਥ ਕੰਟਰੋਲ ਬਾਰੇ ਰੂਲ ਬਣਾਏ ਗਏ ਸੀ। ਸਾਡੇ ਪਹਿਲਾਂ ਇਹ ਪ੍ਰਥਾ ਚਲਦੀ ਸੀ ਕਿ ਜਿਹੜੇ ਅਵਾਰਾ ਕੁੱਤੇ ਹਨ, ਉਨ੍ਹਾਂ ਨੂੰ ਦਵਾਈ ਦੇ ਕੇ ਮਾਰ ਦਿੱਤਾ ਜਾਂਦਾ ਸੀ। ਪਰ ਵਾਈਲਡ ਲਾਈਫ਼ ਐਕਟੀਵਿਸਟਸ ਅਤੇ ਹੋਰ ਅਜਿਹੀਆਂ ਜੱਥੇਬੰਦੀਆਂ ਨੇ

Original with;
Punjab Vidhan Sabha
Digitized by;
Panjab Digital Library

ਇਸ ਗੱਲ ਦਾ ਨੋਟਿਸ ਲਿਆ ਅਤੇ ਇਹ ਫੈਸਲਾ ਹੋਇਆ ਕਿ ਕੁੱਤੇ ਨੂੰ ਮਾਰਿਆ ਨਹੀਂ ਜਾ ਸਕਦਾ। ਇਸ ਵਾਸਤੇ ਰੂਲ ਬਣਾਏ ਗਏ। ਜਿਸ ਮੁਤਾਬਿਕ ਕੁੱਤੇ ਦੀ ਸਟਰਲਾਈਜ਼ੇਸ਼ਨ ਕੀਤੀ ਜਾਣੀ ਚਾਹੀਦੀ ਹੈ। ਸਾਨੂੰ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਜਿਹੜੀਆਂ ਆਥੈਂਟਿਕ ਰਿਪੋਰਟਸ ਹਨ, ਚਾਹੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀਆਂ ਰਿਪੋਰਟਸ ਹਨ ਜਾਂ ਐਨੀਮਲ ਸੰਸਥਾਵਾਂ ਦੀਆਂ ਰਿਪੋਰਟਸ ਹਨ ਕਿ ਬਹੁਤ ਜ਼ਿਆਦਾ ਥਾਵਾਂ ਤੇ ਕੁੱਤੇ ਵੱਡੀ ਗਿਣਤੀ ਵਿੱਚ ਮਾਰੇ ਵੀ ਗਏ ਹਨ ਪਰ ਇਸ ਦੀ ਰੀਪ੍ਰੋਡਕਸ਼ਨ ਇੰਨੀ ਫਾਸਟ ਹੈ ਕਿ ਇਹ ਸਮੱਸਿਆ ਖ਼ਤਮ ਨਹੀਂ ਹੋਈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਐਕਸਪਰਟ ਕਮੇਟੀ ਦੀ ਜਨੇਵਾ ਵਿੱਚ ਹੋਈ ਮੀਟਿੰਗ ਵਿੱਚ ਇਹ ਰਿਪੋਰਟ ਦਿੱਤੀ ਗਈ ਜੋ ਮੈਂ ਕੋਟ ਕਰਨ ਲੱਗਿਆ ਹਾਂ-

"There is no evidence that the removal of dogs has ever had any significant impact on the dog population and the spread of rabies." ਸਾਡੇ ਸਮਾਜ ਵਿੱਚ ਇੱਕ ਧਾਰਨਾ ਹੈ, ਜਦੋਂ ਪਬਲਿਕ ਵੀ ਸਾਨੂੰ ਕੰਪਲੇਂਟ ਕਰਦੀ ਹੈ, ਲੋਕ ਵੀ ਕਹਿੰਦੇ ਹਨ ਤੇ ਆਪਾਂ ਵੀ ਇਹੀ ਸੁਝਾਅ ਦਿੰਦੇ ਹਾਂ ਕਿ ਪਹਿਲਾਂ ਵੀ ਵਧੀਆਂ ਸੀ ਇਹ ਇੱਕੋ ਵਾਰ ਮਾਰ ਦੇਣੇ ਚਾਹੀਦੇ ਹਨ ਪਰ ਜਿਹੜੀਆਂ ਰਿਸਰਚ ਰਿਪੋਰਟਸ ਹਨ, ਉਹ ਦੱਸਦੀਆਂ ਹਨ ਕਿ ਜਿੱਥੇ ਕਿਤੇ ਵੀ ਇਹ ਚੀਜ਼ ਅਪਣਾਈ ਗਈ ਹੈ, ਉਹ ਕਾਮਯਾਬ ਨਹੀਂ ਹੋ ਸਕੀ। "The population turn of dogs may be so high that even the highest recorded removal rates i.e 15% of dogs population are easily compensated by survival rate." ਜਿੱਥੇ ਕੋਸ਼ਿਸ਼ ਕੀਤੀ ਗਈ, ਉਹ ਅਸਫ਼ਲ ਹੋਈ ਹੈ। 15% ਮਾਰ ਕੇ ਵੀ ਦੇਖ ਲਏ ਪਰ ਇਨ੍ਹਾਂ ਦੀ ਅਬਾਦੀ ਤੇ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਇਨ੍ਹਾਂ ਦੀ ਰੀਪ੍ਰੋਡਕਸ਼ਨ ਬਹੁਤ ਫਾਸਟ ਹੈ। ਇਸੇ ਤਰ੍ਹਾਂ ਇੱਕ ਰਿਸਰਚ ਜਨਰਲ ਵਿੱਚ ਇਸੇ ਵਿਸ਼ੇ ਦੇ ਮਾਹਿਰ ਡਾ. ਜੇ.ਐਫ. ਰੀਸ ਨੇ ਸਾਲ 2005 ਵਿੱਚ state of animals ਵਿੱਚ ਲਿਖਿਆ ਹੈ- Dogs and Dog control in developing countries. ਦਿੱਲੀ ਵਿੱਚ ਵੀ ਇਸ ਬਾਰੇ ਪਹਿਲਾਂ ਕੋਸ਼ਿਸ਼ ਕੀਤੀ ਗਈ ਸੀ ਅਤੇ ਵੱਡੀ ਗਿਣਤੀ ਵਿੱਚ ਅਵਾਰਾ ਕੁੱਤੇ ਮਾਰੇ ਗਏ ਸਨ। "In Delhi, a concerted effort on dog removal killed 1/3 of the stray dogs and no reduction of dog population." ਇਹ ਕੋਈ ਛੋਟਾ ਕੰਮ ਨਹੀਂ ਹੈ, ਇੰਨੀ ਵੱਡੀ ਗਿਣਤੀ ਵਿੱਚ ਕੁੱਤੇ ਮਾਰਨਾ ਬਹੁਤ ਵੱਡਾ ਕੰਮ ਹੈ ਪਰ ਕੁਝ ਦੇਰ ਬਾਅਦ ਕੁੱਤਿਆਂ ਦੀ ਪਾਪੂਲੇਸ਼ਨ ਫੇਰ ਉਤਨੀ ਹੀ ਹੋ ਗਈ। ਇਸ ਕਰਕੇ ਜਿਹੜਾ ਸਿਸਟਮ ਹੁਣ ਤੱਕ ਰਿਕੁਮੈਂਡ ਕੀਤਾ ਗਿਆ ਹੈ,

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਜੀਤ ਸਿੰਘ ਚੀਮਾ]

ਉਹ ਇਹ ਹੈ ਕਿ ਸਟਰੇਅ ਡਾਗ ਦੀ ਸਟਰਲਾਈਜ਼ੇਸ਼ਨ ਬਹੁਤ ਜ਼ਰੂਰੀ ਹੈ। ਦੂਸਰਾ ਵੱਡਾ ਕੰਮ ਇਹ ਹੈ ਕਿ ਚਾਹੇ ਕੋਈ ਕੁੱਤਾ ਪਾਲਤੂ ਹੈ ਜਾਂ ਸਟਰੇਅ ਹੈ, ਉਸ ਦੀ ਵੈਕਸੀਨੇਸ਼ਨ ਕਰਨੀ ਬਹੁਤ ਜ਼ਰੂਰੀ ਹੈ।

ਇਸ ਵਾਸਤੇ ਕੁੱਤੇ ਦਾ ਜਿਹੜਾ ਸੁਭਾਅ ਹੈ, ਉਸ ਨੂੰ ਸਮਝਣ ਦੀ ਵੀ ਬਹੁਤ ਜ਼ਰੂਰਤ ਹੈ। ਉਹ ਇਸ ਕੰਮ ਵਾਸਤੇ ਹੈਲਪ ਕਰਦਾ ਹੈ ਕਿ ਇਸ ਦੀ ਨੇਚਰ ਟੈਰੀਟੋਰੀਅਲ ਹੈ। ਆਪਾਂ ਸਮਾਜ ਵਿੱਚ ਤੁਰਦਿਆਂ ਫਿਰਦਿਆਂ ਅਕਸਰ ਵੇਖਦੇ ਹਾਂ ਕਿ ਅਵਾਰਾ ਕੁੱਤਿਆਂ ਦਾ ਪੱਕਾ ਹੀ ਇੱਕ ਝੁੰਡ ਹੁੰਦਾ ਹੈ ਅਤੇ ਉਹ ਆਪਣੇ ਏਰੀਏ ਵਿੱਚ ਹੋਰ ਕੋਈ ਕੁੱਤਾ ਵੜਨ ਵੀ ਨਹੀਂ ਦਿੰਦੇ। ਇਸ ਦਾ ਫਾਇਦਾ ਜਿਹੜੀਆਂ ਐਨ.ਜੀ.ਓਜ਼. ਸਟਰਲਾਈਜੇਸ਼ਨ ਕਰਦੀਆਂ ਹਨ, ਉਹ ਲੈਂਦੀਆਂ ਹਨ। ਇਹ ਗੱਲ ਉਨ੍ਹਾਂ ਵਾਸਤੇ ਫਾਇਦੇਮੰਦ ਹੈ। ਕਿਉਂਕਿ ਜਿਹੜੇ ਐਨੀਮਲ ਬਰਥ ਕੰਟਰੋਲ ਦੇ ਰੂਲਜ਼ ਹਨ, ਜਿਹੜਾ ਇਸ ਦੇਸ਼ ਦਾ ਕਾਨੂੰਨ ਹੈ, ਉਸ ਦੇ ਵਿੱਚ ਸਪੈਸੀਫਾਈਡ ਹੈ ਕਿ ਜੇ ਤੁਸੀਂ ਕਿਸੇ ਲੋਕੈਲਟੀ ਦੇ ਵਿੱਚੋਂ ਕੁੱਤਾ ਲੈ ਕੇ ਜਾਣਾ ਹੈ ਤਾਂ ਉਸ ਦੀ ਸਟਰਲਾਈਜੇਸ਼ਨ ਕਰਕੇ ਵਾਪਸ ਉਸੇ ਸੁਸਾਇਟੀ ਦੇ ਵਿੱਚ ਕੁੱਤਾ ਛੱਡ ਕੇ ਜਾਣਾ ਹੈ। ਇਸੇ ਕਾਰਨ ਹੀ ਕੁੱਤੇ ਮਾਰਨ ਦਾ ਕੰਮ ਵੀ ਖਤਮ ਕੀਤਾ ਗਿਆ ਸੀ ਕਿ ਜੇ ਤੁਸੀਂ ਇੱਕ ਲੋਕੈਲਟੀ ਦੇ ਕੁੱਤੇ ਮਾਰ ਦਿੰਦੇ ਹੋ ਤਾਂ ਇਸ ਦੇ ਨਾਲ ਸਮੱਸਿਆ ਖਤਮ ਨਹੀਂ ਹੁੰਦੀ ਕਿਉਂਕਿ ਦੂਜੇ ਏਰੀਏ ਦੇ ਕੁੱਤੇ ਉਥੇ ਆ ਕੇ ਕਬਜ਼ਾ ਕਰ ਲੈਂਦੇ ਹਨ। ਇਹ ਕੁੱਤੇ ਦੀ ਪ੍ਰਵਿਰਤੀ ਹੈ, ਉਸ ਦਾ ਸੁਭਾਅ ਹੈ, ਇਹ ਉਨ੍ਹਾਂ ਦੇ ਰਹਿਣ ਦਾ ਤਰੀਕਾ ਹੈ। ਇਸ ਲਈ ਅੱਜ ਬਹੁਤ ਵੱਡੀ ਜ਼ਰੂਰਤ ਹੈ ਕਿ ਇਸ ਸਾਰੀਆਂ ਸਮੱਸਿਆਵਾਂ ਨੂੰ ਬਾਰੀਕੀ ਨਾਲ ਲਿਆ ਜਾਵੇ। ਇਸ ਤੇ ਇੱਕ ਵੱਡੀ ਨੈਸ਼ਨਲ ਸਟਰੈਟਜੀ ਬਣਾਉਣ ਦੀ ਅੱਜ ਬਹੁਤ ਵੱਡੀ ਲੋੜ ਹੈ। ਅੱਜ ਦੇਸ਼ ਪੱਧਰ ਤੇ ਵੀ ਸਾਨੂੰ ਇਸ ਪਾਸੇ ਵੱਲ ਸਟੈੱਪਸ ਚੁੱਕਣ ਦੀ ਲੋੜ ਹੈ ਔਰ ਹਰ ਮਿਉਂਸਿਪਲ ਕਮੇਟੀ ਲੈਵਲ ਤੇ ਇੱਕ ਟੀਮ ਹੋਣੀ ਚਾਹੀਦੀ ਹੈ, ਜਿਹੜੀ ਰੈਗੂਲਰਲੀ ਇਸ ਸਮੱਸਿਆ ਨੂੰ ਸਟੱਡੀ ਕਰੇ ਅਤੇ ਟੀਮ ਬਣਾ ਕੇ ਇਨ੍ਹਾਂ ਅਵਾਰਾ ਕੁੱਤਿਆਂ ਨੂੰ ਫੜ੍ਹਨ ਦੀ ਕੋਸ਼ਿਸ਼ ਕਰੇ। ਇਸ ਦੇ ਨਾਲ ਹੀ ਜਿਹੜੀ ਵਡਾਲਾ ਸਾਹਿਬ ਨੇ ਬਹੁਤ ਅੱਛੀ ਗੱਲ ਕੀਤੀ ਸੀ ਕਿ ਕੁਝ ਕੁ ਇਹੋ ਜਿਹੀਆਂ ਥਾਵਾਂ ਹੁੰਦੀਆਂ ਹਨ ਜਿਹੜੀਆਂ ਇਨ੍ਹਾਂ ਸਾਰੇ ਅਵਾਰਾ ਕੁੱਤਿਆਂ ਨੂੰ ਇਕੱਠੇ ਹੋਣ ਵਾਸਤੇ ਐਨਕਰੇਜ ਕਰਦੀਆਂ ਹਨ; ਜਿਵੇਂ ਕਿ ਸ਼ਹਿਰ ਦੀ ਫਿੱਸ਼ ਮਾਰਕੀਟ ਹੈ ਜਾਂ ਮੀਟ ਮਾਰਕੀਟ ਹੈ, ਜਿੰਨੀ ਦੇਰ ਤੱਕ ਉੱਥੇ ਪਰਾਪਰ ਸਫਾਈ ਦਾ ਪ੍ਰਬੰਧ ਨਹੀਂ ਹੁੰਦਾ, ਉਨੀ ਦੇਰ ਤੱਕ ਇਹ ਸਮੱਸਿਆ ਉਨ੍ਹਾਂ ਥਾਵਾਂ ਦੇ ਉੱਤੇ ਹੱਲ ਹੀ ਨਹੀਂ ਹੋ ਸਕਦੀ। ਇੱਕ ਹੋਰ ਵੱਡੀ ਸਮੱਸਿਆ ਹੈ ਕਿ ਅਸੀਂ ਘਰਾਂ ਦੇ

Original with;
Punjab Vidhan Sabha
Digitized by;
Panjab Digital Library

ਵਿੱਚੋਂ ਜਿਹੜਾ ਵੇਸਟ ਫੂਡ ਸਟੱਫ ਹੈ, ਉਸ ਨੂੰ ਸੜਕਾਂ ਦੇ ਉੱਤੇ ਸੁੱਟ ਦਿੰਦੇ ਹਾਂ। ਇਸੇ ਤਰ੍ਹਾਂ ਜਿਹੜੇ ਹੋਟਲ ਹਨ, ਉਹ ਵੀ ਆਪਣੇ ਵੇਸਟ ਪ੍ਰੋਡਕਟ ਨੂੰ ਕਿਤੇ ਨਾ ਕਿਤੇ ਰੋਡ ਸਾਈਡ ਦੇ ਉੱਤੇ ਡੰਪ ਕਰ ਦਿੰਦੇ ਹਨ। (ਵਿਘਨ) (ਆਪੋਜੀਸ਼ਨ ਬੈਂਚਿਜ਼ ਵਲੋਂ ਅਵਾਜ਼ਾਂ: ਹੁਣ ਬੈਠ ਜਾਓ ਜੀ।)

**Mr. Speaker:** Silence Please, silence.

**ਡਾਕਟਰ ਦਲਜੀਤ ਸਿੰਘ ਚੀਮਾ:** ਇਸੇ ਤਰ੍ਹਾਂ ਜਿਹੜੇ..... (ਵਿਘਨ)....

(ਇਸ ਸਮੇਂ ਆਪੋਜੀਸ਼ਨ ਬੈਂਚਿਜ਼ ਵੱਲੋਂ ਕਈ ਮੈਂਬਰ ਆਪੋ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਮਤੇ ਨੂੰ ਜਲਦੀ ਪਾਸ ਕਰਨ ਸਬੰਧੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਮੋਫਰ ਸਾਹਿਬ, ਤੁਹਾਡਾ ਹੀ ਰੈਜ਼ੋਲਿਊਸ਼ਨ ਹੈ। (ਵਿਘਨ) (ਸ਼ੋਰ) ਕੋਈ ਨਹੀਂ। ਦੇਖ ਲਵਾਂਗੇ।

**ਡਾਕਟਰ ਦਲਜੀਤ ਸਿੰਘ ਚੀਮਾ:** ਮੋਫਰ ਸਾਹਿਬ, ਮੈਂ ਤੁਹਾਡੇ ਵਾਸਤੇ ਹੀ ਇੰਨਾਂ ਜ਼ੋਰ ਲਾਈ ਜਾਂਦਾ ਹਾਂ ਕਿ ਕਿਸੇ ਤਰੀਕੇ ਨਾਲ ਕੋਈ ਇਹ ਨਾ ਕਹਵੇ ਕਿ ਮੋਫਰ ਸਾਹਿਬ ਵਰਗਾ ਸਿਆਣਾ ਬੰਦਾ ਮਤਾ ਲੈ ਕੇ ਆਇਆ ਅਤੇ ਉਸ ਤੇ ਕਿਸੇ ਨੇ ਚੰਗੀ ਤਰ੍ਹਾਂ ਡਿਸਕਸ਼ਨ ਨਹੀਂ ਕੀਤਾ। (ਵਿਘਨ) (ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਇਹ ਮਤਾ ਪਾਸ ਨਹੀਂ ਕਰਨਾ ਚਾਹੁੰਦੇ। ਚੀਮਾ ਸਾਹਿਬ ਬਿਨਾਂ ਮਤਲਬ ਤੋਂ ਬੋਲੀ ਜਾ ਰਹੇ ਹਨ ਅਤੇ ਮਤੇ ਨੂੰ ਪਾਸ ਨਹੀਂ ਕਰ ਰਹੇ। ਇਹ ਟਾਈਮ ਖਰਾਬ ਕਰ ਰਹੇ ਹਨ। ਇਹ ਬੜਾ ਸੀਰੀਅਸ ਮਸਲਾ ਹੈ। (ਵਿਘਨ) (ਸ਼ੋਰ) ਇਹ ਪਾਸ ਨਹੀਂ ਹੋਣ ਦੇਣਾ ਚਾਹ ਰਹੇ। ਅੱਜ ਪੰਜਾਬ ਵਿੱਚ ਕੁੱਤਿਆਂ ਕਾਰਨ ਬੰਦੇ ਮਰ ਰਹੇ ਹਨ। ਇਹ ਆਪਣੇ ਭਾਸ਼ਣ ਨੂੰ ਵਧਾਈ ਜਾ ਰਹੇ ਹਨ ਕਿ ਅਸੀਂ ਆਪਣੇ ਘਰਾਂ ਨੂੰ ਚਲੇ ਜਾਈਏ। ਇਹ ਬਿਲਕੁਲ ਗਲਤ ਕਰ ਰਹੇ ਹਨ। (ਵਿਘਨ) (ਸ਼ੋਰ)

**ਡਾਕਟਰ ਦਲਜੀਤ ਸਿੰਘ ਚੀਮਾ:** ਮੇਰਾ ਤਾਂ ਇਹ ਗੰਭੀਰਤਾ ਨਾਲ ਪੜ੍ਹਿਆ ਹੋਇਆ ਵਿਸ਼ਾ ਹੈ, ਮੈਂ ਇਸ ਕਰਕੇ (ਵਿਘਨ) (ਸ਼ੋਰ)

(ਇਸ ਸਮੇਂ ਆਪੋਜੀਸ਼ਨ ਬੈਂਚਿਜ਼ ਵੱਲੋਂ ਕਈ ਮੈਂਬਰ ਆਪੋ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਤੇ ਨੂੰ ਜਲਦੀ ਪਾਸ ਕਰਨ ਸਬੰਧੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਕੁੱਤਿਆਂ ਦੀ ਖਾਤਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ ਚੰਨੀ]

ਬੰਦੇ ਮਰ ਰਹੇ ਹਨ। ਇਸ ਕਰਕੇ ਇਹ ਗੱਲ ਵਧਾਈ ਜਾ ਰਹੇ ਹਨ ਤਾਂ ਕਿ ਇੱਥੇ 2.30 ਵੱਜ ਜਾਣ ਅਤੇ ਮਤਾ ਪਾਸ ਨਾ ਹੋ ਸਕੇ (ਵਿਘਨ) (ਸ਼ੋਰ) ਅਤੇ ਅਗਲਾ ਮਤਾ ਨਾ ਆ ਸਕੇ

**ਮਾਨਯੋਗ ਸਪੀਕਰ:** ਪਲੀਜ਼ ਬੈਠ ਜਾਉ (ਵਿਘਨ) (ਸ਼ੋਰ)

**ਡਾਕਟਰ ਦਲਜੀਤ ਸਿੰਘ ਚੀਮਾ:** ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਕੁੱਤਿਆਂ ਦੇ ਖਿਲਾਫ ਗੱਲ ਕਰ ਰਿਹਾ ਹਾਂ। (ਵਿਘਨ) (ਸ਼ੋਰ)

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ):** ਸਪੀਕਰ ਸਾਹਿਬ, ਇਨ੍ਹਾਂ ਦੇ ਬੇਬੁਨਿਆਦ ਦੇ ਇਲਜ਼ਾਮ ਹਨ। (ਵਿਘਨ) ਬਹੁਤ ਗਲਤ ਇਲਜ਼ਾਮ ਲਗਾ ਰਹੇ ਹਨ। (ਵਿਘਨ)

**ਡਾਕਟਰ ਦਲਜੀਤ ਸਿੰਘ ਚੀਮਾ:** ਮੇਰਾ ਜਿਹੜਾ ਵਿਸ਼ਾ ਹੈ, ਮੈਂ ਤਾਂ ਇੱਕ ਵੀ ਗੱਲ ਇਨ੍ਹਾਂ ਦੇ ਖਿਲਾਫ ਨਹੀਂ ਕਹੀ, ਮੈਂ ਤਾਂ ਕੁੱਤਿਆਂ ਦੀ ਗੱਲ ਕਰ ਰਿਹਾ ਹਾਂ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਡਾਕਟਰ ਸਾਹਿਬ ਦੀ ਸਪੀਚ ਤੋਂ ਬਗੈਰ ਕੋਈ ਹੋਰ ਗੱਲ ਰਿਕਾਰਡ ਨਾ ਕੀਤੀ ਜਾਵੇ। (ਵਿਘਨ) (ਸ਼ੋਰ) Please sit down.

**ਡਾਕਟਰ ਦਲਜੀਤ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ, ਮੈਂ ਲਾਸਟ ਗੱਲ ਕਰਦਾ ਹਾਂ। ਮੈਂ ਪੁਲੀਟੀਕਲ ਗੱਲ ਕਰਨੀ ਨਹੀਂ ਚਾਹੁੰਦਾ ਸੀ। ਮੈਂ ਲਾਸਟ ਗੱਲ ਕਰਦਾ ਹਾਂ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਹੁਣ ਸਦਨ ਸ਼ੁੱਕਰਵਾਰ, ਮਿਤੀ 29 ਜੂਨ, 2012 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*2.30 ਵਜੇ
ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 29 ਜੂਨ, 2012 ਦੇ 10:00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

Original with;
Punjab Vidhan Sabha
Digitized by;
Panjab Digital Library

# APPENDIX
# TO
# PUNJAB VIDHAN SABHA
# DEBATES

Thursday, the 28th June, 2012

Vol. II - No. 7

## STARRED QUESTIONS AND ANSWERS

## ਸਪੈਸ਼ਲ ਕੰਪੋਨੈਂਟ ਪਲਾਨ ਅਧੀਨ ਪ੍ਰਾਪਤ ਰਾਸ਼ੀ

*320. **ਸ਼੍ਰੀ ਐਸ.ਆਰ.ਕਲੇਰ:** ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਾਲ 2011-12 ਦੌਰਾਨ ਸਪੈਸ਼ਲ ਕੰਪੋਨੈਂਟ ਸਬ ਪਲਾਨ ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਅਧੀਨ ਰਾਜ ਨੂੰ ਕਿਸ ਮੰਤਵ ਲਈ ਕਿੰਨੀ ਰਾਸ਼ੀ ਪ੍ਰਾਪਤ ਹੋਈ ਅਤੇ ਕੀ ਇਹ ਰਾਸ਼ੀ ਉਸੇ ਮੰਤਵ ਲਈ ਵਰਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਲਾਭਪਾਤਰੀਆਂ ਦੀ ਗਿਣਤੀ ਕਿੰਨੀ ਸੀ ?

**ਸਰਦਾਰ ਗੁਲਜਾਰ ਸਿੰਘ ਰਣੀਕੇ:** ਜਵਾਬ ਅਨੁਲੱਗ - 'ੳ' ਉਪਰ ਹੈ ਜੀ।

### ਅਨੁਲੱਗ - 'ੳ'

**(ੳ) ਸਪੈਸ਼ਲ ਕੰਪੋਨੈਂਟ ਸਬ ਪਲਾਨ**

* ਸਪੈਸ਼ਲ ਕੰਪੋਨੈਂਟ ਸਬ ਪਲਾਨ (ਹੁਣ ਅਨੁਸੂਚਿਤ ਜਾਤੀਆਂ ਸਬ ਪਲਾਨ) ਲਈ ਭਾਰਤ ਸਰਕਾਰ ਤੋਂ ਕੋਈ ਵੱਖਰੇ ਫੰਡ ਪ੍ਰਾਪਤ ਨਹੀਂ ਹੁੰਦੇ ਕਿਉਂਕਿ ਅਨੁਸੂਚਿਤ ਜਾਤੀਆਂ ਸਬ ਪਲਾਨ ਰਾਜ ਦੀ ਸਾਲਾਨਾ ਯੋਜਨਾ ਦਾ ਹੀ ਹਿੱਸਾ ਹੁੰਦਾ ਹੈ। ਅਨੁਸੂਚਿਤ ਜਾਤੀਆਂ ਸਬ ਪਲਾਨ ਦਾ ਆਕਾਰ ਰਾਜ ਦੀ ਸਾਲਾਨਾ ਯੋਜਨਾ ਵਿੱਚ ਸ਼ਾਮਲ ਪਲਾਨ ਸਕੀਮਾਂ ਵਿਚੋਂ ਐਸ.ਸੀ.ਐਸ.ਪੀ. ਦਾ ਬਣਦਾ ਹਿੱਸਾ ਕੱਢਣ ਉਪਰੰਤ ਨਿਰਧਾਰਤ ਕੀਤਾ ਜਾਂਦਾ ਹੈ ਜੋ ਰਾਜ ਦੀ

Original with;
Punjab Vidhan Sabha
Digitized by;
Panjab Digital Library

[ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਅਨੁਸੂਚਿਤ ਜਾਤੀਆਂ ਦੀ ਵਸੋਂ ਦੀ ਪ੍ਰਤੀਸ਼ਤਤਾ (28.85%) ਦੇ ਬਰਾਬਰ ਹੁੰਦਾ ਹੈ। ਅਨੁਸੂਚਿਤ ਜਾਤੀਆਂ ਸਬ ਪਲਾਨ ਅਧੀਨ ਸ਼ਾਮਲ ਸਕੀਮਾਂ/ਹਿੱਸਾ ਵੱਖ ਵੱਖ ਲਾਗੂਕਰਤਾ ਵਿਭਾਗਾਂ/ਏਜੰਸੀਆਂ ਵੱਲੋਂ ਲਾਗੂ ਕੀਤੀਆਂ ਜਾਂਦੀਆਂ ਹਨ।

* ਸਾਲ 2011-12 ਦੌਰਾਨ ਐਸ.ਸੀ.ਐਸ.ਪੀ. ਅਧੀਨ 3323.52 ਕਰੋੜ ਰੁਪਏ ਦੀ ਨਿਰਧਾਰਤ ਰਾਸ਼ੀ ਦੇ ਵਿਰੁੱਧ ਅਨੁਸੂਚਿਤ ਜਾਤੀਆਂ ਦੇ ਸਮਾਜਿਕ, ਆਰਥਿਕ ਅਤੇ ਸਿਖਿਅਕ ਵਿਕਾਸ ਲਈ 1902.59 ਕਰੋੜ ਰੁਪਏ (57.24%) ਖਰਚ ਕਰਕੇ 55274 ਪਰਿਵਾਰ ਕਵਰ ਕੀਤੇ ਗਏ।

* ਸਾਲ 2011-12 ਦੌਰਾਨ ਅਨੁਸੂਚਿਤ ਜਾਤੀਆਂ ਸਬ ਪਲਾਨ ਅਧੀਨ ਨਿਰਧਾਰਤ ਕੀਤੀ ਰਾਸ਼ੀ ਸਬੰਧਤ ਲਾਗੂਕਰਤਾ ਵਿਭਾਗਾਂ ਵੱਲੋਂ ਉਸੇ ਮੰਤਵ ਉਪਰ ਹੀ ਖਰਚ ਕੀਤੀ ਗਈ ਹੈ ਜਿਸ ਮੰਤਵ ਲਈ ਇਹ ਰਾਖਵੀਂ ਰੱਖੀ ਗਈ ਸੀ।

**ਅ. ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ**

* ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਅਧੀਨ ਸਾਲ 2011-12 ਦੌਰਾਨ ਰਾਜ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਦੇ ਆਰਥਿਕ ਵਿਕਾਸ ਲਈ ਭਾਰਤ ਸਰਕਾਰ ਤੋਂ ਕੋਈ ਰਾਸ਼ੀ ਪ੍ਰਾਪਤ ਨਹੀਂ ਹੋਈ।

* ਫਿਰ ਵੀ ਸਾਲ 2011-12 ਦੌਰਾਨ, ਰਾਜ ਕੋਲ ਵਿਸ਼ੇਸ਼ ਕੇਂਦਰੀ ਸਹਾਇਤਾ ਦੀ 18.13 ਕਰੋੜ ਰੁਪਏ ਦੀ ਉਪਲਬੱਧ ਰਾਸ਼ੀ (ਜੋ ਭਾਰਤ ਸਰਕਾਰ ਵਲੋਂ ਪਿਛਲੇ ਸਾਲਾਂ ਦੌਰਾਨ ਜਾਰੀ ਕੀਤੀ ਗਈ ਸੀ) ਵਿਚੋਂ 473.36 ਲੱਖ ਰੁਪਏ ਦੀ ਰਾਸ਼ੀ ਸਬੰਧਤ ਲਾਗੂਕਰਤਾ ਵਿਭਾਗਾਂ/ਏਜੰਸੀਆਂ ਵੱਲੋਂ ਖ਼ਰਚ ਕਰਕੇ 7075 ਪਰਿਵਾਰ ਕਵਰ ਕੀਤੇ ਗਏ।

* ਸਾਲ 2011-12 ਦੌਰਾਨ ਸਬੰਧਤ ਲਾਗੂਕਰਤਾ ਵਿਭਾਗਾਂ/ਏਜੰਸੀਆਂ ਵੱਲੋਂ ਇਹ ਰਾਸ਼ੀ ਉਸੇ ਮੰਤਵ ਉਪਰ ਹੀ ਖ਼ਰਚ ਕੀਤੀ ਗਈ ਹੈ ਜਿਸ ਮੰਤਵ ਲਈ ਇਹ ਪ੍ਰਾਪਤ ਹੋਈ ਸੀ।

*Original with;*
Punjab Vidhan Sabha
*Digitized by;*
Panjab Digital Library

## ਪੀਣਯੋਗ ਪਾਣੀ ਦੀ ਸਪਲਾਈ

***343. ਸ੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਰਾਜਪੁਰਾ ਦੇ ਪਿੰਡਾਂ ਜਖੇਪਲ, ਬੀਚੀਪੁਰ, ਮਰਦਾਂਪੁਰ, ਸ਼ੰਭੂ ਕਲਾਂ ਤੇ ਹੋਰ ਪਿੰਡਾਂ ਵਿੱਚ ਜਿਥੇ ਪੀਣ ਵਾਲੇ ਪਾਣੀ ਅਤੇ ਸਿੰਚਾਈ ਲਈ ਪਾਣੀ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਹੈ, ਇਥੇ ਪੀਣ ਤੇ ਸਿੰਚਾਈ ਲਈ ਪਾਣੀ ਮੁਹੱਈਆ ਕਰਾਉਣ ਲਈ ਸਰਕਾਰ ਵੱਲੋਂ ਕੀ ਪ੍ਰਬੰਧ ਕੀਤੇ ਜਾ ਰਹੇ ਹਨ ?

**ਸਰਦਾਰ ਪਰਕਾਸ਼ ਸਿੰਘ ਬਾਦਲ :** ਮੈਡਮ ਜੀ, ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ 343 ਦਾ ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

## ਪੀਣਯੋਗ ਪਾਣੀ ਦੀ ਸਪਲਾਈ

1. **ਪਿੰਡ ਜਖੇਪਲ ਅਤੇ ਬੀਬੀਪੁਰ:** ਪਿੰਡ ਜਖੇਪਲ ਅਤੇ ਬੀਬੀਪੁਰ ਦੋਵੇਂ ਪਿੰਡਾਂ ਦੀ ਇਕੱਠੀ ਜਲ ਸਪਲਾਈ ਸਕੀਮ ਹੋਂਦ ਵਿੱਚ ਹੈ। ਜਿਸ ਵਿੱਚ ਸਾਲ 2009 ਦੌਰਾਨ 70 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਪਾਣੀ ਮਹੁੱਈਆ ਕਰਵਾਉਣ ਲਈ ਵਾਧਾ ਕੀਤਾ ਗਿਆ ਹੈ। ਇਸਦੀ ਦੇਖਭਾਲ ਅਪ੍ਰੈਲ, 2012 ਤੱਕ ਮਹਿਕਮੇ ਵੱਲੋਂ ਹੀ ਕੀਤੀ ਜਾ ਰਹੀ ਸੀ। ਉਸ ਤੋਂ ਬਾਅਦ ਮਈ, 2012 ਦੌਰਾਨ ਇਹ ਸਕੀਮ ਗ੍ਰਾਮ ਪੰਚਾਇਤ, ਜਖੇਪਲ ਨੂੰ ਸੰਭਾਲ ਦਿੱਤੀ ਗਈ ਹੈ। ਗ੍ਰਾਮ ਪੰਚਾਇਤ ਜਲ ਸਪਲਾਈ ਕਮੇਟੀ ਮੈਂਬਰਾਂ ਨੂੰ ਜਲ ਸਪਲਾਈ ਠੀਕ ਢੰਗ ਨਾਲ ਚਲਾਉਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।

2. **ਮਰਦਾਂਪੁਰ :** ਇਸ ਪਿੰਡ ਦੀ ਜਲ ਸਪਲਾਈ ਸਕੀਮ ਵਿੱਚ ਦਸੰਬਰ, 2003 ਦੌਰਾਨ 70 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਪਾਣੀ ਮੁਹੱਈਆ ਕਰਵਾਉਣ ਲਈ ਵਾਧਾ ਕੀਤਾ ਗਿਆ ਹੈ। ਇਸ ਪਿੰਡ ਦੀ ਸਪਲਾਈ ਤਸਲੀ ਬਖਸ਼ ਚੱਲ ਰਹੀ ਹੈ।

3. **ਸ਼ੰਭੂ ਕਲਾਂ :** ਇਸ ਪਿੰਡ ਦੀ ਜਲ ਸਪਲਾਈ ਵਿੱਚ ਨਵੰਬਰ, 2009 ਦੌਰਾਨ 70 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਪਾਣੀ ਮੁਹੱਈਆ ਕਰਵਾਉਣ ਲਈ ਵਾਧਾ ਕੀਤਾ ਗਿਆ ਹੈ। ਇਸ ਪਿੰਡ ਦੀ ਸਪਲਾਈ ਤਸੱਲੀ-ਬਖਸ਼ ਚੱਲ ਰਹੀ ਹੈ।

Original with;
Punjab Vidhan Sabha
Digitized by;
Panjab Digital Library

## ਸਿੰਚਾਈ ਲਈ ਪਾਣੀ ਦਾ ਪ੍ਰਬੰਧ

ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਦੇ ਪਿੰਡਾਂ ਜਖੇਪਲ, ਬੀਚੀਪੁਰ, ਮਰਦਾਂਪੁਰ, ਸੰਭੂ ਕਲਾਂ ਆਦਿ ਪਿੰਡਾਂ ਨੂੰ ਇਕ ਫਸਲੀ ਸਿੰਚਾਈ ਸਹੂਲਤਾਂ ਦੇਣ ਵਾਸਤੇ ਬਨੂੜ ਕੈਨਾਲ ਸਿਸਟਮ ਬਣਿਆ ਹੋਇਆ ਹੈ। ਬਨੂੜ ਕੈਨਾਲ ਨੂੰ ਸਾਰਾ ਸਾਲ ਲਗਾਤਾਰ ਚਲਾਉਣ ਲਈ ਘੱਗਰ ਦਰਿਆ ਵਿੱਚ ਛੱਤਬੀੜ ਚਿੜੀਆ ਘਰ ਦੇ ਨੇੜੇ ਇਕ ਪੱਕਾ ਬੰਧ ਬਨਾਉਣ ਅਤੇ ਬਨੂੜ ਕੈਨਾਲ ਸਿਸਟਮ ਦਾ ਨਵੀਨੀਕਰਨ ਕਰਨ ਹਿੱਤ ਇਕ ਪ੍ਰੋਜੈਕਟ ਅਨੁਮਾਨ 73.29 ਕਰੋੜ ਰੁਪਏ ਦੀ ਲਾਗਤ ਦਾ ਮੰਜੂਰ ਹੋ ਚੁੱਕਾ ਹੈ। ਇਸ ਪ੍ਰੋਜੈਕਟ ਦਾ ਕੰਮ ਮੁੜ ਤੋਂ ਸਾਲ 2012 ਵਿੱਚ ਸ਼ੁਰੂ ਕਰਨ ਦੀ ਤਜਵੀਜ਼ ਹੈ ਅਤੇ ਇਸ ਪ੍ਰੋਜੈਕਟ ਦਾ ਕੰਮ ਮੁਕੰਮਲ ਹੋਣ ਤੇ ਇਨ੍ਹਾਂ ਪਿੰਡਾਂ ਨੂੰ ਸਾਰਾ ਸਾਲ ਲਗਾਤਾਰ ਸਿੰਚਾਈ ਸਹੂਲਤਾਂ ਅਤੇ ਜਿਥੇ ਮੰਗ ਹੋਵੇਗੀ ਪੀਣ ਵਾਲੇ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ।

---

## ਕੰਪਿਊਟਰ ਅਧਿਆਪਕਾਂ ਦੀ ਗਿਣਤੀ

***70 ਸ਼੍ਰੀ ਤਰਲੋਚਨ ਸਿੰਘ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਸਰਕਾਰੀ ਸਕੂਲਾਂ ਵਿੱਚ ਕੁੱਲ ਕਿੰਨੇ ਕੰਪਿਊਟਰ ਅਧਿਆਪਕ ਕੰਮ ਕਰ ਰਹੇ ਹਨ ਕੀ ਉਹ ਠੇਕੇ ਉੱਤੇ ਜਾਂ ਨਿਯਮਿਤ ਅਧਾਰ ਤੇ ਕੰਮ ਕਰ ਰਹੇ ਹਨ:

(ਅ) ਜੇਕਰ ਠੇਕੇ ਉੱਤੇ ਕੰਮ ਕਰ ਰਹੇ ਹਨ ਤਾਂ ਇਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦੀ, ਜਾਂ ਇਨ੍ਹਾਂ ਦੀ ਤਨਖਾਹਾਂ ਨੂੰ ਵਧਾਉਣ ਦੀ ਕੋਈ ਤਜਵੀਜ਼ ਹੈ ?

**ਸਰਦਾਰ ਸਿਕੰਦਰ ਸਿੰਘ ਮਲੂਕਾ:** (ੳ) ਸਰਕਾਰੀ ਸਕੂਲਾਂ ਵਿੱਚ ਕੁਲ

| | | |
|---|---|---|
| | ਕੰਪਿਊਟਰ ਅਧਿਆਪਕ : | 6950 |
| * | ਕੁੱਲ ਰੈਗੂਲਰ ਕੰਪਿਊਟਰ ਅਧਿਆਪਕ | 5843 |
| * | ਕੁੱਲ ਠੇਕੇ ਦੇ ਅਧਾਰ ਤੇ ਕੰਪਿਊਟਰ ਅਧਿਆਪਕ | 1107 |

Original with;
Punjab Vidhan Sabha
Digitized by;
Panjab Digital Library

(ਅ) ਇਨ੍ਹਾਂ ਵਿੱਚੋਂ ਠੇਕੇ ਦੇ ਅਧਾਰ ਤੇ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਨੂੰ ਨੋਟੀਫ਼ਿਕੇਸ਼ਨ ਨੰ: 1/49/2009-2ਸਿ7/9141-9184, ਮਿਤੀ 02/12/10 ਵਿੱਚ ਦਰਜ ਸ਼ਰਤਾਂ ਅਨੁਸਾਰ ਪਿਕਟਸ ਸੁਸਾਇਟੀ ਅਧੀਨ ਹੀ ਰੈਗੂਲਰ ਕੀਤਾ ਜਾ ਰਿਹਾ ਹੈ। ਹੁਣ ਤੱਕ 5843 ਕੰਪਿਊਟਰ ਅਧਿਆਪਕ ਪਿਕਟਸ ਸੁਸਾਇਟੀ ਅਧੀਨ ਰੈਗੂਲਰ ਹੋ ਚੁੱਕੇ ਹਨ ਅਤੇ ਉਕਤ ਜਾਰੀ ਨੋਟੀਫ਼ਿਕੇਸ਼ਨ ਦੀਆਂ ਸ਼ਰਤਾਂ ਅਨੁਸਾਰ ਬਾਕੀ ਰਹਿੰਦੇ ਕੰਪਿਊਟਰ ਅਧਿਆਪਕ ਜਦੋਂ ਉਨ੍ਹਾਂ ਦਾ 2.5 ਸਾਲ ਦਾ ਸਮਾਂ ਪੂਰਾ ਹੋ ਜਾਵੇਗਾ, ਪਿਕਟਸ ਸੁਸਾਇਟੀ ਅਧੀਨ ਰੈਗੂਲਰ ਹੋ ਜਾਣਗੇ। ਠੇਕੇ ਤੇ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਦੀਆਂ ਤਨਖਾਹਾਂ ਵਧਾਉਣ ਦੀ ਅਜੇ ਕੋਈ ਤਜਵੀਜ਼ ਨਹੀਂ ਹੈ।

---

## ਸਤਲੁਜ ਦਰਿਆ ਉੱਤੇ ਪੁਲ ਦੀ ਉਸਾਰੀ

*30. **ਸਰਦਾਰ ਚਰਨਜੀਤ ਸਿੰਘ ਚੰਨੀ:** ਕੀ ਲੋਕ ਨਿਰਮਾਣ ( ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਗੇ ਕਿ ਕੀ ਸਤਲੁਜ ਦਰਿਆ ਉੱਤੇ ਪੁਲ ਉਸਾਰ ਕੇ ਰੋਪੜ-ਬਲਾਚੌਰ ਸੜਕ ਨੂੰ ਰਾਜਪੁਰਾ ਨਾਲ ਬਰਾਸਤਾ ਬੇਲਾ, ਚਮਕੌਰ ਸਾਹਿਬ ਅਤੇ ਮੋਰਿੰਡਾ, ਜੋੜਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਦਿੱਤੇ ਜਾਣ ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸ਼੍ਰੀਮਾਨ ਜੀ, ਨਹੀਂ ਜੀ। ਸਤਲੁਜ ਦਰਿਆ ਉੱਤੇ ਪੁਲ ਉਸਾਰ ਕੇ ਰੋਪੜ-ਬਲਾਚੌਰ ਸੜਕ ਨੂੰ ਰਾਜਪੁਰਾ ਨਾਲ ਬਰਾਸਤਾ ਬੇਲਾ, ਚਮਕੌਰ ਸਾਹਿਬ ਅਤੇ ਮੋਰਿੰਡਾ ਨਾਲ ਜੋੜਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

B-25766

Original with:
Punj
Digiti
Panj

© 2012

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਟਾਈਪਸੈਟ ਕਰਵਾ ਕੇ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ ਵੱਲੋਂ ਛਾਪੀ ਗਈ।

7824/11-2012/305/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ

*Original with;*
Punjab Vidhan Sabha
*Digitized by;*
Panjab Digital Library